ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਜੁਲਾਈ - ਅਗਸਤ 2019




ਗਊ ਮੂਤਰ - ਭਰਮ ਤੇ ਭੁਲੇਖੇ (9)



ਸ਼ੂਗਰ ਅਤੇ ਬਲੱਡ ਪ੍ਰੈਸ਼ਰ (16)



ਬ੍ਰਹਿਮੰਡ ਸਬੰਧੀ ਸਾਡੀ ਤਸਵੀਰ (28)



ਅਲਵਿਦਾ ਗਰੀਸ਼ ਕਰਨਾਡ !

₹20

ਵਿਗਿਆਨ ਤੇ ਤਰਕ ਹੀ ਸੱਚ ਨੂੰ ਜਾਨਣ ਦਾ ਤਰੀਕਾ ਹੈ। ...ਹਿਮਾਂਸ਼ੂ ਕੁਮਾਰ

ਗਿਰੀਸ਼ ਕਰਨਾਡ ਨੂੰ ਯਾਦ ਕਰਦਿਆਂ



1938 ਵਿੱਚ ਮਹਾਰਾਸ਼ਟਰ ਵਿੱਚ ਜਨਮੇ ਗਿਰੀਸ਼ ਕਰਨਾਡ ਪ੍ਰਸਿੱਧ ਨਾਟਕਕਾਰ ਹੋਣ ਦੇ ਨਾਲ-ਨਾਲ ਰੰਗਮੰਚ ਅਤੇ ਫਿਲਮਾਂ ਦੇ ਮਸ਼ਹੂਰ ਅਦਾਕਾਰ ਅਤੇ ਨਿਰਦੇਸ਼ਕ ਵੀ ਸਨ। ਬਹੁਪੱਖੀ ਸਖਸ਼ੀਅਤ ਅਤੇ ਵੱਖ-ਵੱਖ ਕਲਾ-ਵਿਧਾਵਾਂ ਦੇ ਮਾਹਿਰ ਹੋਣ ਦੇ ਨਾਲ-ਨਾਲ ਉਹਨਾਂ ਨੇ ਜਮਹੂਰੀ ਹੱਕਾਂ ਦੀ ਰਾਖੀ ਲਈ ਵੀ ਮਹੱਤਵਪੂਰਨ ਯੋਗਦਾਨ ਪਾਇਆ। ਉਹ ਭਾਈਚਾਰਕ ਏਕਤਾ ਅਤੇ ਸਮਾਜ ਪ੍ਰਤੀ ਆਪਣੀ ਸੰਵੇਦਨਸ਼ੀਲਤਾ ਲਈ ਹਮੇਸ਼ਾ ਯਾਦ ਰਹਿਣਗੇ। ਪ੍ਰਸਿੱਧ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਕੇਸ ਦੀ ਜਾਂਚ ਸਮੇਂ ਇਹ ਤੱਥ ਵੀ ਸਾਹਮਣੇ ਆਇਆ ਕਿ ਹਿੰਦੂਤਵੀ ਦਹਿਸ਼ਤੀ ਗਿਰੋਹ ਦੀ ਹਿੱਟ ਲਿਸਟ ਵਿੱਚ ਸਭ ਤੋਂ ਉੱਪਰ ਗਿਰੀਸ਼ ਕਰਨਾਡ ਦਾ ਨਾਮ ਸੀ। ਉਹ ਮਜ਼ਹਬੀ ਕੱਟੜਵਾਦ ਅਤੇ ਹਿੰਦੂਤਵੀ ਫਾਸ਼ੀਵਾਦ ਦੇ ਸਖ਼ਤ ਆਲੋਚਕ ਸਨ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਦੇ ਵਿਰੋਧ ਵਿੱਚ ਉਹਨਾਂ ਨੇ ਫਿਲਮ ਅਤੇ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ (F.T.I.) ਦੇ ਡਾਇਰੈਕਟਰ ਦੇ ਪਦ ਤੋਂ ਅਸਤੀਫਾ ਦੇ ਦਿੱਤਾ ਸੀ। ਸੈਂਟਰਲ ਸੰਗੀਤ ਨਾਟਕ ਅਕਾਦਮੀ ਦੇ ਚੇਅਰਮੈਨ ਵਜੋਂ ਉਹਨਾਂ ਨੇ ਵਾਜਪਾਈ ਸਰਕਾਰ ਵੇਲੇ ਅਯੁੱਧਿਆ ਵਿੱਚ ਫਿਰਕੂ ਸਦਭਾਵਨਾ ਕਾਨਫਰੰਸ ਕਰਵਾਈ ਸੀ। 2003 ਵਿੱਚ ਚਿਕਮੰਗਲੂਰ ਵਿਖੇ ਉਹਨਾਂ ਨੇ ਲੇਖਕਾਂ ਦੇ ਇੱਕ ਸਮੂਹ ਦੀ ਅਗਵਾਈ ਕੀਤੀ ਜਿਸ ਨੇ ਦੱਤਾਤ੍ਰੇਅ ਦੀ ਮੂਰਤੀ ਪਹਾੜੀਆਂ 'ਤੇ ਸਥਾਪਿਤ ਕਰਨ ਦੇ ਸੰਘ ਪਰਿਵਾਰ ਦੇ ਯਤਨ ਦਾ ਵਿਰੋਧ ਕੀਤਾ ਸੀ। ਗੌਰੀ ਲੰਕੇਸ਼ ਦੀ ਪਹਿਲੀ ਬਰਸੀ ਮੌਕੇ ਉਹਨਾਂ ਨੇ ਮੌਨ ਪ੍ਰਦਰਸ਼ਨ ਕੀਤਾ ਅਤੇ ਗਲ ਵਿੱਚ 'ਅਰਬਨ ਨਕਸਲ' ਲਿਖੀ ਹੋਈ ਤਖ਼ਤੀ ਪਾਈ। ਕਰਨਾਡ ਨੂੰ 1998 ਵਿੱਚ ਗਿਆਨ ਪੀਠ ਪੁਰਸਕਾਰ ਅਤੇ 1992 ਵਿੱਚ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ ਗਿਆ। ਉਹਨਾਂ ਦੇ ਨਾਟਕ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਰੰਗਮੰਚ ਦੀ ਸ਼ਾਨ ਬਣੇ ਹਨ। ਉਹਨਾਂ ਨੇ ਆਪਣੇ ਨਾਟਕਾਂ ਵਿੱਚ ਇਤਿਹਾਸ, ਮਿਥਿਹਾਸ ਅਤੇ ਸਮਕਾਲ ਨਾਲ ਭਰਪੂਰ ਸੰਵਾਦ ਰਚਾਇਆ ਹੈ। ਮਸ਼ਹੂਰ ਕੰਨੜ ਨਾਟਕਕਾਰ ਸ਼ਿਵ ਪ੍ਰਕਾਸ਼ ਅਨੁਸਾਰ – ਗਿਰੀਸ਼ ਕਰਨਾਡ ਆਪਣੇ ਸਮਕਾਲੀਆਂ ਅਨੰਤ ਮੂਰਤੀ ਅਤੇ ਲੰਕੇਸ਼ ਦੇ ਨਾਲ ਕੰਨੜ ਸਾਹਿਤ ਵਿੱਚ ਆਧੁਨਿਕਤਾ ਦੇ ਦੂਸਰੇ ਪੜਾਅ ਦਾ ਪ੍ਰਤੀਨਿਧ ਨਾਟਕਕਾਰ ਹੈ। ਉਹ ਕੌਮਾਂਤਰੀ ਪੱਧਰ 'ਤੇ ਲੋਕ ਸਰੋਕਾਰਾਂ ਲਈ ਜਾਣਿਆ ਜਾਂਦਾ ਨਾਟਕਕਾਰ ਸੀ। 'ਤੁਗਲਕ', 'ਹਯਵਦਨ', 'ਯਯਾਤੀ', 'ਨਾਗ ਮੰਡਲ', 'ਅਗਨੀ ਔਰ ਵਰਖਾ' ਆਦਿ ਪ੍ਰਸਿੱਧ ਨਾਟਕਾਂ ਦੇ ਇਸ ਲੇਖਕ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

-ਅਦਾਰਾ

ਜ਼ਿੰਦਗੀ ਦਾ ਮਨੋਰਥ

ਜ਼ਿੰਦਗੀ ਇੱਕ ਸੰਘਰਸ਼ ਹੈ। ਹਰੇਕ ਮਨੁੱਖ ਇਸ ਸੰਘਰਸ਼ ਵਿੱਚ ਜੇਤੂ ਰਹਿ ਕੇ ਵੀ ਆਪਣੇ ਲਈ ਜਿਊਣ ਨੂੰ ਪਹਿਲ ਦਿੰਦਾ ਹੈ ਪਰ ਇਹ ਜ਼ਿੰਦਗੀ ਦਾ ਮਨੋਰਥ ਨਹੀਂ। ਉਚੇਰੇ ਆਦਰਸ਼ਾਂ ਲਈ ਜਿਊਣਾ, ਹੋਰਨਾਂ ਦੇ ਕੰਮ ਆਉਣਾ, ਡਿੱਗਿਆਂ ਨੂੰ ਉਠਾਉਣਾ ਤੇ ਮਨੁੱਖੀ ਆਜ਼ਾਦੀ, ਬਰਾਬਰੀ ਤੇ ਖੁਸ਼ਹਾਲੀ ਲਈ ਸਿਦਕਦਿਲੀ ਨਾਲ ਕੰਮ ਕਰਨਾ ਹੀ ਜੀਵਨ ਦਾ ਸੱਚਾ ਸੁੱਚਾ ਮਨੋਰਥ ਹੈ।

ਜਿਸ ਵਿਅਕਤੀ ਨੇ ਕਦੇ ਗਲਤੀ ਨਹੀਂ ਕੀਤੀ, ਉਸਨੇ ਕਦੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ।

ਆਈਨਸਟਾਈਨ

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
94173 62085
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738

ਮੁੱਖ ਸੰਪਾਦਕ
balbirlongowal1966@gmail.com
magazinetarksheel@rediffmail.com

ਮੁੱਖ ਪ੍ਰਬੰਧਕ
ਸੁਖਵਿੰਦਰ ਬਾਗਪੁਰ, 94174 27538

ਸਰਵਰਕ : ਹਰਪ੍ਰੀਤ 'ਰੂਬੀ'

ਵਿਦੇਸ਼ੀ ਪ੍ਰਤੀਨਿਧ
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ. ਕੇ.)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਸਲਾਨਾ: 100 ਰੁਪਏ
ਵਿਦੇਸ਼: 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਰਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਕੰਪੋਜ਼ਿਗ : ਨਿਗਮ ਖਾਨ, ਲੌਂਗੋਵਾਲ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਹਿੰਦੂਤਵੀ ਫਾਸ਼ੀਵਾਦ ਵਿਰੁੱਧ ਭਾਰਤ ਪੱਧਰੀ ਬੁਲੰਦ ਆਵਾਜ਼ਾਂ ਵਿੱਚੋਂ ਇੱਕ ਆਵਾਜ਼ ਦਾ ਨਾਮ ਹੈ - ਪ੍ਰੋ. ਰਾਮ ਪੁਨਿਆਨੀ। ਉਹ ਭਾਰਤ ਦੇ ਇੱਕ ਉੱਘੇ ਇਤਿਹਾਸਕਾਰ, ਮੰਨੇ-ਪ੍ਰਮੰਨੇ ਚਿੰਤਕ ਅਤੇ ਪ੍ਰਸਿੱਧ ਲੇਖਕ ਹਨ। ਉਹਨਾਂ ਨੇ ਆਪਣੀਆਂ ਲਿਖਤਾਂ, ਭਾਸ਼ਣਾਂ ਰਾਹੀਂ ਹਮੇਸ਼ਾ ਉਹਨਾਂ ਫਾਸ਼ੀਵਾਦੀ ਹਾਲਤਾਂ ਦਾ ਜਬਰਦਸਤ ਵਿਰੋਧ ਕੀਤਾ ਹੈ ਜੋ ਭਾਰਤ ਵਿੱਚ ਇਹਨਾਂ ਤਾਕਤਾਂ ਵੱਲੋਂ ਲਗਭਗ ਅੱਧੇ ਦਹਾਕੇ ਤੋਂ ਉਭਰਵੇਂ ਰੂਪ ਵਿੱਚ ਸੱਤਾ ਦੀ ਸ਼ਹਿ 'ਤੇ ਉਸਾਰੀਆਂ ਜਾ ਰਹੀਆਂ ਹਨ। ਪਿਛਲੇ ਹਫਤੇ ਦੋ ਫੋਨ ਕਾਲਾਂ ਰਾਹੀਂ ਪ੍ਰੋ. ਰਾਮ ਪੁਨਿਆਨੀ ਨੂੰ ਜਾਨੋਂ ਮਾਰਣ ਦੀਆਂ ਸਪੱਸ਼ਟ ਧਮਕੀਆਂ ਪ੍ਰਾਪਤ ਹੋਈਆਂ ਹਨ। ਫੋਨ 'ਤੇ ਕਾਲ ਕਰਨ ਵਾਲੇ ਨੇ ਪਹਿਲਾਂ ਉਹਨਾਂ ਨੂੰ ਗੰਦੀ ਭਾਸ਼ਾ ਵਿੱਚ ਗਾਲਾਂ ਕੱਢੀਆਂ ਅਤੇ ਫਿਰ ਕਿਹਾ ਕਿ 'ਆਪਣੀਆਂ ਗਤੀਵਿਧੀਆਂ ਬੰਦ ਕਰ ਦੇ, ਨਹੀਂ ਤਾਂ......' ਉਸ ਨੇ ਉਹਨਾਂ ਨੂੰ 15 ਦਿਨ ਦਾ ਸਮਾਂ ਵੀ ਦਿੱਤਾ। ਪੰਜ ਮਿੰਟਾਂ ਬਾਅਦ ਹੀ ਇੱਕ ਹੋਰ ਬਹੁਤ ਭੜਕੀ ਹੋਈ ਆਵਾਜ਼ ਵਿੱਚ ਕਾਲ ਆਈ। ਇਹਨਾਂ ਤਾਕਤਾਂ ਵੱਲੋਂ ਚੇਤੰਨ ਆਵਾਜ਼ਾਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 2013 ਤੋਂ ਚੁਣ-ਚੁਣ ਕੇ ਕਤਲ ਕਰਨ ਦੀ ਇਸ ਕੜੀ ਤਹਿਤ ਡਾ. ਨਰੇਂਦ੍ਰ ਦਭੋਲਕਰ ਤੋਂ ਸ਼ੁਰੂ ਕਰਕੇ ਹੁਣ ਤੱਕ ਡਾ. ਐਮ.ਐਮ. ਕੁਲਬੁਰਗੀ, ਗੋਬਿੰਦ ਪੰਸਾਰੇ, ਗੌਰੀ ਲੰਕੇਸ਼ ਆਦਿ ਤਰਕਸ਼ੀਲ ਚਿੰਤਕਾਂ ਦੇ ਕਤਲ ਕੀਤੇ ਜਾ ਚੁੱਕੇ ਹਨ ਅਤੇ ਵੱਖ-ਵੱਖ ਅਦਾਲਤਾਂ 'ਚ ਲਟਕ ਰਹੇ ਇਹਨਾਂ ਕੇਸਾਂ ਵਿੱਚ ਗ੍ਰਿਫਤਾਰ ਵਿਅਕਤੀਆਂ ਦੇ ਪੁਲਿਸ ਜਾਂਚ ਦੌਰਾਨ 'ਸਨਾਤਨ ਸੰਸਥਾ' ਨਾਲ ਸੰਬੰਧ ਜੱਗ ਜਾਹਰ ਹੋ ਚੁੱਕੇ ਹਨ। ਹਰ ਰਾਜ ਅੰਦਰ ਕਿਸੇ-ਨ-ਕਿਸੇ ਰੂਪ ਵਿੱਚ ਪੈਰ ਪਸਾਰੇ ਜਾ ਰਹੇ ਹਨ ਅਤੇ ਵਿਚਾਰ ਪ੍ਰਗਟਾਵੇ ਦੀ ਸੰਵਿਧਾਨਕ ਆਜ਼ਾਦੀ ਲਈ ਗੰਭੀਰ ਚੁਣੌਤੀਆਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ। ਲੁਧਿਆਣਾ ਦੇ ਸਰਕਾਰੀ ਕਾਲਜ (ਲੜਕਿਆਂ) ਵਿਖੇ ਇੱਕ ਸਮਾਗਮ ਦੌਰਾਨ ਮਰਾਠੀ ਨਾਟਕਕਾਰ ਰਸਿਕਾ ਅਗਾਸੇ ਲਿਖਤ ਨਾਟਕ 'ਮਿਊਜ਼ੀਅਮ' ਦੇ ਮੰਚਨ ਸਮੇਂ ਬਜਰੰਗ ਦਲ ਦੇ ਕਾਰਕੁੰਨਾਂ ਨੇ ਇਸ ਨੂੰ ਬੰਦ ਕਰਨ ਦਾ 'ਹੁਕਮ' ਦਿੱਤਾ ਅਤੇ ਕਾਲਜ ਪ੍ਰਿੰਸੀਪਲ ਧਰਮ ਸਿੰਘ ਸੰਧੂ, ਪ੍ਰੋ. ਨੀਲਮ ਭਾਰਦਵਾਜ, ਨਾਟਕ ਟੀਮ ਦੇ ਮੈਂਬਰ ਵਿਦਿਆਰਥੀਆਂ ਖਿਲਾਫ਼ I.P.C. ਦੀ ਧਾਰਾ 295 ਏ.(ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ) ਅਧੀਨ ਪੁਲਿਸ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਬਿਨ੍ਹਾਂ ਕਿਸੇ ਮੁੱਢਲੀ ਜਾਂਚ ਤੋਂ ਇਹ F.I.R. ਦਰਜ ਕਰ ਦਿੱਤੀ। ਤੱਥ ਇਹ ਹਨ ਕਿ ਪੰਜਾਬ ਯੂਨੀਵਰਸਿਟੀ ਦੀ ਇੱਕ 7 ਮੈਂਬਰੀ ਟੀਮ ਵੱਲੋਂ ਪ੍ਰਵਾਨਿਤ ਇਹ ਨਾਟਕ ਔਰਤਾਂ ਦੇ ਸ਼ਕਤੀਕਰਨ ਨੂੰ ਉਤਸ਼ਾਹਤ ਕਰਨ ਦੀ ਪ੍ਰੇਰਣਾ ਦਿੰਦਾ ਹੈ। 250 ਕਾਲਜਾਂ ਦੇ ਇੰਟਰ-ਜ਼ੋਨ ਨਾਟਕ ਮੁਕਾਬਲਿਆਂ ਵਿੱਚ ਪਹਿਲਾਂ ਵੀ ਇਹ ਨਾਟਕ ਖੇਡਿਆ ਜਾ ਚੁੱਕਾ ਹੈ ਅਤੇ ਕਈ ਮਾਨ-ਸਨਮਾਨ ਅਤੇ ਉੱਚ ਪੁਜੀਸ਼ਨਾਂ ਪ੍ਰਾਪਤ ਕਰ ਚੁੱਕਾ ਹੈ। ਇਹ ਘਟਨਾਵਾਂ ਨਵੀਆਂ ਨਹੀਂ। ਲਗਾਤਾਰ ਇਹ ਕੁੱਝ ਵਾਪਰ ਰਿਹਾ ਹੈ। ਵਿਚਾਰ ਪ੍ਰਗਟਾਵੇ ਦੀ ਆਜ਼ਾਦੀ 'ਤੇ ਹੋ ਰਹੇ ਇਹਨਾਂ ਫਾਸ਼ੀ ਹਮਲਿਆਂ ਅਤੇ ਪ੍ਰੋ. ਰਾਮ ਪੁਨਿਆਨੀ ਨੂੰ ਦਿੱਤੀਆਂ ਧਮਕੀਆਂ ਦਾ ਜਬਰਦਸਤ ਵਿਰੋਧ ਇੱਕ ਲੋਕ-ਲਹਿਰ ਦੇ ਰੂਪ ਵਿੱਚ ਹੋਣਾ ਅਤਿ ਜ਼ਰੂਰੀ ਹੈ। ਪ੍ਰਬੰਧ ਤੋਂ ਸੌਖਿਆਂ ਕਿਸੇ ਕਾਨੂੰਨੀ ਕਾਰਵਾਈ ਦੀ ਆਸ ਕਰਨ ਦੀ ਥਾਂ ਸਾਨੂੰ ਚੇਤੰਨ ਲੋਕ ਸ਼ਕਤੀ ਨਾਲ ਪ੍ਰਬੰਧ ਨੂੰ ਇਹ ਸਾਰਾ ਕੁੱਝ ਰੋਕਣ ਲਈ ਮਜ਼ਬੂਰ ਕਰਨਾ ਪੈਣਾ। ਇਤਿਹਾਸ ਗਵਾਹ ਹੈ - ਲੋਕ ਹਮੇਸ਼ਾ ਜਿੱਤਦੇ ਹਨ।

ਸਮਾਜ ਅਤੇ ਅਖੌਤੀ ਸਾਧ

ਡਾ. ਸੁਖਦੇਵ ਸਿੰਘ

ਜੋਧਪੁਰ ਜੇਲ੍ਹ 'ਚ ਬੰਦ ਅਖੌਤੀ ਬਾਬੇ ਆਸਾ ਰਾਮ ਦੇ ਲੜਕੇ ਨੂੰ ਪਿਉ ਵਾਂਗ ਹੀ ਬਲਾਤਕਾਰ ਦੇ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਹੋਣਾ, ਜਲੇਬੀ ਬਾਬਾ, ਦਾਤੀ ਮਹਾਰਾਜ, ਕੈਥੋਲਿਕ ਬਿਸ਼ਪ ਫਰੈਂਕੋ ਮੁਲੱਕਲ ਤੇ ਅਜਿਹੇ ਹੋਰ ਪਾਖੰਡੀਆਂ ਉੱਤੇ ਬਲਾਤਕਾਰ ਤੇ ਧੋਖਾਧੜੀ ਦੇ ਕੇਸ, ਪਾਦਰੀ ਕੋਲੋਂ 16 ਲੱਖ ਮਿਲਣਾ, ਸਾਧਾਂ ਦੁਆਰਾ ਆਸ਼ਰਮਾਂ ਜਾਂ ਆਸਥਾ ਦੇ ਨਾਮ 'ਤੇ ਵੱਡੀ ਮਾਤਰਾ ਵਿੱਚ ਧਨ-ਦੌਲਤ ਇਕੱਠਾ ਕਰਨਾ; ਅਰਾਮਦਾਇਕ ਜੀਵਨ ਬਸਰ ਕਰਨਾ ਇਸ਼ਾਰਾ ਕਰਦੇ ਹਨ ਕਿ ਇਹ ਬਾਬਾਗਿਰੀ ਐਯਾਸ਼ੀ ਲਈ ਧਨ ਦੇ ਅੰਬਾਰ ਇਕੱਠੇ ਕਰਨਾ, ਕਾਮੁਕ ਭਾਵਨਾਵਾਂ ਦੀ ਪੂਰਤੀ ਅਤੇ ਨਿਰੋਲ ਛਲ-ਕਪਟ ਹੀ ਹੈ।

ਆਸਟ੍ਰੇਲੀਆ ਵਿੱਚ ਭਾਰਤੀ ਅਧਿਆਤਮਿਕ ਯੋਗ ਗੁਰੂ ਆਨੰਦ ਗਿਰੀ ਨੂੰ ਦੋ ਔਰਤਾਂ ਨਾਲ ਛੇੜਛਾੜ ਦੇ ਕੇਸ ਅਧੀਨ ਗ੍ਰਿਫਤਾਰ ਕਰਨਾ ਇਸ ਦੀ ਤਾਜ਼ੀ ਮਿਸਾਲ ਹੈ। ਬਾਬਿਆਂ ਦੇ ਕੁਕਰਮ ਜਦੋਂ ਜੱਗ ਜ਼ਾਹਿਰ ਹੁੰਦੇ ਹਨ ਤਾਂ ਕੁੱਝ ਗੁਰਮੀਤ ਰਾਮ ਰਹੀਮ ਵਾਂਗ ਸਲਾਖਾਂ ਪਿੱਛੇ, ਕੁੱਝ ਗੁਪਤਵਾਸਾਂ ਵਿੱਚ, ਕੁੱਝ ਫਰਾਰ ਜਦਕਿ ਕੁੱਝ ਕੁ ਆਤਮ-ਹੱਤਿਆ ਵੀ ਕਰ ਲੈਂਦੇ ਹਨ। ਪਿੱਛੇ ਜਿਹੇ ਭੈਯੂਜੀ ਮਹਾਰਾਜ ਨੇ ਕੁਕਰਮ ਜੱਗ ਜ਼ਾਹਿਰ ਹੋਣ ਸਦਕਾ ਆਤਮ-ਹੱਤਿਆ ਕਰ ਲਈ ਸੀ। ਪੰਜਾਬ ਸਮੇਤ ਸਾਰੇ ਮੁਲਕ ਵਿੱਚ ਇਸ ਪਾਖੰਡ ਦਾ ਵਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ ਹੈ ਅਤੇ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਆਖਿਰ ਅਜਿਹਾ ਕਿਉਂ ਵਾਪਰ ਰਿਹਾ ਹੈ?

ਇਹਨਾਂ ਸਾਧਾਂ ਦੇ ਲੋਕਾਂ ਨੂੰ ਅੰਧ-ਵਿਸ਼ਵਾਸੀ ਬਣਾ ਕੇ ਅਤੇ ਕਰਮਾਂ ਦੇ ਚੱਕਰਾਂ ਵਿੱਚ ਪਾ ਕੇ 'ਮਾਇਆ' ਬਟੋਰਨਾ, ਚਲਾਕੀ ਤੇ ਘੋਰ ਫਰੇਬ ਰਾਹੀਂ ਨੌਜੁਆਨ ਲੜਕੀਆਂ ਕੋਲੋਂ ਇਸ਼ਨਾਨ ਕਰਵਾਉਣਾ, ਜਿਨਸੀ ਸ਼ੋਸਣ, ਲੜਕੀਆਂ ਦਾ ਉਧਾਲਾ, ਸਿਆਸਤਦਾਨਾਂ ਦੀ ਸ਼ਹਿ 'ਤੇ ਆਪਣੇ ਚੇਲਿਆਂ (ਗੁੰਡਿਆਂ) ਦੁਆਰਾ ਡੇਰਿਆਂ ਤੇ ਆਸ਼ਰਮਾਂ ਵਿੱਚ ਆਉਣ ਵਾਲੇ ਸ਼ਰਧਾਲੂਆਂ ਨੂੰ ਮਾਨਸਿਕ ਤੌਰ 'ਤੇ ਦਬਾ ਕੇ ਹਮੇਸ਼ਾ ਲਈ ਆਪਣੇ ਚੁੰਗਲ ਵਿੱਚ ਫਸਾਈ ਰੱਖਣਾ, ਕਈ ਹਾਲਾਤਾਂ ਵਿੱਚ ਕਤਲ ਆਦਿ ਕੁਕਰਮ ਪ੍ਰਤੱਖ ਹਨ। ਇਸ ਤੋਂ ਬਿਨ੍ਹਾਂ ਕਈ ਕੁਕਰਮ ਕਹਾਣੀਆਂ ਦਫ਼ਨ ਹੋ ਕੇ ਰਹਿ ਜਾਂਦੀਆਂ ਹਨ।

ਭਾਰਤ ਵਿੱਚ ਲੱਖਾਂ ਹੀ ਡੇਰੇ/ਆਸ਼ਰਮ ਹੋਂਦ ਵਿੱਚ ਆ ਚੁੱਕੇ ਹਨ। ਪੰਜਾਬ ਵਰਗੇ ਛੋਟੇ ਰਾਜ ਵਿੱਚ ਵੀ 9000 ਦੇ ਕਰੀਬ ਛੋਟੇ ਅਤੇ ਵੱਡੇ ਡੇਰੇ/ਆਸ਼ਰਮ ਹਨ ਜੋ ਵਧੇਰੇ ਕਰਕੇ ਮਾਇਆ ਇਕੱਠੀ ਕਰਨ ਦਾ ਜ਼ਰੀਆ ਹਨ। ਬਾਬਿਆਂ ਕੋਲ ਮਹਿੰਗੀਆਂ ਕਾਰਾਂ, ਆਲੀਸ਼ਾਨ ਸਥਾਨ ਤੇ ਬੰਦੂਕਧਾਰੀ ਚੇਲਿਆਂ ਦਾ ਇਕੱਠ ਇਸ ਦਾ ਸਬੂਤ ਹਨ।

ਅਖੌਤੀ ਬਾਬਿਆਂ ਦੀ ਉਪਜ ਦਾ ਇੱਕ ਹੋਰ ਵੱਡਾ ਕਾਰਨ ਸਾਧਪੁਣੇ ਵਿੱਚ ਆਸਾਨ ਦਾਖਲਾ ਹੈ। ਕੋਈ ਮੁਲਾਜ਼ਮ ਭਰਤੀ ਕਰਨਾ ਹੋਵੇ ਤਾਂ ਕੋਈ ਨਿਰਧਾਰਤ ਵਿੱਦਿਅਕ ਯੋਗਤਾ ਚਾਹੀਦੀ ਹੈ, ਟੈਸਟ ਜਾਂ ਇੰਟਰਵਿਊ ਪਾਸ ਕਰਨੀ ਪੈਂਦੀ ਹੈ ਪਰ 'ਬਾਬਾ' ਬਣਨ ਲਈ ਕਿਸੇ ਯੋਗਤਾ ਦੀ ਜ਼ਰੂਰਤ ਨਹੀਂ। ਬਸ ਖਾਸ ਭੇਸ ਤੇ ਸ਼ੁਰੂਆਤ ਲਈ ਥੋੜ੍ਹੀ ਜਗ੍ਹਾ ਚਾਹੀਦੀ ਹੈ ਜੋ ਛੇਤੀ ਹੀ ਫੈਲ ਜਾਂਦੀ ਹੈ। ਸੋਨੇ 'ਤੇ ਸੁਹਾਗੇ ਵਾਲੀ ਗੱਲ ਇਹ ਹੁੰਦੀ ਹੈ ਕਿ ਸਾਧਾਂ ਤੇ ਆਸ਼ਰਮਾਂ ਨੂੰ ਸਿਆਸੀ ਥਾਪੜਾ ਵੀ ਮਿਲ ਜਾਂਦਾ ਹੈ। ਬਸ ਫੇਰ ਕੀ? ਨਾ ਕੋਈ ਪੁੱਛਣ ਵਾਲਾ ਤੇ ਨਾ ਕੋਈ ਰੋਕ-ਟੋਕ। ਕਈ ਬਾਬਿਆਂ ਦਾ ਪਿਛੋਕੜ ਨਿਹਾਇਤ ਅਪਰਾਧਿਕ ਹੈ।

'ਸਾਧ-ਸੰਤਾਂ' ਦੇ ਡੇਰੇ ਪ੍ਰਫੁੱਲਤ ਹੋਣ ਦੇ ਹੋਰ ਵੱਡੇ ਕਾਰਣ ਹਨ : ਸਮਾਜ ਵਿੱਚ ਰਿਸ਼ਤਿਆਂ ਦੀ ਟੁੱਟ-ਭੱਜ, ਘਰੇਲੂ ਕਲੇਸ਼, ਸਮਾਜਿਕ ਸਹਾਰਿਆਂ ਦਾ ਟੁੱਟਣਾ, ਸਮਾਜਿਕ ਅਸੰਗਠਤਾ, ਅੰਤਰ-ਮਨੁੱਖੀ ਅਸੰਵੇਦਨਸ਼ੀਲਤਾ, ਮਾਨਸਿਕ ਤਣਾਅ ਆਦਿ। ਮਨੋ-ਵਿਗਿਆਨਕ ਪੱਖਾਂ ਤੋਂ ਕੀਤੇ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਡਿਪਰੈਸ਼ਨ ਦੀ ਬਿਮਾਰੀ (ਉਦਾਸੀ ਰੋਗ) ਭਿਆਨਕ ਰੂਪ ਧਾਰ ਰਹੀ ਹੈ। ਭਾਰਤ ਵਿੱਚ ਹੁਣ 7 ਕਰੋੜ ਦੇ ਕਰੀਬ ਲੋਕ ਡਿਪਰੈਸ਼ਨ ਦੀ ਮਾਰ ਹੇਠ ਹਨ। ਇੱਕ ਰਿਪੋਰਟ ਮੁਤਾਬਿਕ ਪੰਜਾਬ ਦਾ ਹਰ ਅੱਠਵਾਂ ਬੰਦਾ ਡਿਪਰੈਸ਼ਨ ਦਾ ਸ਼ਿਕਾਰ ਹੈ। ਮਾਨਸਿਕ ਤੇ ਸਮਾਜਿਕ ਤੌਰ 'ਤੇ ਟੁੱਟੇ ਇਨਸਾਨ ਸਾਧਾਂ-ਸੰਤਾਂ ਦੀ ਸ਼ਰਨ ਵਿੱਚ ਆਉਂਦੇ ਹਨ ਅਤੇ ਲੁੱਟ-ਖਸੁੱਟ ਦਾ ਸ਼ਿਕਾਰ ਹੁੰਦੇ ਹਨ।

ਮੰਨਿਆ ਜਾਂਦਾ ਹੈ ਕਿ ਜਿਉਂ-ਜਿਉਂ ਸਮਾਜ ਤਰੱਕੀ ਕਰਦਾ ਹੈ, ਅੰਧ-ਵਿਸ਼ਵਾਸ ਤੇ ਅਗਿਆਨਤਾ ਦਾ ਹਨੇਰ੍ਹਾ ਦੂਰ ਹੋ ਜਾਂਦਾ ਹੈ ਅਤੇ ਲੋਕਾਂ ਦਾ ਵਰਤਾਰਾ ਤਰਕਸ਼ੀਲ ਪੱਖੀ ਹੁੰਦਾ ਹੈ ਪਰ ਸਾਡੇ ਸਮਾਜ ਵਿੱਚ ਅਜਿਹਾ ਨਜ਼ਰ ਨਹੀਂ ਆਉਂਦਾ। ਅੱਜ ਆਮ ਲੋਕ ਆਪਣੇ ਸੁੱਖਾਂ ਦੀ ਪ੍ਰਾਪਤੀ ਲਈ ਸਾਧਾਂ-ਸੰਤਾਂ ਦੇ ਕਹੇ 'ਤੇ ਕੁੱਝ ਵੀ ਕਰਨ ਲਈ ਤਿਆਰ ਰਹਿੰਦੇ ਹਨ।

ਤਕਰੀਬਨ ਇੱਕ ਸਦੀ ਪਹਿਲਾਂ ਜਰਮਨ ਸਮਾਜ ਵਿਗਿਆਨੀ ਮੈਕਸ ਵੈਬਰ ਨੇ ਹੋਰ ਪੱਖਾਂ ਤੋਂ ਇਲਾਵਾ ਧਰਮ ਨੂੰ ਆਰਥਿਕ ਤਰੱਕੀ ਵਿੱਚ ਵੱਡਾ ਰੋੜਾ ਦੱਸਿਆ ਸੀ। ਆਪਣੀ ਪੁਸਤਕ 'ਪਰੋਟੈਸਟੈਂਟ ਐਥਿਕਸ ਐਂਡ ਸਪਿਰਿਟ ਆਫ

...ਬਾਕੀ ਸਫਾ 5 'ਤੇ

ਖ਼ਬਰ ਹੈ ਕਿ

ਜਬਰ ਜਨਾਹ ਮਾਮਲੇ 'ਚ ਨਾਰਾਇਣ ਸਾਈਂ ਨੂੰ ਉਮਰ ਕੈਦ

ਅਖੌਤੀ ਧਰਮ ਗੁਰੂ ਆਸਾਰਾਮ ਦੇ ਬੇਟੇ ਨਾਰਾਇਣ ਸਾਈਂ ਨੂੰ ਸੂਰਤ ਦੀ ਜ਼ਿਲ੍ਹਾ ਤੇ ਸ਼ੈਸਨ ਅਦਾਲਤ ਨੇ ਜਬਰ ਜਨਾਹ ਕਰਨ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਵੱਖ-ਵੱਖ ਧਾਰਾਵਾਂ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਪੀੜਤਾ ਨੂੰ 5 ਲੱਖ ਰੁਪਏ ਦਾ ਮੁਆਵਜ਼ਾ ਦੇਣ ਲਈ ਵੀ ਕਿਹਾ ਹੈ। ਅਦਾਲਤ ਵੱਲੋਂ ਇਸ ਅਪਰਾਧ 'ਚ ਨਾਰਾਇਣ ਸਾਈਂ ਦੀ ਮੱਦਦ ਕਰਨ ਵਾਲੇ ਉਸ ਦੇ 3 ਸਹਿਯੋਗੀਆਂ (ਅਨੁਯਾਈਆਂ) ਨੂੰ ਵੀ 10-10 ਸਾਲ ਦੀ ਸਜ਼ਾ ਅਤੇ 5-5 ਹਜ਼ਾਰ ਰੁਪਏ ਦਾ ਜ਼ੁਰਮਾਨਾ ਕੀਤਾ ਗਿਆ। ਨਾਰਾਇਣ ਸਾਈਂ ਦੇ 3 ਸ਼ਾਗਿਰਦਾਂ 'ਚ ਧਰਮਿਸ਼ਠਾ ਉਰਫ ਗੰਗਾ, ਭਾਵਨਾ ਉਰਫ ਜਮੁਨਾ ਦੋਵੇਂ ਔਰਤਾਂ ਅਤੇ ਪਵਨ ਉਰਫ ਹਨੂੰਮਾਨ ਸ਼ਾਮਿਲ ਹਨ। ਨਾਰਾਇਣ ਸਾਈਂ ਦੇ ਭਗੌੜਾ ਹੋਣ ਸਮੇਂ ਉਸ ਦੀ ਗੱਡੀ ਚਲਾਉਣ ਵਾਲੇ ਡਰਾਇਵਰ ਨੂੰ ਵੀ ਅਦਾਲਤ ਵੱਲੋਂ 6 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਦੱਸਣਯੋਗ ਹੈ ਕਿ 2013 ਦੇ ਇਸ ਮਾਮਲੇ 'ਚ 2 ਸਕੀਆਂ ਭੈਣਾਂ ਨੇ ਨਾਰਾਇਣ ਸਾਈਂ ਅਤੇ ਆਸਾਰਾਮ ਖਿਲਾਫ਼ ਜਬਰ ਜਨਾਹ ਤੇ ਜਿਨਸੀ ਸ਼ੋਸਣ ਕਰਨ ਦੀ ਸ਼ਿਕਾਇਤ ਪੁਲਿਸ ਕੋਲ ਦਰਜ ਕਰਵਾਈ ਸੀ। ਵੱਡੀ ਭੈਣ ਨੇ 1997 ਤੋਂ 2006 ਦਰਮਿਆਨ ਅਹਿਮਦਾਬਾਦ ਦੇ ਆਸ਼ਰਮ ਤੇ ਛੋਟੀ ਭੈਣ ਨੇ 2002 ਤੋਂ 2005 ਤੱਕ ਸੂਰਤ ਦੇ ਜਹਾਂਗੀਰਪੁਰਾ ਆਸ਼ਰਮ 'ਚ ਜਬਰ ਜਨਾਹ ਕਰਨ ਦੇ ਇਲਜ਼ਾਮ ਲਗਾਏ ਸਨ। ਸਾਈਂ ਨੂੰ ਦਸੰਬਰ 2013 'ਚ ਦਿੱਲੀ-ਹਰਿਆਣਾ ਸਰਹੱਦ ਤੋਂ ਗ੍ਰਿਫਤਾਰ ਕੀਤਾ ਗਿਆ ਸੀ। **(ਅਜੀਤ)**

ਅਸ਼ਲੀਲ ਵਿਹਾਰ ਦੇ ਦੋਸ਼ ਹੇਠ ਭਾਰਤੀ 'ਯੋਗ ਗੁਰੂ' ਗ੍ਰਿਫਤਾਰ

ਖ਼ੁਦ ਨੂੰ 'ਯੋਗ ਗੁਰੂ' ਦੱਸਣ ਵਾਲੇ ਭਾਰਤ ਦੇ ਨਾਗਰਿਕ ਆਨੰਦ ਗਿਰੀ (38) ਨੂੰ ਆਸਟਰੇਲੀਆ ਵਿੱਚ ਦੋ ਮਹਿਲਾਵਾਂ ਨਾਲ ਅਸ਼ਲੀਲ ਵਿਹਾਰ ਤੇ ਹਮਲਾ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਔਰਤਾਂ ਨੇ ਉਸ ਨੂੰ ਸਿਡਨੀ ਵਿੱਚ ਆਪਣੇ ਘਰ ਪੂਜਾ ਲਈ ਸੱਦਿਆ ਸੀ। ਸਪੈਸ਼ਲ ਬਰਾਡਕਾਸਟਿੰਗ ਸਰਵਿਸ (ਐੱਸ.ਬੀ.ਐੱਸ.) ਦੀ ਰਿਪੋਰਟ ਮੁਤਾਬਕ ਗਿਰੀ ਨੂੰ ਸਿਡਨੀ ਦੇ ਆਕਸਲੇ ਪਾਰਕ ਵਿੱਚੋਂ ਗ੍ਰਿਫਤਾਰ ਕੀਤਾ ਗਿਆ ਹੈ। ਉਸ 'ਤੇ ਦੋ ਵੱਖ-ਵੱਖ ਮੌਕਿਆਂ 'ਤੇ ਔਰਤਾਂ ਨਾਲ ਅਸ਼ਲੀਲ ਵਿਹਾਰ ਕਰਨ ਦਾ ਦੋਸ਼ ਹੈ। ਉਸ ਨੇ ਆਪਣੀ ਛੇ ਹਫ਼ਤੇ ਦੀ ਅਧਿਆਤਮਕ ਸਿਖਲਾਈ ਯਾਤਰਾ ਨੂੰ ਪੂਰਾ ਕਰਨ ਤੋਂ ਬਾਅਦ ਚਲੇ ਜਾਣਾ ਸੀ। ਨਿਊ ਸਾਊਥ ਵੇਲਜ਼ ਪੁਲਿਸ ਮੁਤਾਬਕ 2016 ਦੇ ਨਵੇਂ ਵਰ੍ਹੇ ਦੇ ਦਿਨ ਰੂਟੀ ਹਿੱਲ ਸਥਿਤ ਇੱਕ ਘਰ ਵਿੱਚ ਪੂਜਾ 'ਚ ਹਿੱਸਾ ਲੈਣ ਦੌਰਾਨ ਉਸ ਦੀ ਮੁਲਾਕਾਤ 29 ਸਾਲ ਦੀ ਇੱਕ ਮਹਿਲਾ ਨਾਲ ਹੋਈ ਤੇ ਗਿਰੀ ਨੇ ਔਰਤ ਦੇ ਕਮਰੇ 'ਚ ਉਸ 'ਤੇ ਕਥਿਤ ਹਮਲਾ ਕੀਤਾ। ਪੁਲਿਸ ਨੇ ਬਿਆਨ ਵਿੱਚ ਕਿਹਾ ਹੈ ਕਿ 'ਯੋਗ ਗੁਰੂ' ਨੇ ਮਹਿਲਾ ਨਾਲ ਅਸ਼ਲੀਲ ਵਿਹਾਰ ਕੀਤਾ ਤੇ ਹਮਲਾ ਕੀਤਾ। ਇਸ ਤੋਂ ਬਾਅਦ 2018 ਵਿੱਚ ਵੀ ਰੂਟੀ ਹਿੱਲ ਦੇ ਹੀ ਇੱਕ ਘਰ ਵਿੱਚ ਪੂਜਾ ਲਈ ਗਏ ਗਿਰੀ ਨੇ 34 ਸਾਲ ਦੀ ਔਰਤ ਨਾਲ ਅਜਿਹੀ ਹੀ ਹਰਕਤ ਕੀਤੀ। ਉਸ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ ਕਿਉਂਕਿ ਇਸ ਨਾਲ ਪੀੜਤਾਂ ਨੂੰ ਖਤਰਾ ਹੋ ਸਕਦਾ ਹੈ। ਯੂ.ਪੀ. ਦੇ ਅਲਾਹਾਬਾਦ ਨਾਲ ਸਬੰਧਤ ਆਨੰਦ ਗਿਰੀ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। **(ਪੰਜਾਬੀ ਟ੍ਰਿਬਿਊਨ)**

ਜਬਰ ਜਨਾਹ ਦੇ ਦੋਸ਼ੀ ਤਾਂਤਰਿਕ ਨੂੰ ਦਸ ਸਾਲ ਦੀ ਕੈਦ

ਸੰਗਰੂਰ ਦੀ ਵਧੀਕ ਸੈਸ਼ਨ ਜੱਜ ਦੀ ਅਦਾਲਤ ਵੱਲੋਂ ਨਾਬਾਲਗ ਨਾਲ ਜਬਰ ਜਨਾਹ ਦੇ ਦੋਸ਼ੀ ਤਾਂਤਰਿਕ ਨੂੰ ਦਸ ਸਾਲ ਦੀ ਕੈਦ ਅਤੇ ਇੱਕ ਲੱਖ ਰੁਪਏ ਜ਼ੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਪੁਲਿਸ ਕੇਸ ਅਨੁਸਾਰ 13 ਜੁਲਾਈ 2018 ਨੂੰ ਥਾਣਾ ਸਦਰ ਧੂਰੀ ਵਿੱਚ ਨਾਬਾਲਗ ਪੀੜਤ ਲੜਕੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ ਉਸ ਨੂੰ ਸਾਹ ਦੀ ਤਕਲੀਫ਼ ਰਹਿੰਦੀ ਸੀ। ਡਾਕਟਰਾਂ ਤੋਂ ਦਵਾਈ ਲੈਣ ਨਾਲ ਜਦੋਂ ਉਹ ਠੀਕ ਨਾ ਹੋਈ ਤਾਂ ਉਸ ਦੇ ਮਾਪੇ ਉਸ ਨੂੰ ਇੱਕ ਤਾਂਤਰਿਕ ਕੋਲ ਪਿੰਡ ਰੂੜਗੜ੍ਹ ਲੈ ਗਏ। ਕੁੱਝ ਸਮੇਂ ਬਾਅਦ ਤਾਂਤਰਿਕ ਨੇ ਉਸ ਨੂੰ ਹਰ ਸਨਿੱਚਰਵਾਰ ਬੁਲਾਉਣਾ ਸ਼ੁਰੂ ਕਰ ਦਿੱਤਾ। ਇੱਕ ਸਨਿੱਚਰਵਾਰ ਤਾਂਤਰਿਕ ਨੇ ਉਸ ਦੀ ਮਾਤਾ ਨੂੰ ਵੱਖਰੇ ਕਮਰੇ 'ਚ ਬਿਠਾ ਦਿੱਤਾ ਅਤੇ ਉਸ ਨੂੰ ਇਲਾਜ ਬਹਾਨੇ ਦੂਜੇ ਕਮਰੇ ਵਿੱਚ ਲੈ ਗਿਆ। ਉੱਥੇ ਉਸ ਨੇ ਉਸ ਨਾਲ ਜਬਰ ਜਨਾਹ ਕੀਤਾ। ਇਸ ਮਗਰੋਂ ਤਾਂਤਰਿਕ ਉਸ ਨੂੰ ਧਮਕਾਉਂਦਾ ਰਿਹਾ ਕਿ ਜੇਕਰ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਉਹ ਉਸ ਨੂੰ ਜਾਨੋਂ ਮਾਰ ਦੇਵਾਂਗਾ। ਉਸ ਨੇ ਡਰਦਿਆਂ ਕਿਸੇ ਨੂੰ ਨਾ ਦੱਸਿਆ ਪ੍ਰੰਤੂ ਜਦੋਂ ਉਹ ਗਰਭਵਤੀ ਹੋ ਗਈ ਤਾਂ ਸਾਰੀ ਗੱਲ ਖੁੱਲ੍ਹ ਗਈ। ਪੁਲਿਸ ਵੱਲੋਂ ਜਬਰ ਜਨਾਹ ਅਤੇ ਪੈਸਕੋ ਐਕਟ ਤਹਿਤ ਤਾਂਤਰਿਕ ਮਨਦੀਪ ਸਿੰਘ ਖਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

(ਪੰਜਾਬੀ ਟ੍ਰਿਬਿਊਨ)

ਔਲਾਦ ਖ਼ਾਤਰ ਤਾਂਤਰਿਕ ਦੇ ਕਹਿਣ ’ਤੇ ਕੀਤੀ ਸੀ 7 ਮਹੀਨਿਆਂ ਦੀ ਗਰਭਵਤੀ ਦੀ ਹੱਤਿਆ

ਬਲਵਿੰਦਰ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਅਕਾਲਗੜ੍ਹ ਢਪੱਈਆਂ ਥਾਣਾ ਜੰਡਿਆਲਾ ਗੁਰੂ ਹਾਲ ਵਾਸੀ ਕਾਲਾ ਨੰਗਲ ਨੇ ਥਾਣਾ ਸਦਰ ਮੁਖੀ ਤੇ ਡੀ.ਐੱਸ.ਪੀ. ਫ਼ਤਿਹਗੜ੍ਹ ਚੂੜੀਆਂ ਨੂੰ ਬਿਆਨ ਦਰਜ ਕਰਵਾਏ ਸਨ ਕਿ ਉਸ ਦੀ ਪਤਨੀ ਜਸਬੀਰ ਕੌਰ, ਜੋ 7 ਮਹੀਨਿਆਂ ਦੀ ਗਰਭਵਤੀ ਸੀ, ਨੂੰ ਉਸਦੇ ਗੁਆਂਢੀ ਨੇ ਬਹਾਨੇ ਨਾਲ ਆਪਣੇ ਘਰ ਬੁਲਾਇਆ ਸੀ, ਉਸ ਉਪਰੰਤ ਜਸਬੀਰ ਕੌਰ ਆਪਣੇ ਘਰ ਨਹੀਂ ਪਹੁੰਚੀ, ਜਿਸ ਦੀ ਭਾਲ ਕਰਦਿਆਂ ਉਸ ਨੇ ਪਿੰਡ ਵਾਲਿਆਂ ਨੂੰ ਨਾਲ ਲੈ ਕੇ ਉਕਤ ਗੁਆਂਢੀਆਂ ਤੋਂ ਜਸਬੀਰ ਕੌਰ ਬਾਰੇ ਪੁੱਛਿਆ ਪਰ ਗੁਆਂਢੀਆਂ ਨੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਪਿੰਡ ਵਾਲਿਆਂ ਨੂੰ ਸ਼ੱਕ ਪੈਣ ’ਤੇ ਗੁਆਂਢੀ ਪੂਰਨ ਸਿੰਘ ਪੁੱਤਰ ਮੂਰਤਾ ਸਿੰਘ ਦੇ ਘਰ ਦੀ ਤਲਾਸ਼ੀ ਲਈ ਤਾਂ ਘਰ ’ਚ ਪਈ ਇੱਕ ਪੇਟੀ ’ਚ ਜਸਬੀਰ ਕੌਰ ਦੀ ਖ਼ੂਨ ਨਾਲ ਲੱਥਪੱਥ ਲਾਸ਼ ਪਈ ਸੀ ਜੋ ਕਿ ਬਦਬੂ ਮਾਰ ਰਹੀ ਸੀ। ਉਨ੍ਹਾਂ ਦੱਸਿਆ ਕਿ ਉਹਨਾਂ ਨੇ ਮ੍ਰਿਤਕਾ ਜਸਬੀਰ ਕੌਰ ਦੇ ਪੇਟ ’ਚੋਂ ਚਾਕੂ ਨਾਲ 7 ਮਹੀਨਿਆਂ ਦਾ ਭਰੂਣ ਕੱਢ ਲਿਆ। ਐੱਸ.ਪੀ. (ਡੀ) ਨੇ ਦੱਸਿਆ ਕਿ ਰਵਿੰਦਰ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ ਕਾਲਾ ਨੰਗਲ ਨੇ ਆਪਣੇ ਬੱਚਾ ਨਾ ਹੋਣ ਕਾਰਨ ਪਿੰਡ ਹਸਨਪੁਰ ਕਲਾਂ ਦੀ ਤਾਂਤਰਿਕ ਔਰਤ ਦੀਸ਼ੋ ਉਰਫ ਦੇਵਾ ਪਤਨੀ ਸਤਨਾਮ ਸਿੰਘ ਦੇ ਕਹਿਣ ’ਤੇ ਇਸ ਘਿਨੌਣੀ ਹਰਕਤ ਨੂੰ ਅੰਜ਼ਾਮ ਦਿੱਤਾ। ਉਨ੍ਹਾਂ ਹੋਰ ਦੱਸਿਆ ਕਿ ਨਾਇਬ ਤਹਿਸੀਲਦਾਰ ਫ਼ਤਿਹਗੜ੍ਹ ਚੂੜੀਆਂ (ਡਿਊਟੀ ਮੈਜਿਸਟ੍ਰੇਟ) ਦੀ ਨਿਗਰਾਨੀ ’ਚ ਰਵਿੰਦਰ ਕੌਰ ਦੀ ਨਿਸ਼ਾਨਦੇਹੀ ’ਤੇ ਜ਼ਮੀਨ ’ਚ ਦੱਬੇ ਭਰੂਣ ਨੂੰ ਬਰਾਮਦ ਕੀਤਾ। ਇਸ ਮਾਮਲੇ ’ਚ ਮ੍ਰਿਤਕ ਜਸਬੀਰ ਕੌਰ ਦੇ ਪਤੀ ਬਲਵਿੰਦਰ ਸਿੰਘ ਦੇ ਬਿਆਨਾਂ ’ਤੇ ਰਵਿੰਦਰ ਕੌਰ ਪਤਨੀ ਗੁਰਪ੍ਰੀਤ ਸਿੰਘ, ਉਸ ਦੀ ਸੱਸ ਜੋਗਿੰਦਰ ਕੌਰ ਪਤਨੀ ਪੂਰਨ ਸਿੰਘ, ਸਹੁਰਾ ਪੂਰਨ ਸਿੰਘ ਪੁੱਤਰ ਮੂਰਤਾ ਸਿੰਘ, ਤਾਂਤਰਿਕ ਦੀਸ਼ੋ, ਅਮਨ ਕੌਰ ਪਤਨੀ ਰਾਜੂ, ਰਾਜਿੰਦਰ ਕੌਰ ਪਤਨੀ ਗੁਰਮੀਤ ਸਿੰਘ, ਨੀਤੂ ਪੁੱਤਰੀ ਪੂਰਨ ਸਿੰਘ ’ਤੇ ਕਤਲ ਦਾ ਮਾਮਲਾ ਦਰਜ ਕਰਕੇ 4 ਦੋਸ਼ੀਆਂ ਨੂੰ ਕਾਬੂ ਕਰ ਲਿਆ ਗਿਆ ਹੈ ਤੇ ਬਾਕੀ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ। **(ਅਜੀਤ)**

ਘੜੇ ਵਿੱਚ ਰਖਵਾਏ ਰੁਪਏ ਸੋਨਾ ਬਣਨ ਦੇ ਲਾਲਚ ਵਿੱਚ ਲੁੱਟਿਆ ਗਿਆ ਕਿਸਾਨ

ਨਾਭਾ ਨੇੜਲੇ ਪਿੰਡ ਰਾਮਗੜ੍ਹ ਵਿੱਚ ਦੋ ਪਾਖੰਡੀ ਸਾਧਾਂ ਨੇ ਇੱਕ ਕਿਸਾਨ ਤੋਂ ਧੋਖੇ ਨਾਲ ਲੱਖਾਂ ਰੁਪਏ ਠੱਗ ਲਏ। ਕਿਸਾਨ ਨੂੰ ਇਸ ਗੱਲ ਦਾ ਉਦੋਂ ਪਤਾ ਲੱਗਾ ਜਦੋਂ ਪਾਖੰਡੀ ਉਸ ਦੇ ਸਾਰੇ ਪੈਸੇ ਲੈ ਕੇ ਫ਼ਰਾਰ ਹੋ ਗਏ। ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪਿੰਡ ਰਾਮਗੜ੍ਹ ਵਾਸੀ ਹਾਕਮ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੀ ਕੁੱਲ 12 ਵਿੱਘੇ ਜ਼ਮੀਨ ਵੇਚ ਕੇ ਪੈਸੇ ਬੈਂਕ ਵਿੱਚ ਰੱਖ ਦਿੱਤੇ ਤਾਂ ਕਿ ਉਹ ਆਪਣੇ ਜਵਾਨ ਪੁੱਤਰਾਂ ਹਰਪ੍ਰੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਲਈ ਕੋਈ ਕੰਮਕਾਜ ਸ਼ੁਰੂ ਕਰ ਸਕੇ। ਇਸੇ ਦੌਰਾਨ ਹੀ ਉਹ 2 ਪਾਖੰਡੀ ਸਾਧਾਂ ਬਾਬਾ ਬਾਲਕ ਨਾਥ ਅਤੇ ਮੰਗਲ ਦਾਸ ਦੇ ਚੰਗੁਲ ਵਿੱਚ ਫਸ ਗਿਆ। ਕੁੱਝ ਦਿਨਾਂ ਬਾਅਦ ਇਹ ਬਾਬੇ ਮਾਝੀ ਦੇ ਡੇਰੇ ਵਿੱਚ ਸੇਵਾ ਕਰਨ ਲਈ ਚਲੇ ਗਏ ਅਤੇ ਕਿਸਾਨ ਤੋਂ ਤਿੰਨ ਘੜੇ ਮੰਗਵਾ ਲਏ ਅਤੇ ਕਿਸਾਨ ਨੂੰ ਕਿਹਾ ਕਿ ਉਹ ਆਪਣੇ ਰੁਪਏ ਬੈਂਕ ਤੋਂ ਕਢਵਾ ਕੇ ਘੜਿਆਂ ਵਿੱਚ ਪਾ ਦੇਵੇ ਕਿਉਂਕਿ ਕੁੱਝ ਦਿਨਾਂ ਬਾਅਦ ਸਾਰਾ ਪੈਸਾ ਸੋਨੇ ਵਿੱਚ ਤਬਦੀਲ ਹੋ ਜਾਵੇਗਾ। ਅੰਧ-ਵਿਸ਼ਵਾਸ ਵਿੱਚ ਫਸੇ ਹਾਕਮ ਸਿੰਘ ਨੇ ਤਿੰਨ ਘੜਿਆਂ ਵਿੱਚ 6-6 ਲੱਖ ਰੁਪਏ (ਕੁੱਲ 18 ਲੱਖ ਰੁਪਏ) ਪਾ ਦਿੱਤੇ। ਸਾਧਾਂ ਨੇ ਕਿਹਾ ਕਿ ਚੰਡੀਗੜ੍ਹ ਉਨ੍ਹਾਂ ਦੀ ਰਿਸ਼ਤੇਦਾਰੀ ਵਿੱਚ ਦੋ ਲੜਕੀਆਂ ਹਨ, ਜਿਨ੍ਹਾਂ ਦੇ ਨਾਮ ’ਤੇ 8-8 ਏਕੜ ਜ਼ਮੀਨ ਹੈ, ਲੜਕੀਆਂ ਦੀਆਂ ਤਸਵੀਰਾਂ ਦਿਖਾ ਕੇ ਦੋਵੇਂ ਪੁੱਤਰਾਂ ਦੇ ਵਿਆਹ ਦਾ ਲਾਲਚ ਦੇ ਕੇ ਹੋਰ ਪੈਸੇ ਵਸੂਲ ਕਰ ਲਏ ਅਤੇ ਵਿਆਹ ਦੀ ਤਾਰੀਖ ਰੱਖ ਦਿੱਤੀ। ਇਸ ਕਾਰਨ ਹਾਕਮ ਸਿੰਘ ਨੇ ਸਾਰੇ ਰਿਸ਼ਤੇਦਾਰ ਇਕੱਠੇ ਕਰ ਲਏ ਤੇ ਘਰ ਵਿੱਚ ਹਲਵਾਈ ਬਿਠਾ ਲਿਆ। ਬਰਾਤ ਰਵਾਨਾ ਹੋਣ ਤੋਂ ਕੁੱਝ ਮਿੰਟ ਪਹਿਲਾਂ ‘ਬਾਬੇ’ ਇਹ ਕਹਿ ਕੇ ਰਫੂ-ਚੱਕਰ ਹੋ ਗਏ ਕਿ ਕੁੜੀਆਂ ਦੀ ਮਾਤਾ ਦੀ ਮੌਤ ਹੋ ਗਈ ਹੈ, ਹੁਣ ਵਿਆਹ 2-3 ਦਿਨ ਬਾਅਦ ਹੋਵੇਗਾ। ਸ਼ੱਕ ਪੈਣ ’ਤੇ ਹਾਕਮ ਸਿੰਘ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਜਦੋਂ ਡੇਰੇ ਪੁੱਜਾ ਤਾਂ ਦੇਖਿਆ ਕਿ ਜਿਨ੍ਹਾਂ ਘੜਿਆਂ ਵਿੱਚ ਰੁਪਏ ਰੱਖੇ ਸਨ, ਉਨ੍ਹਾਂ ਵਿੱਚ ਪੈਸਿਆਂ ਦੀ ਜਗ੍ਹਾ ਚੌਲ ਪਏ ਸਨ। ਇਹ ਦੇਖ ਕੇ ਹਾਕਮ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਕਿ ਉਸ ਨਾਲ 30 ਲੱਖ ਰੁਪਏ ਦੀ ਠੱਗੀ ਹੋ ਗਈ ਹੈ। ਹਾਕਮ ਸਿੰਘ ਨੇ ਇਸ ਸਬੰਧੀ ਨਾਭਾ ਪੁਲਿਸ ਨੂੰ ਲਿਖਤੀ ਸ਼ਿਕਾਇਤ ਕੀਤੀ ਹੈ। **(ਪੰਜਾਬੀ ਟ੍ਰਿਬਿਊਨ)**

ਧਾਰਮਿਕ ਥਾਂ ’ਤੇ ਨਾਬਾਲਗ ਨਾਲ ਜਬਰ-ਜਨਾਹ ਦੀ ਕੋਸ਼ਿਸ਼

ਮੋਗਾ ਵਿਖੇ ਥਾਣਾ ਸਿਟੀ ਦੱਖਣੀ ਪੁਲਿਸ ਨੇ ਨਾਬਾਲਗ ਲੜਕੀ ਨਾਲ ਜਬਰ-ਜਨਾਹ ਦੀ ਕੋਸ਼ਿਸ਼ ਦੇ ਦੋਸ਼ ਹੇਠ ਤਿੰਨ ਮੁਲਜ਼ਮਾਂ ਖਿਲਾਫ਼ ਕੇਸ ਦਰਜ ਕਰਕੇ ਨਾਨਕਸਰ ਠਾਠ ਜਗਰਾਓਂ ਦੇ ਇੱਕ ਸੇਵਾਦਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਉੱਤੇ

ਧਾਰਮਿਕ ਸਥਾਨ ਵਿਚਲੇ ਆਪਣੇ ਕਮਰੇ ਵਿੱਚ ਨਾਬਾਲਗ ਲੜਕੀ ਨਾਲ ਜਬਰ-ਜਨਾਹ ਦੀ ਕੋਸ਼ਿਸ਼ ਦਾ ਦੋਸ਼ ਲੱਗਾ ਹੈ। ਮੁਲਜ਼ਮ ਨੂੰ ਇਲਾਕਾ ਜੁਡੀਸੀਅਲ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਸ ਕੇਸ ਦੀ ਜਾਂਚ ਕਰ ਰਹੀ ਸਬ-ਇੰਸਪੈਕਟਰ ਨੇ ਦੱਸਿਆ ਕਿ ਪੀੜਤ ਲੜਕੀ ਦੀ ਮਾਂ ਨੇ ਦੱਸਿਆ ਕਿ ਉਹ ਦਲਿਤ ਜਾਤੀ ਨਾਲ ਸਬੰਧ ਰੱਖਦੀ ਹੈ ਅਤੇ ਮਜ਼ਦੂਰੀ ਦਾ ਕੰਮ ਕਰਦੀ ਹੈ। 8 ਜੂਨ ਨੂੰ ਛਬੀਲ ਲੱਗੀ ਸੀ ਤਾਂ ਉਸ ਦੀ 12 ਸਾਲਾਂ ਧੀ ਗੁਆਂਢੀਆਂ ਦੀ ਲੜਕੀ ਨਾਲ ਛਬੀਲ ਤੋਂ ਪਾਣੀ ਲੈਣ ਚਲੀ ਗਈ। ਇਸੇ ਦੌਰਾਨ ਭਾਨਾ ਸਿੰਘ ਅਤੇ ਅਸ਼ੋਕ ਕੁਮਾਰ ਦੋਵੇਂ ਵਾਸੀ ਸਰਦਾਰ ਨਗਰ ਮੋਗਾ ਉਸ ਨੂੰ ਵਰਗਲਾ ਕੇ ਰੇਲ ਗੱਡੀ ਵਿੱਚ ਬਿਠਾ ਕੇ ਗੁਰਦੁਆਰਾ ਨਾਨਕਸਰ (ਜਗਰਾਓਂ) ਵਿਖੇ ਬਾਬਾ ਮਨਜੀਤ ਸਿੰਘ ਵਾਸੀ ਨੇਹੀਆਂ ਵਾਲਾ (ਬਠਿੰਡਾ), ਜੋ ਕਿ ਗੁਰਦੁਆਰਾ ਨਾਨਕਸਰ ਜਗਰਾਓਂ ਵਿੱਚ ਸੇਵਾ ਕਰਦਾ ਹੈ, ਦੇ ਕਮਰੇ ਵਿੱਚ ਛੱਡ ਕੇ ਵਾਪਸ ਆ ਗਏ। ਮੁਲਜ਼ਮ ਮਨਜੀਤ ਸਿੰਘ ਬਾਬਾ ਨੇ ਰਾਤ ਸਮੇਂ ਉਸ ਦੀ ਧੀ ਨਾਲ ਜਬਰ-ਜਨਾਹ ਦੀ ਕੋਸ਼ਿਸ਼ ਕੀਤੀ ਤਾਂ ਦੋਵਾਂ ਲੜਕੀਆਂ ਵੱਲੋਂ ਰੌਲਾ ਪਾਉਣ ’ਤੇ ਮੁਲਜ਼ਮ ਉਨ੍ਹਾਂ ਨੂੰ ਛੱਡ ਕੇ ਭੱਜ ਗਿਆ। ਇਸ ਮਗਰੋਂ ਪੀੜਤ ਪਰਿਵਾਰ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਭਾਨਾ ਸਿੰਘ, ਮਨਜੀਤ ਸਿੰਘ ਅਤੇ ਅਸ਼ੋਕ ਕੁਮਾਰ ਖਿਲਾਫ਼ ਕੇਸ ਦਰਜ ਕਰਕੇ ਮੁਲਜ਼ਮ ਮਨਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। **(ਪੰਜਾਬੀ ਟ੍ਰਿਬਿਊਨ)**

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਸੁਸਾਇਟੀ ਦੇ ਮਾਝਾ ਜ਼ੋਨ ਦੇ ਸੀਨੀਅਰ ਤਰਕਸ਼ੀਲ ਆਗੂ, ਸਰੀਰ ਪ੍ਰਦਾਨੀ ਅਤੇ ਲੇਖਕ ਮੁਖਵਿੰਦਰ ਚੋਹਲਾ ਜੀ, ਸਾਬਕਾ ਕੌਮੀ ਅਤੇ ਕੌਮਾਂਤਰੀ ਵਿਭਾਗ ਦੇ ਸੂਬਾ ਮੁਖੀ ਬਲਵਿੰਦਰ ਬਰਨਾਲਾ ਦੇ ਵੱਡੇ ਭਰਾ ਮਰਹੂਮ ਗੁਰਬਚਨ ਸਿੰਘ ਫੌਜੀ, ‘ਤਰਕਸ਼ੀਲ’ ਮੈਗਜ਼ੀਨ ਦੇ ਸੰਪਾਦਕੀ ਬੋਰਡ ਦੇ ਸਾਬਕਾ ਮੈਂਬਰ ਵਿਜੈ ਬੰਬੇਲੀ ਦੇ ਮਾਤਾ ਸ਼ੀਲਾ ਦੇਵੀ ਜੀ, ਇਕਾਈ ਦਿੜਬਾ ਦੇ ਮੈਂਬਰ ਰਣਜੀਤ ਧੀਮਾਨ ਦੇ ਮਾਤਾ ਜੰਗੀਰ ਕੌਰ ਜੀ, ਇਕਾਈ ਅੱਡਾ ਸਰਾਂ ਦੇ ਸਰਗਰਮ ਮੈਂਬਰ ਗੁਰਮੁਖ ਦੇ ਮਾਤਾ ਸ਼ੀਲਾ ਦੇਵੀ ਜੀ, ਇਕਾਈ ਖਰੜ ਦੇ ਆਗੂ ਭੁਪਿੰਦਰ ਮਦਨ ਖੇੜੀ ਦੇ ਵੱਡੇ ਭਰਾ ਰਾਮ ਸਿੰਘ ਅਤੇ ਇਕਾਈ ਲੁਧਿਆਣਾ ਦੇ ਜਥੇਬੰਦਕ ਵਿਭਾਗ ਮੁਖੀ ਬਲਵਿੰਦਰ ਸਿੰਘ ਦੇ ਮਾਤਾ ਸੁਰਜੀਤ ਕੌਰ ਜੀ ਦੀ ਮੌਤ ’ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੀ ਹੈ।

ਸਫਾ 2 ਦਾ ਬਾਕੀ...

ਕੈਪਿਟੈਲਿਜ਼ਮ’ ਵਿੱਚ ਉਸ ਦਾ ਤਰਕ ਸੀ ਕਿ ਕੈਲਵਿਨਿਸਟ ਲੋਕ ਯੂਰੋਪ ਵਿੱਚ ਇਸ ਕਰਕੇ ਖੁਸ਼ਹਾਲ ਹੋਏ ਕਿਉਂਕਿ ਉਨ੍ਹਾਂ ਨੇ ਚਰਚ, ਜੋ ਕੁੱਝ ਸਮਾਂ ਪਹਿਲਾਂ ਤੱਕ ਸ਼ਕਤੀਸ਼ਾਲੀ ਸੰਸਥਾ ਸੀ, ਵਿੱਚ ਸਮਾਂ ਵਿਅਰਥ ਗੰਵਾਉਣ ਦੀ ਬਜਾਏ ਮਿਹਨਤ, ਸੰਜਮ, ਅਨੁਸ਼ਾਸਨ ਤੇ ਆਤਮ-ਵਿਸ਼ਵਾਸ ਨਾਲ ਆਰਥਿਕ ਗਤੀਵਿਧੀਆਂ ਵਿੱਚ ਧਿਆਨ ਲਾਇਆ।


ਵੈਬਰ ਮੁਤਾਬਿਕ ਹੋਰ ਕਾਰਨਾਂ ਦੇ ਨਾਲ-ਨਾਲ ਭਾਰਤ ਦੀ ਗਰੀਬੀ ਤੇ ਅਣ-ਵਿਕਾਸ ਦਾ ਇੱਕ ਕਾਰਨ ਧਾਰਮਿਕ ਕਰਮਕਾਂਡਾਂ ’ਤੇ ਵਿਸ਼ਵਾਸਾਂ ਵਿੱਚ ਵਧੇਰੇ ਸਮਾਂ ਨਸ਼ਟ ਕਰਨਾ ਹੈ। ਉਸ ਮੁਤਾਬਿਕ ਭਾਰਤੀ ਮਨੁੱਖ ਕਿਸਮਤ, ਸੰਸਾਰ ਤਿਆਗਣ, ਕਰਮਕਾਂਡ ਤੇ ਅਣ-ਦੇਖੀ ਅਗਲੇਰੀ ਦੁਨੀਆ ਲਈ ਵਧੇਰੇ ਫਿਕਰਮੰਦ ਰਹਿੰਦੇ ਹਨ ਅਤੇ ਅਜਿਹੀ ਸੋਚ ਮਨੁੱਖੀ ਸ਼ਕਤੀ ਨੂੰ ਅਣ-ਉਪਜਾਊ ਕੰਮਾਂ ਵੱਲ ਧੱਕਦੀ ਹੈ। ਇਸ ਨਾਲ ਵਿਕਾਸ ਰੁਕਦਾ ਹੈ। ਅਜੋਕੇ ਸਮੇਂ ਵਿੱਚ ਸਾਡੇ ਮੁਲਕ ਵਿੱਚ ਬਾਬੇ ਮਨੁੱਖੀ ਤੇ ਕੁਦਰਤੀ ਸ਼ਕਤੀ ਨੂੰ ਬੇਹਾਲ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ।

ਅੱਜ ਵੀ ਬਲੀਆਂ, ਆਹੂਤੀਆਂ ਤੇ ਅੰਧ-ਵਿਸ਼ਵਾਸਾਂ ਦਾ ਵਰਤਾਰਾ ਜਾਰੀ ਹੈ। ਇਹ ਸਮਾਜ ਤੇ ਕੁਦਰਤ ਦਾ ਖਿਆਲ ਘੱਟ ਤੇ ਮਾਰਕੀਟਿੰਗ ਦਾ ਹੇਜ ਵੱਧ ਕਰਦੇ ਹਨ। ਧਰਮ ਤੇ ਯੋਗ ਦੇ ਨਾਮ ’ਤੇ ਵੇਚਿਆ ਜਾ ਰਿਹਾ ਸਮਾਨ ਇਨ੍ਹਾਂ ਦੀਆਂ ਮਿਸਾਲਾਂ ਹਨ। ਭਾਰਤ ਵਿੱਚ ਮਿਹਨਤੀ ਅਤੇ ਹੱਕ ਦੀ ਕਮਾਈ ਕਰਨ ਵਾਲਾ ਇਨਸਾਨ ਉਮਰ ਦੇ ਅਖੀਰਲੇ ਸਾਲਾਂ ਵਿੱਚ ਜਾ ਕੇ ਕਿਤੇ ਲੱਖਾਂ ਰੁਪਏ ਵੇਖਦਾ ਹੈ ਜਦਕਿ ਬਾਬੇ ਚੜ੍ਹਦੀ ਉਮਰੇ ਹੀ ਅਰਬਾਂ ਰੁਪਇਆਂ ਵਿੱਚ ਖੇਡਦੇ ਹਨ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਵੱਖ-ਵੱਖ ਕਾਰਨਾਂ ਜਿਵੇਂ ਬੇਰੁਜ਼ਗਾਰੀ, ਸਮਾਜਿਕ ਟੁੱਟ-ਭੱਜ, ਮਾਨਸਿਕ ਤਣਾਅ, ਸਿਆਸੀ ਪਾਰਟੀਆਂ ਵੱਲੋਂ ਕੋਈ ਵਿਕਾਸ ਏਜੰਡਾ ਲਾਗੂ ਨਾ ਕਰਨਾ, ਸਿਆਸਤਦਾਨਾਂ ਵੱਲੋਂ ਆਮ ਲੋਕਾਂ ਦੇ ਦੁੱਖ-ਦਰਦ ਵੱਲ ਪਿੱਠ ਕਰ ਲੈਣੀ, ਵਧ ਰਿਹਾ ਅਪਰਾਧ, ਲੋਕਾਂ ਵਿੱਚ ਅਗਿਆਨਤਾ ਤੇ ਅੰਧ-ਵਿਸ਼ਵਾਸ ਆਦਿ ਸਦਕਾ ਸਮਾਜ ਬਿਮਾਰ ਹੈ। ਇਸ ਬਾਰੇ ਵੱਖ-ਵੱਖ ਪੱਧਰਾਂ ’ਤੇ ਗੰਭੀਰ ਚਿੰਤਨ ਦੀ ਲੋੜ ਹੈ ਤਾਂ ਜੋ ਸਮਾਜ ਨੂੰ ਸਮੇਂ ਦਾ ਹਾਣੀ ਬਣਾ ਕੇ ਤਰੱਕੀ ਵੱਲ ਲਿਜਾਇਆ ਜਾਵੇ ਜਿੱਥੇ ਲੋਕਾਂ ਨੂੰ ਬਾਬਿਆਂ ਦਾ ਸਹਾਰਾ ਨਾ ਤੱਕਣਾ ਪਵੇ ਅਤੇ ਲੋਕ ਆਪਣੀ ਤਰੱਕੀ ਦੇ ਨਾਲ ਮੁਲਕ ਦੇ ਵਿਕਾਸ ਵਿੱਚ ਵੀ ਹਿੱਸਾ ਪਾ ਸਕਣ।

ਪ੍ਰੋਫੈਸਰ, ਸਮਾਜ ਵਿਗਿਆਨ, ਪੀ.ਏ.ਯੂ., ਲੁਧਿਆਣਾ।
94177-15730

ਤਰਕਸ਼ੀਲਤਾ ਅਤੇ ਜੀਵਨ : ਸਿੱਖਿਆ ਸਿਖਲਾਈ ਦੀ ਭੂਮਿਕਾ



ਡਾ. ਸ਼ਿਆਮ ਸੁੰਦਰ ਦੀਪਤੀ

ਤਰਕ ਕਰਨ ਦਾ ਗੁਣ, ਭਾਵ ਸਵਾਲ ਖੜ੍ਹੇ ਕਰਨ ਅਤੇ ਆਪਣੀ ਸ਼ੰਕਾ ਨੂੰ ਮਿਟਾਉਣ ਦਾ ਗੁਣ ਹਰ ਇੱਕ ਮਨੁੱਖ ਵਿੱਚ ਕੁਦਰਤੀ ਹੈ। ਇਹ ਮਨੁੱਖ ਦੀ ਸਰੀਰਕ ਬਣਤਰ ਦਾ ਹਿੱਸਾ ਹੈ। ਇਸ ਦੇ ਵਿੱਚ ਕੋਈ ਦੋ ਰਾਵਾਂ ਨਹੀਂ, ਕੋਈ ਦੁਚਿੱਤੀ ਨਹੀਂ। ਅਕਸਰ ਦੇਖਦੇ ਹਾਂ ਕਿ ਘਰ ਵਿੱਚ ਮਾਪੇ, ਸਕੂਲਾਂ ਵਿੱਚ ਜ਼ਿਆਦਾਤਰ ਅਧਿਆਪਕ ਅਤੇ ਗੁਰੂਧਾਮਾਂ ਵਿੱਚ ਤਕਰੀਬਨ ਸਾਰੇ ਹੀ ਸੰਤ-ਬਾਬੇ ਇਸ ਤਰ੍ਹਾਂ ਕਹਿੰਦੇ ਹਨ ਕਿ ਤੂੰ ਕਿਵੇਂ ਸਵਾਲ ਕਰ ਸਕਦੈਂ? ਇਹ ਤੇਰਾ ਕੰਮ ਨਹੀਂ, ਤੂੰ ਬਸ ਸੁਣ, ਜਿਵੇਂ ਕਹਿੰਦੇ ਹਾਂ, ਉਸ 'ਤੇ ਅਮਲ ਕਰ, ਮੰਨ। ਇਹ ਕਹਿੰਦੇ ਹੋਏ ਉਹ ਸਿਰਫ ਗਲਤ ਹੀ ਨਹੀਂ, ਸਗੋਂ ਉਹ ਗੁੰਮਰਾਹ ਕਰਨ ਵਾਲੇ ਵੀ ਹਨ।

ਇਸ ਤੋਂ ਵੀ ਅੱਗੇ ਕੋਈ ਕਹਿ ਸਕਦਾ ਹੈ ਜਾਂ ਕਹਿੰਦਾ ਹੈ, ਇਹ ਫਲਾਂ ਗ੍ਰੰਥ ਵਿੱਚ ਲਿਖਿਆ ਹੈ, ਰਿਸ਼ੀਆਂ-ਮੁਨੀਆਂ, ਪੀਰਾਂ-ਫਕੀਰਾਂ, ਸਿਆਣਿਆਂ, ਵੱਡੇ-ਵਡੇਰਿਆਂ ਨੇ ਫਰਮਾਇਆ ਹੈ, ਇਸ 'ਤੇ ਸਵਾਲ ਖੜ੍ਹੇ ਨਹੀਂ ਕਰ ਸਕਦੇ, ਇਹ ਸੱਤ ਬਚਨ ਹੈ, ਇਹ ਧੁਰ ਦੀ ਬਾਣੀ ਹੈ, ਰੱਬੀ ਫਰਮਾਨ ਹੈ। ਇਸ ਤਰ੍ਹਾਂ ਕਹਿ ਕੇ ਵੀ ਗੁੰਮਰਾਹ ਅਤੇ ਕੁਰਾਹੇ ਪਾਉਣ ਦੀ ਚਾਲ ਵੱਧ ਹੁੰਦੀ ਹੈ।

ਇਹ ਗੱਲ ਹੋ ਸਕਦੀ ਹੈ, ਸੰਭਾਵਨਾ ਕਹਿ ਸਕਦੇ ਹਾਂ ਕਿ ਉਹ ਕਿਸੇ ਕਿਤਾਬ ਜਾਂ ਗ੍ਰੰਥ ਵਿੱਚ ਲਿਖੇ ਹੋਣ ਵਾਲੀ ਗੱਲ ਸਹੀ ਹੋਵੇ, ਸੋਚੀ-ਵਿਚਾਰੀ ਹੋਈ ਹੋਵੇ। ਫਿਰ ਵੀ ਸਵਾਲ ਖੜ੍ਹੇ ਕਰਨਾ, ਕਿਸੇ ਵੀ ਸੰਦਰਭ ਵਿੱਚ ਆਪਣੀ ਸ਼ੰਕਾ ਜ਼ਾਹਿਰ ਕਰਨਾ ਕੋਈ ਬੁਰੀ ਗੱਲ ਨਹੀਂ ਹੈ। ਸਗੋਂ ਇਹ ਚੰਗੀ ਆਦਤ ਹੈ ਜਿਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜੇ ਕੋਈ ਪੁੱਛਦਾ ਹੈ ਤਾਂ ਉਸ ਨੂੰ ਵਿਆਖਿਆ ਕਰਕੇ, ਤੱਥਾਂ, ਉਦਾਹਰਣਾਂ ਸਹਿਤ ਸਮਝਾ ਕੇ, ਸਵਾਲ ਪੁੱਛਣ ਵਾਲੇ ਦੀ ਸੰਤੁਸ਼ਟੀ ਕਰਵਾਉਣਾ ਹੀ ਸਹੀ ਤਰੀਕਾ ਹੈ।

ਸੰਤੁਸ਼ਟੀ ਕਰਵਾ ਕੇ ਕੋਈ ਕਹਿ ਸਕਦਾ ਹੈ ਕਿ 'ਮੈਂ ਤਾਂ ਪਹਿਲਾਂ ਹੀ ਕਿਹਾ ਸੀ, ਸਾਡੇ ਗੁਰੂ, ਸਾਡੇ ਗ੍ਰੰਥ ਗਲਤ ਨਹੀਂ ਹਨ।' ਤਾਂ ਵੀ ਇਸ ਦਾ ਜਵਾਬ ਹੋਣਾ ਚਾਹੀਦਾ ਹੈ ਕਿ 'ਮੈਂ ਅੱਖਾਂ ਮੀਚ ਕੇ ਕੋਈ ਗੱਲ ਨਹੀਂ ਮੰਨਦਾ। ਮੈਂ ਪਰਖ ਕੇ, ਦਲੀਲਾਂ ਨਾਲ ਗੱਲ ਮੰਨਦਾ ਹਾਂ। ਤੁਸੀਂ ਪਰਖ ਕਰਕੇ ਦਿਖਾ ਦਿੱਤਾ, ਸਮਝਾ ਦਿੱਤਾ। ਤੁਹਾਡਾ ਧੰਨਵਾਦ। ਹੁਣ ਫੈਸਲਾ ਮੈਂ ਕਰਨਾ ਹੈ। ਮੈਂ ਅੱਗੇ ਤੋਂ ਵੀ ਕਿਸੇ ਗੱਲ ਨੂੰ ਪਰਖ ਕੀਤੇ ਬਗੈਰ ਸਵੀਕਾਰ ਨਹੀਂ ਕਰਾਂਗਾ। ਇਹ ਮੇਰਾ ਸੁਭਾਅ ਹੈ।' 'ਤੁਸੀਂ ਇਹ ਨਾ ਸਮਝੋ ਕਿ ਮੈਨੂੰ ਤੁਹਾਡੇ 'ਤੇ ਵਿਸ਼ਵਾਸ ਨਹੀਂ। ਕਿਸੇ ਦੀ ਸ਼ੰਕਾ ਨੂੰ ਦੂਰ ਕਰਨਾ ਸਗੋਂ ਵਿਸ਼ਵਾਸ ਨੂੰ ਮਜਬੂਤ ਕਰਨਾ ਹੈ।'

ਕੁਦਰਤ ਦੇ ਜੀਵ-ਵਿਕਾਸ ਦੌਰਾਨ, ਅਰੀੜਧਾਰੀ ਪ੍ਰਾਣੀਆਂ ਤੋਂ ਰੀੜਧਾਰੀ ਤੇ ਫਿਰ ਪੰਛੀਆਂ ਤੋਂ ਬਾਂਦਰ ਤੇ ਫਿਰ ਮਨੁੱਖ ਤੱਕ ਪਹੁੰਚਦੇ, ਅਸੀਂ ਇਸ ਲੜੀ ਨੂੰ ਪਰਖ ਸਕਦੇ ਹਾਂ ਕਿ ਕਿਵੇਂ ਮੱਛੀ ਪਾਣੀ ਵਿੱਚ ਰਹਿੰਦੀ ਹੈ ਤੇ ਡੱਡੂ ਪਾਣੀ ਵਿੱਚ ਰਹਿੰਦਾ ਹੈ ਤੇ ਜ਼ਮੀਨ 'ਤੇ ਵੀ। ਇਸੇ ਤਰ੍ਹਾਂ ਥਣਧਾਰੀ ਪ੍ਰਾਣੀ ਚਾਰ ਪੈਰਾਂ 'ਤੇ ਖੜ੍ਹਦੇ ਹਨ ਤੇ ਬਾਂਦਰ ਤੇ ਚੈਪਨੀਜ ਅਗਲੇ ਦੋ ਪੈਰਾਂ ਤੋਂ ਵੀ ਕੁੱਝ ਕੰਮ ਲੈਂਦੇ ਹਨ ਤੇ ਮਨੁੱਖ ਤੱਕ ਪਹੁੰਚਦੇ ਇਹ ਦੋ ਪੈਰਾਂ ਅਤੇ ਦੋ ਹੱਥਾਂ ਵਿੱਚ ਵਿਕਸਿਤ ਹੁੰਦੇ ਹਨ। ਇਸੇ ਸਿਲਸਿਲੇ ਵਿੱਚ ਹੀ ਦਿਮਾਗ ਦੇ ਵਿਕਾਸ ਦੀ ਗੱਲ ਹੈ। ਜਾਨਵਰਾਂ ਦੇ ਦਿਮਾਗ ਅਤੇ ਮਨੁੱਖ ਦੇ ਦਿਮਾਗ ਵਿੱਚ ਜੋ ਮੁੱਖ ਫਰਕ ਹੈ ਕਿ ਉਹ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਵੇਲੇ, ਜੋ ਇੱਕ ਵੱਖਰਾ ਤਰੀਕਾ ਵਰਤਦਾ ਹੈ, ਉਹ ਹੈ ਤਰਕ ਨਾਲ ਸਮੱਸਿਆ ਨੂੰ ਸਮਝਣਾ ਤੇ ਹੱਲ ਕਰਨਾ।

ਜਾਨਵਰਾਂ ਵਿੱਚ ਸਮੱਸਿਆ ਨੂੰ ਹੱਲ ਕਰਨ, ਕਿਸੇ ਮੁਸੀਬਤ ਨਾਲ ਨਜਿੱਠਣ ਦੇ ਦੋ ਤਰੀਕੇ ਹਨ ਜੋ ਕਿ ਸਰੀਰ ਦੇ ਹਾਰਮੋਨਜ ਅਤੇ ਸਰੀਰ ਦੀਆਂ ਨਸਾਂ ਰਾਹੀਂ ਸੰਚਾਲਿਤ ਹੁੰਦੇ ਹਨ। ਕਿਸੇ ਵੀ ਉਲਝਣ ਵੇਲੇ ਉਹ ਜਾਂ ਤਾਂ ਭਿੜ ਜਾਂਦੇ ਹਨ ਜਾਂ ਭੱਜ ਜਾਂਦੇ ਹਨ। ਮਨੁੱਖ ਵਿੱਚ ਇਨ੍ਹਾਂ ਦੋਹਾਂ ਤਰੀਕਿਆਂ ਦੇ ਨਾਲ-ਨਾਲ ਤੀਸਰਾ ਤਰੀਕਾ ਹੈ ਕਿ ਸਮੱਸਿਆ ਦੇ ਕਾਰਨਾਂ ਨੂੰ ਸਮਝਣਾ ਤੇ ਉਸ ਦੇ ਮੱਦੇਨਜ਼ਰ ਕੋਈ ਵਧੀਆ ਕਾਰਗਰ ਹੱਲ ਲੱਭਣਾ ਤੇ ਉਸ ਦੇ ਤਹਿਤ ਫੈਸਲਾ ਲੈਣਾ।

ਮਨੁੱਖ ਸਮੱਸਿਆ ਤੋਂ ਭੱਜਦੇ ਵੀ ਹਨ, ਜਦੋਂ ਉਹ ਕਿਨਾਰਾ ਕਰਦੇ ਹਨ, ਅੱਖਾਂ ਮੀਚ ਲੈਂਦੇ ਹਨ, ਮੈਨੂੰ ਕੀ? ਦੀ ਪ੍ਰਵਿਰਤੀ ਦਿਖਾਉਂਦੇ ਹਨ ਤੇ ਭਿੜਦੇ ਵੀ ਹਨ ਜਦੋਂ ਗੁੱਸੇ, ਗਾਲਾਂ, ਥੱਪੜ ਜਾਂ ਲੜਾਈ-ਝਗੜਾ ਕਰ ਰਹੇ ਹੁੰਦੇ ਹਨ। ਪਰ ਮਨੁੱਖ ਕੋਲ ਇੱਕ ਵਧੀਆ ਸੁਚਾਰੂ ਤਰੀਕਾ ਵੀ ਹੈ, ਜਿੱਥੋਂ ਭੱਜੇ ਜਾਂ ਭਿੜੇ ਵਗੈਰਾ ਵੀ ਸਮੱਸਿਆ ਸੁਲਝ ਜਾਂਦੀ ਹੈ।

ਸਮਾਜਿਕ ਪਰਿਪੇਖ ਵਿੱਚ ਜਦੋਂ ਸਮੱਸਿਆ ਆਉਂਦੀ ਹੈ ਤਾਂ ਅਸੀਂ ਕਿਸੇ ਨਾਲ ਗੱਲ ਕਰਦੇ ਹਾਂ ਜਾਂ ਸਾਡੇ ਕੋਈ ਨੇੜੇ-ਤੇੜੇ ਵਾਲਾ ਸਾਨੂੰ ਕੋਈ ਸੁਝਾਅ ਜਾਂ ਹੱਲ ਦਸਦਾ ਹੈ। ਇਸ ਤਰ੍ਹਾਂ

ਇਸ ਸਥਿਤੀ ਵਿੱਚ ਦੋ ਧਿਰਾਂ ਹਨ। ਸਮੱਸਿਆ ਵਿੱਚ ਫਸੀ ਜਾਂ ਸ਼ੰਕਾ ਨੂੰ ਨਿਪਟਾਉਣ ਅਤੇ ਸਵਾਲ ਕਰਨ ਵਾਲੀ ਅਤੇ ਦੂਸਰੀ ਹੈ ਜਵਾਬ ਦੇਣ ਵਾਲੀ ਤੇ ਸੁਲਝਾਉਣ ਵਾਲੀ।

ਸਵਾਲ ਖੜ੍ਹੇ ਕਰਨਾ ਸਾਡੀ ਕੁਦਰਤੀ ਖਾਸੀਅਤ ਹੈ, ਪਰ ਉਸ ਨੂੰ ਅੱਖਾਂ ਮੀਚ ਕੇ ਨਾ ਮੰਨ ਲੈਣਾ, ਬਹਿਸ ਕਰਨਾ, ਜਦੋਂ ਤੱਕ ਉਹ ਤਸੱਲੀਬਖਸ਼ ਨਾ ਹੋਵੇ, ਹੀ ਤਰਕਸ਼ੀਲ ਹੋਣਾ ਹੈ।

ਹੋ ਸਕਦਾ ਹੈ, ਸੁਝਾਅ ਦੇਣ ਵਾਲਾ, ਜਵਾਬ ਦੇਣ-ਸਮਝਾਉਣ ਵਾਲਾ ਗੁੱਸੇ ਹੋਵੇ, ਨਾਰਾਜ਼ ਹੋਵੇ, ਪਰ ਤੁਹਾਡਾ ਵਿਵਹਾਰ ਠਰ੍ਹੰਮੇ ਵਾਲਾ ਹੋਣਾ ਚਾਹੀਦਾ ਹੈ ਤੇ ਤੁਹਾਡੀ ਮੰਸ਼ਾ ਬਿਲਕੁਲ ਸਾਫ ਹੋਣੀ ਚਾਹੀਦੀ ਹੈ। ਵੈਸੇ ਤਾਂ ਦੋਹਾਂ ਧਿਰਾਂ ਦੀ ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ। ਤੁਸੀਂ ਚਾਹੇ ਖ਼ੁਦ ਤਰਕਸ਼ੀਲ ਹੋ ਤੇ ਤੁਹਾਡਾ ਸਾਹਮਣਾ ਕਿਸੇ ਵਹਿਮੀ-ਅੰਧ-ਵਿਸ਼ਵਾਸੀ ਨਾਲ ਪਿਆ ਹੈ ਜਾਂ ਤੁਸੀਂ ਤਰਕਸ਼ੀਲ ਹੋਣਾ ਚਾਹੁੰਦੇ ਹੋ ਤੇ ਜਵਾਬ ਦੇਣ ਵਾਲਾ ਕੁਰਾਹੇ ਪਾ ਰਿਹਾ ਹੈ, ਠਰ੍ਹੰਮਾ ਹੀ ਮੂਲ ਹੈ। ਤਰਕ ਅਧਾਰਿਤ ਬਹਿਸ ਹੀ ਜਵਾਬ ਹੈ ਤੇ ਪੱਕੇ ਇਰਾਦੇ ਨਾਲ ਗੱਲ ਸਮਝਾਉਣਾ ਜਾਂ ਕਿਸੇ 'ਤੇ ਵਿਸ਼ਵਾਸ ਕਰਕੇ ਚੁੱਪ-ਚੁਪੀਤੇ ਨਾ ਮੰਨਣਾ ਹੀ ਤਰਕਸ਼ੀਲਤਾ ਦੀ ਲੋੜ ਹੈ।

ਵੈਸੇ ਤਾਂ ਤਰਕਸ਼ੀਲਤਾ ਦੇ ਗੁਣ ਨੂੰ ਵਰਤਣ ਦਾ ਤਰੀਕਾ ਸਿਖਾਉਣਾ ਪੈਂਦਾ ਹੈ, ਵਿਕਸਿਤ ਕਰਨਾ ਪੈਂਦਾ ਹੈ। ਜਿਵੇਂ ਕਿ ਸਰੀਰ ਦੇ ਸਾਰੇ ਅੰਗਾਂ ਨਾਲ ਇਹ ਕੁਦਰਤੀ ਹੈ ਕਿ ਜਿਸ ਅੰਗ ਨੂੰ ਲਗਾਤਾਰ ਲੰਮੇ ਸਮੇਂ ਲਈ ਨਾ ਵਰਤਿਆ ਜਾਵੇ ਤਾਂ ਉਹ ਨਕਾਰਾ ਹੋ ਜਾਂਦਾ ਹੈ। ਸਰੀਰ ਦੇ ਅੰਗਾਂ ਨੂੰ ਵਰਤਣ ਨਾਲ ਹੀ ਉਹ ਕੁਸ਼ਲ ਜਾਂ ਲਾਇਕ ਹੁੰਦੇ ਹਨ। ਸਰੀਰ ਦੀਆਂ ਮਾਸਪੇਸ਼ੀਆਂ (ਡੌਲੇ) ਆਦਿ ਬਣਾਉਣ ਲਈ ਲੋਕ ਜਿੰਮ ਜਾਂਦੇ ਹਨ ਜਾਂ ਕਸਰਤ ਕਰਦੇ ਹਨ, ਉਹੀ ਤਰੀਕਾ ਦਿਮਾਗ ਦੇ ਵਿਕਾਸ ਦਾ ਹੈ ਤੇ ਖਾਸ ਕਰਕੇ ਉਸ ਦੇ ਅੰਦਰ ਮੌਜੂਦ ਤਰਕਸ਼ੀਲਤਾ ਨਾਲ ਜੁੜੇ ਅੰਗ ਦਾ। ਉਸ ਦਾ ਵਿਗਿਆਨਕ ਨਾਂ ਫਰੰਟਲ ਲੋਬ ਹੈ ਜੋ ਦਿਮਾਗ ਦੇ ਵੱਡੇ ਹਿੱਸੇ ਸੈਰੀਬੈਲਮ ਵਿੱਚ ਹੁੰਦਾ ਹੈ।

ਮਨੁੱਖ ਆਪਣੇ ਕੁਦਰਤੀ ਸੁਭਾਅ ਤੋਂ ਹੀ ਜਿਗਿਆਸੂ ਹੈ। ਉਹ ਆਪਣੇ ਆਲੇ-ਦੁਆਲੇ ਦਿਖਦੀ ਹਰ ਚੀਜ਼ ਬਾਰੇ ਜਾਨਣਾ ਚਾਹੁੰਦਾ ਹੈ। ਕੀ ਹੈ? ਕੀ ਹੈ? ਉਸਦਾ ਸੁਭਾਅ ਹੈ। ਪਰ ਬਾਰਾਂ-ਤੇਰ੍ਹਾਂ ਸਾਲ ਦੀ ਉਮਰ 'ਤੇ ਪਹੁੰਚ ਕੇ ਉਸ ਦੀ ਜਿਗਿਆਸੂ ਪ੍ਰਵਿਰਤੀ ਵਿੱਚ ਇੱਕ ਹੋਰ ਗੁਣ ਸ਼ਾਮਲ ਹੁੰਦਾ ਹੈ, ਉਹ ਹੈ ਘਟਨਾਵਾਂ-ਵਰਤਾਰਿਆਂ ਦਾ ਵਿਸਲੇਸ਼ਣ ਕਰਨਾ। ਆਪਣੀ 'ਕੀ ਹੈ' ਦੀ ਜਾਣਕਾਰੀ ਵਿੱਚ ਕਿਉਂ ਹੈ? ਕਿਵੇਂ ਹੈ? ਵਿਕਸਿਤ ਹੁੰਦਾ ਹੈ। ਸ਼ੁਰੂਆਤੀ ਦੌਰ ਵਿੱਚ ਕੁਦਰਤੀ ਵਰਤਾਰਿਆਂ ਨੂੰ ਲਈਏ ਤਾਂ ਦਿਨ-ਰਾਤ ਕਿਵੇਂ ਬਣਦੇ ਹਨ, ਮੌਸਮਾਂ ਦੀ ਤਬਦੀਲੀ ਤੇ ਫਿਰ ਬਿਮਾਰੀ ਅਤੇ ਮੌਤ ਤੱਕ 'ਤੇ ਸਵਾਲ ਖੜ੍ਹੇ ਹੁੰਦੇ ਹਨ। ਫਿਰ ਉਸ ਦੀ ਬੁੱਧੀ ਸਿਆਣਪ ਵਿੱਚ ਪਏ ਤਰਕਸ਼ੀਲ ਵਾਲੇ ਗੁਣ ਨੇ ਇਨ੍ਹਾਂ ਦੀ ਖੋਜ ਕੀਤੀ, ਜਵਾਬ ਲੱਭੇ। ਆਪਸ ਵਿੱਚ ਚਰਚਾ ਕੀਤੀ। ਨਤੀਜਿਆਂ 'ਤੇ ਮੁੜ-ਮੁੜ ਵਿਚਾਰਿਆ। ਸਮੇਂ ਨਾਲ ਲੋੜ ਪੈਣ 'ਤੇ ਸੋਧਾਂ ਕੀਤੀਆਂ। ਪਰਖ-ਵਿਧੀ ਨੂੰ ਅਪਣਾਇਆ। ਆਪਣੇ ਨਤੀਜਿਆਂ ਨੂੰ ਤਰਕ ਦੇ ਆਧਾਰ 'ਤੇ ਮੁੜ-ਮੁੜ ਸਮਝ ਕੇ, ਤਬਦੀਲ ਕਰਨ ਵੱਲੋਂ ਵੀ ਕੋਈ ਹੱਠ ਨਹੀਂ ਦਿਖਾਇਆ, ਸਗੋਂ ਗਿਆਨ ਦੀ ਭਾਲ ਲਈ, ਸੱਚ 'ਤੇ ਪਹੁੰਚਣ ਲਈ ਦਿਮਾਗ ਨੂੰ ਹਮੇਸ਼ਾ ਖੁੱਲ੍ਹਾ ਰੱਖਿਆ।

ਇਸ ਤਰ੍ਹਾਂ ਹੌਲੀ-ਹੌਲੀ ਇੱਕ ਵਿਗਿਆਨਕ, ਤਰਕਸ਼ੀਲ ਵਿਧੀ ਵਿਕਸਿਤ ਹੋਈ। ਭਾਵ ਕਿ ਸ਼ੁਰੂਆਤੀ ਦਿਨਾਂ ਵਿੱਚ ਵਿਗਿਆਨਕ ਸਮਝ ਦੇ ਵਿਕਾਸ ਦੇ ਮੁੱਢਲੇ ਪੜਾਅ 'ਤੇ ਇਨ੍ਹਾਂ ਸਵਾਲਾਂ ਨੂੰ ਖੜ੍ਹੇ ਕਰਨਾ ਤੇ ਪ੍ਰਚਲਿਤ ਧਾਰਨਾਵਾਂ ਦੇ ਵਿਰੋਧ ਵਿੱਚ ਗੱਲ ਰੱਖਣੀ ਸੌਖਾ ਨਹੀਂ ਸੀ। ਇਸਦੇ ਲਈ ਵਿਗਿਆਨੀਆਂ ਨੂੰ ਸਜ਼ਾਵਾਂ ਵੀ ਮਿਲੀਆਂ, ਪਰ ਆਖਰ ਪਰਖ ਅਤੇ ਪ੍ਰਮਾਣ ਦੀ, ਤਰਕਸ਼ੀਲਤਾ ਦੀ ਹੀ ਜਿੱਤ ਹੋਈ। ਇਸ ਸਿਲਸਿਲੇ ਦੌਰਾਨ ਵਿਗਿਆਨਕ ਸਿਖਲਾਈ-ਪੜ੍ਹਾਈ ਦਾ ਇੱਕ ਵਿਧੀਵਤ ਤਰੀਕਾ ਬਣਿਆ ਤੇ ਹਰ ਇੱਕ ਵਿਅਕਤੀ ਨੂੰ ਇਸ ਸਮਝ ਨਾਲ ਜੋੜਨ ਦੇ ਯਤਨ ਆਰੰਭ ਹੋਏ।

ਤਰਕਸ਼ੀਲਤਾ ਦੀ ਜੇਕਰ ਆਸਾਨ ਤਰੀਕੇ ਨਾਲ ਵਿਆਖਿਆ ਕਰਨੀ ਹੋਵੇ ਤਾਂ ਉਹ ਹੈ ਸਮੱਸਿਆ ਨੂੰ ਸਮਝਣ ਅਤੇ ਸੁਲਝਾਉਣ ਦਾ ਕਾਰਗਰ ਤਰੀਕਾ। ਸਮੱਸਿਆ ਨੂੰ ਸਮਝਣਾ ਅਤੇ ਸੁਲਝਾਉਣਾ, ਦੋਵੇਂ ਆਪਸ ਵਿੱਚ ਜੁੜੇ ਹੋਏ ਹਨ। ਸਹੀ ਸਮਝ ਹੀ ਸਹੀ ਦਿਸ਼ਾ ਵੱਲ ਸੰਕੇਤ ਕਰੇਗੀ। ਆਪਾਂ ਜਾਨਵਰਾਂ ਅਤੇ ਮਨੁੱਖ ਵਿੱਚ ਫਰਕ ਕਰਦਿਆਂ ਜਾਣਿਆਂ ਹੈ ਕਿ ਮਨੁੱਖ ਸਮੱਸਿਆ ਨੂੰ ਕਈ ਪੱਖਾਂ ਤੋਂ ਸਮਝਦਾ ਤੇ ਫਿਰ ਕਈ ਤਰੀਕੇ ਸੋਚਦਾ ਹੈ ਤੇ ਇੱਕ ਨੂੰ ਅਪਣਾਉਂਦਾ ਹੈ। ਫਿਰ ਨਤੀਜੇ/ਸਿੱਟੇ ਦੇਖ ਕੇ ਉਸ ਤਰੀਕੇ ਨੂੰ ਸੋਧਦਾ ਹੈ ਜਾਂ ਬਦਲਦਾ ਹੈ। ਇਸ ਤਰੀਕੇ ਨੂੰ ਸਿੱਖਣ-ਸਿਖਾਉਣ ਲਈ ਅਧਿਆਪਨ ਦੀ ਇੱਕ ਵੱਡੀ ਭੂਮਿਕਾ ਹੈ।

ਅਸੀਂ ਆਪਣੀ ਵਿਧੀਵਤ ਪੜ੍ਹਾਈ ਦੌਰਾਨ ਗਣਿਤ ਦੇ ਸਾਧਾਰਨ ਸਵਾਲਾਂ ਤੋਂ ਹੁੰਦੇ ਪੇਚੀਦਾ ਸਵਾਲਾਂ ਤੱਕ ਜਾਂਦੇ ਹਾਂ ਤੇ ਫਿਰ ਅੱਠਵੀਂ-ਨੌਵੀਂ ਕਲਾਸ ਵਿੱਚ (12-13 ਸਾਲ ਦੀ ਉਮਰ) ਵਿਗਿਆਨ ਦੇ ਨਿਯਮਾਂ ਵਾਲੀ ਪੜ੍ਹਾਈ ਸ਼ੁਰੂ ਕਰਦੇ ਹਾਂ, ਜਦੋਂ ਬੱਚਾ ਵਿਸਲੇਸ਼ਣੀ ਸਮਝ ਦਾ ਧਾਰਨੀ ਹੋ ਰਿਹਾ ਹੁੰਦਾ ਹੈ। ਵਿਗਿਆਨਕ ਸਮਝ ਸਿਰਫ਼ ਰਸਾਇਣ ਜਾਂ ਭੌਤਿਕ ਵਿਗਿਆਨ ਨੂੰ ਸਮਝਣ ਦਾ ਤਰੀਕਾ ਨਹੀਂ ਹੈ। ਇਹੀ ਤਰੀਕਾ ਸਮਾਜ, ਅਰਥ ਸ਼ਾਸਤਰ, ਰਾਜਨੀਤੀ ਅਤੇ ਨੈਤਿਕਤਾ ਨੂੰ ਸਮਝਣ ਦਾ ਹੈ। ਇੱਥੋਂ ਤੱਕ ਕਿ ਇਤਿਹਾਸ ਦੇ ਉਤਰਾਅ-

ਚੜ੍ਹਾਅ ਕਿਸੇ ਵੀ ਸ਼ਾਸਨ ਦਾ ਫੈਲਣਾ ਅਤੇ ਅਸਫਲ ਹੋਣਾ ਵੀ ਇਸੇ ਤਰੀਕੇ ਨਾਲ ਸਮਝਣੇ ਹੁੰਦੇ ਹਨ।

ਅਸੀਂ ਕੁੱਝ ਪ੍ਰਸ਼ਨਾਂ ਦੇ ਰੂਬਰੂ ਰੋਜ਼ ਹੁੰਦੇ ਹਾਂ ਜਿਵੇਂ ਮੈਂ ਗਰੀਬ ਕਿਉਂ ਹਾਂ? ਮੇਰੇ ਬੱਚੇ ਨੂੰ ਚੰਗੇ ਸਕੂਲ ਵਿੱਚ ਦਾਖਲਾ ਕਿਉਂ ਨਹੀਂ ਮਿਲਦਾ? ਸਮਾਜ ਵਿੱਚ ਸਾਡੇ ਨਾਲ ਵਿਤਕਰਾ ਕਿਉਂ ਹੁੰਦਾ ਹੈ? ਸਾਡੇ ਘਰ ਬਾਕੀਆਂ ਨਾਲੋਂ ਦੂਰ ਅਤੇ ਗੰਦੇ ਕਿਉਂ ਹਨ? ਇਸ ਤਰ੍ਹਾਂ ਦੇ ਸਵਾਲਾਂ ਦਾ ਹੱਲ ਲੱਭਣ ਵੇਲੇ, ਖਾਸ ਤੌਰ 'ਤੇ ਜਦੋਂ ਉਹ ਸਮਾਜਿਕ ਵਿਵਸਥਾ ਨਾਲ ਜੁੜੇ ਹੋਣ ਤਾਂ ਉਹੀ ਵਰਤਾਰਾ ਵਾਪਰਦਾ ਹੈ ਜਿਸ ਦਾ ਸ਼ੁਰੂ ਵਿੱਚ ਜ਼ਿਕਰ ਹੈ ਕਿ ਇੱਕ ਹੈ ਸਵਾਲ ਪੁੱਛਣ ਵਾਲਾ ਅਤੇ ਦੂਸਰਾ ਹੈ ਜਵਾਬ ਦੇਣ ਵਾਲਾ।

ਇਸ ਤਰ੍ਹਾਂ ਦੀ ਹਾਲਤ ਵਿੱਚ ਦੋ ਹੀ ਤਰੀਕੇ ਹਨ ਕਿ ਇਸ ਕੁਦਰਤੀ ਮਨੁੱਖੀ ਗੁਣ ਨੂੰ ਦਬਾ ਦਿੱਤਾ ਜਾਵੇ, ਵਿਕਸਿਤ ਹੀ ਨਾ ਹੋਣ ਦਿੱਤਾ ਜਾਵੇ। ਇਸ ਨੂੰ ਸਮਾਜ ਦੇ ਨੇਮ, ਚਲਦੇ ਆ ਰਹੇ ਨੇਮ ਤੇ ਇੱਥੋਂ ਤੱਕ ਕਿ ਕੁਦਰਤ ਦੇ ਨੇਮ ਕਹਿ ਕੇ ਸਮਝਾਇਆ ਜਾਵੇ ਤੇ ਲੋਕਾਂ ਨੂੰ, ਜੋ ਹੈ, ਜਿਵੇਂ ਹੈ, ਉਸੇ ਤਰ੍ਹਾਂ ਕਬੂਲ ਕਰਨਾ ਸਿਖਾਇਆ ਜਾਵੇ। ਦੂਸਰਾ ਹੈ ਕਿ ਬੱਚਿਆਂ ਨੂੰ ਇਸ ਤੇਰ੍ਹਾਂ-ਚੌਦਾਂ ਸਾਲ ਦੀ ਉਮਰੇ ਸਵਾਲ ਕਰਨ ਲਈ ਪ੍ਰੇਰਿਤ ਕੀਤਾ ਜਾਵੇ, ਸਵਾਲਾਂ ਦੇ ਜਵਾਬ ਲੱਭਣ ਲਈ ਉਕਸਾਇਆ ਜਾਵੇ, ਰਾਹ ਦਿਖਾਇਆ ਜਾਵੇ ਤਾਂ ਜੋ ਉਹ ਜੋ ਹੈ, ਜਿਵੇਂ ਹੈ, ਨੂੰ ਕਬੂਲ ਨਾ ਕਰਨ। ਇਸ ਲਈ ਅਧਿਆਪਨ ਖੇਤਰ ਨਾਲ ਜੁੜੇ ਸਿੱਖਿਆ ਦੇ ਢੰਗ-ਤਰੀਕੇ ਨੂੰ ਕੁੱਝ ਇਸ ਤਰ੍ਹਾਂ ਸਮਝਾਇਆ ਜਾਂਦਾ ਹੈ ਕਿ ਚੰਗਾ ਅਧਿਆਪਕ ਕਦੇ ਵੀ ਕਿਸੇ ਸਮੱਸਿਆ ਦਾ ਬਣਿਆ-ਬਣਾਇਆ ਹੱਲ ਜਾਂ ਜਵਾਬ ਨਹੀਂ ਦਿੰਦਾ, ਸਗੋਂ ਬੱਚੇ ਨੂੰ ਹੱਲ ਲੱਭਣ ਲਈ ਰਾਹ ਦਸਦਾ ਹੈ ਤੇ ਉਸ ਰਾਹ ਵੱਲ ਤੋਰਦਾ ਹੈ।

ਦਿਮਾਗ ਦੀ ਵਰਤੋਂ ਕਰਨਾ ਵੀ ਸਮਾਜਿਕ ਸਥਿਤੀ ਵਿੱਚ ਆਮ ਹੈ, ਪਰ ਗੌਰ ਕਰਨ ਦੀ ਲੋੜ ਹੈ ਜਿਵੇਂ ਕਿ ਇੱਕ ਸਥਿਤੀ ਹੈ ਕਿ ਤੁਹਾਨੂੰ ਇੱਕ ਕਮੀਜ ਦੀ ਲੋੜ ਹੈ। ਤੁਸੀਂ ਕਿਸੇ ਮਾਲ, ਦੁਕਾਨ 'ਤੇ ਜਾਂਦੇ ਹੋ। ਤੁਸੀਂ ਅਨੇਕਾਂ ਕੰਪਨੀਆਂ, ਡਿਜ਼ਾਈਨਾਂ ਨੂੰ ਦੇਖਦੇ ਹੋ। ਕੱਪੜੇ ਨੂੰ ਹੱਥ ਲਾ ਕੇ ਪਰਖਦੇ ਹੋ। ਪੈਸੇ ਵੀ ਪੁੱਛਦੇ ਹੋ ਤੇ ਫਿਰ ਅੰਤ ਇੱਕ ਵਧੀਆ ਡਿਜ਼ਾਈਨ ਵਾਲੀ, ਹੰਢਣਸਾਰ ਅਤੇ ਵਾਜਬ ਕੀਮਤ ਦੀ ਕਮੀਜ ਲੈ ਕੇ ਆਉਂਦੇ ਹੋ। ਇਹ ਤੁਹਾਡੇ ਦਿਮਾਗ ਦੀ ਤਰਕਸ਼ੀਲ ਸੋਚ ਵਾਲੀ ਕਸਰਤ ਹੈ। ਅਗਲੇ ਦਿਨ ਤੁਸੀਂ ਕਮੀਜ ਪਾ ਕੇ ਆਉਂਦੇ ਹੋ। ਤੁਹਾਡੇ ਸਾਥੀ ਤਾਰੀਫ ਕਰਦੇ ਅਤੇ ਪੁੱਛਦੇ ਹਨ। ਉਹ ਸਾਥੀ ਜਾਕੇ ਉੱਥੋਂ ਉਹੀ ਇੱਕ ਕਮੀਜ ਚੁੱਕ ਲਿਆਉਂਦੇ ਹਨ। ਉਨ੍ਹਾਂ ਨੇ ਦਿਮਾਗ ਨਹੀਂ ਵਰਤਿਆ। ਉਨ੍ਹਾਂ ਨੇ ਆਪਣੇ ਸਾਥੀ ਦੇ ਤਜ਼ਰਬੇ ਦਾ ਫਾਇਦਾ ਲਿਆ। ਪਰ ਇਹ ਤਰੀਕਾ ਸਿਆਣਪ ਨੂੰ ਵਿਕਸਿਤ ਨਹੀਂ ਹੋਣ ਦਿੰਦਾ। ਅਸੀਂ ਅਕਸਰ ਜ਼ਿੰਦਗੀ ਵਿੱਚ ਕੀਤੇ-ਕਿਤਾਏ ਤਜ਼ਰਬਿਆਂ ਰਾਹੀਂ ਕੰਮ ਕਰਦੇ ਹਾਂ। ਅਸੀਂ ਚਲਾਕ ਹਾਂ, ਪਰ ਸਿਆਣੇ ਨਹੀਂ, ਤਰਕਸ਼ੀਲ ਨਹੀਂ।

ਤਰਕਸ਼ੀਲਤਾ ਵਿਕਸਿਤ ਕਰਨ ਦੇ ਪੜਾਅ ਹਨ :
ਜਿਵੇਂ ਇਸ ਸਥਿਤੀ ਵਿੱਚ ਸਮੱਸਿਆ ਹੈ : ਕਮੀਜ ਦੀ ਲੋੜ
ਤਰੀਕਾ : ਕਈ ਕਮੀਜਾਂ, ਰੰਗ, ਡਿਜ਼ਾਈਨ, ਕੀਮਤ
ਨਿਰਣਾ : ਇੱਕ ਵਾਜਬ, ਕਾਰਗਰ ਚੋਣ।

ਇਸ ਤਰ੍ਹਾਂ ਕਿਸੇ ਦੇ ਤਜ਼ਰਬੇ ਤੋਂ ਫਾਇਦਾ ਲਿਆ ਜਾ ਸਕਦਾ ਹੈ। ਦਰਅਸਲ ਜਦੋਂ ਅਸੀਂ ਵਿਗਿਆਨਕ ਪੜ੍ਹਾਈ-ਸਿਖਲਾਈ ਦੀ ਗੱਲ ਕਰਦੇ ਹਾਂ ਤਾਂ ਅਸੀਂ ਉਨ੍ਹਾਂ ਰਾਹੀਂ ਆਪਣੇ ਵਿਗਿਆਨੀਆਂ ਦੇ ਕੰਮ ਕਰਨ ਦੇ ਢੰਗ ਨੂੰ ਸਿੱਖ ਰਹੇ ਹੁੰਦੇ ਹਾਂ। ਆਪਣੇ ਦਿਮਾਗ ਨੂੰ ਵਰਤਣਾ ਸਿੱਖ ਰਹੇ ਹੁੰਦੇ ਹਾਂ। ਤਰਕਸ਼ੀਲ ਹੋਣ ਦੇ ਰਾਹ 'ਤੇ ਪੈ ਰਹੇ ਹੁੰਦੇ ਹਾਂ।


ਇਸ ਸਥਿਤੀ ਨੂੰ ਅਜੋਕੀ ਸਿੱਖਿਆ ਸਥਿਤੀ ਨਾਲ ਜੋੜ ਕੇ ਦੇਖਦੇ ਹਾਂ, ਜਦੋਂ ਕਿ ਪਿਛਲੇ ਦੋ-ਤਿੰਨ ਦਹਾਕਿਆਂ ਦੇ ਮੁਕਾਬਲੇ ਸਾਡੇ ਬੱਚੇ 95 ਤੋਂ 99 ਫੀਸਦੀ ਨੰਬਰ ਲੈ ਗਏ ਹਨ। ਸਾਨੂੰ ਲਗਦਾ ਹੈ ਕਿ ਅਜੋਕੀ ਪੀੜ੍ਹੀ ਸਾਡੇ ਤੋਂ ਵੱਧ ਸਿਆਣੀ ਹੈ, ਪਰ ਇਹ ਧਾਰਨਾ ਗਲਤ ਹੈ, ਸਿਆਣਪ ਤੋਂ ਭਾਵ ਹੈ ਕੋਈ ਨਵਾਂ ਤਰੀਕਾ, ਨਵੀਂ ਸੋਚ, ਪਹਿਲਾਂ ਮੌਜੂਦਾ ਤਰੀਕਿਆਂ ਤੋਂ ਅੱਗੇ ਨਵਾਂ ਬੇਹਤਰ ਹੱਲ। ਅੱਜ ਜਦੋਂ ਸਾਡੇ ਸਵਾਲ ਪੁੱਛਣ ਦੇ ਤਰੀਕੇ 'ਤੇ ਝਾਤੀ ਮਾਰਦੇ ਹਾਂ ਤਾਂ ਉਸ ਵਿੱਚ ਪ੍ਰਸ਼ਨ ਨਾਲ ਚਾਰ ਜਵਾਬ ਹਨ ਤੇ ਇੱਕ ਸਹੀ ਹੈ। ਉਹ ਸਹੀ ਵੀ ਕਿਸੇ ਕਿਤਾਬ ਵਿੱਚ ਦਰਜ ਹੈ। ਉਸ ਪ੍ਰਸ਼ਨ ਪੱਤਰ ਦੀ ਚਾਬੀ ਮੁਤਾਬਕ ਬੱਚੇ ਤੋਂ ਜਵਾਬ ਦੀ ਆਸ ਹੈ। ਜਦੋਂ ਕਿ ਦੋ-ਤਿੰਨ ਦਹਾਕੇ ਪਹਿਲਾਂ ਵਾਲੀ ਵਿਵਸਥਾ ਵਿੱਚ ਹੁੰਦਾ ਸੀ, ਤੁਸੀਂ ਕੀ ਸੋਚਦੇ ਹੋ, ਇਸ ਬਾਰੇ ਆਪਣੇ ਵਿਚਾਰ ਪ੍ਰਗਟਾਓ, ਇਸ ਦੀ ਵਿਆਖਿਆ ਕਰੋ ਆਦਿ।

ਜੇਕਰ ਇਸ ਸਿੱਖਿਆ ਪ੍ਰਣਾਲੀ ਦਾ ਵਿਸਲੇਸ਼ਣ ਕਰੀਏ ਤਾਂ ਇਹ ਸਿੱਖਿਆ ਬੱਚੇ ਨੂੰ ਰੱਟਾ ਲਗਾਉਣ, ਬਣੇ-ਬਣਾਏ ਜਵਾਬ ਪੇਸ਼ ਕਰਨਾ ਸਿਖਾਉਂਦੀ ਹੈ। ਆਪਣਾ ਦਿਮਾਗ, ਸੋਚ ਵਰਤਣ ਦੀ ਇਜਾਜ਼ਤ ਨਾ ਦੇ ਕੇ, ਉਸ ਦੀ ਸਿਆਣਪ ਨੂੰ ਜੰਗ ਲਗਾਉਣ ਦਾ ਕੰਮ ਕਰਦੀ ਹੈ। ਇਸ ਤਰ੍ਹਾਂ ਅਧਿਆਪਨ ਅਤੇ ਸਿੱਖਿਆ ਦਾ ਮਨੋਰਥ, ਜੋ ਖੋਜ ਦੇ ਰਾਹ ਪਾਉਣਾ ਸੀ, ਤਰਕਸ਼ੀਲ ਬਣਾਉਣਾ ਸੀ, ਸਗੋਂ ਤਰਕਸ਼ੀਲਤਾ ਨੂੰ ਮੁਕਾਉਣ ਵੱਲ ਲੈ ਜਾ ਰਹੀ ਹੈ ਤੇ ਅਸੀਂ ਲਾਈਲੱਗ, ਪਿੱਛਲੱਗੂ, ਮਸ਼ੀਨੀ ਕਿਸਮ ਦਾ ਕੰਮ ਕਰਨ ਵਾਲੇ ਲੋਕਾਂ ਨੂੰ ਪੈਦਾ ਕਰਨ ਜਾ ਰਹੇ ਹਾਂ।

98158-08506

ਗੈਰਵਿਗਿਆਨਕ ਪ੍ਰਚਾਰ

ਗਊ ਮੂਤਰ - ਭਰਮ ਤੇ ਭੁਲੇਖੇ



ਡਾ. ਅਰੁਣ ਮਿੱਤਰਾ

ਭੋਪਾਲ ਲੋਕ ਸਭਾ ਹਲਕੇ ਤੋਂ ਜੇਤੂ ਰਹੀ ਭਾਰਤੀ ਜਨਤਾ ਪਾਰਟੀ ਦੀ ਆਗੂ ਪ੍ਰੱਗਿਆ ਸਿੰਘ ਠਾਕੁਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਕੈਂਸਰ ਗਊ ਮੂਤਰ ਪੀਣ ਨਾਲ ਠੀਕ ਹੋਇਆ ਹੈ। ਇਸ ਕਥਨ ਨੇ ਪ੍ਰਸ਼ਨ ਖੜ੍ਹਾ ਕਰ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਮੁਲਕ ਵਿੱਚ ਮੈਡੀਕਲ ਵਿਗਿਆਨ, ਮਿੱਥਿਆ ਉੱਤੇ ਆਧਾਰਿਤ ਹੋਵੇਗਾ ਜਾਂ ਪ੍ਰਮਾਣ ਆਧਾਰਿਤ ਵਿਗਿਆਨਕ ਵਿਚਾਰਾਂ ਉੱਤੇ। ਰਾਮ ਮਨੋਹਰ ਲੋਹੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦੇ ਸਰਜਨ ਡਾ. ਐੱਸ.ਐੱਸ. ਰਾਜਪੂਤ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਪ੍ਰੱਗਿਆ ਦੇ ਛਾਤੀ ਦੇ ਕੈਂਸਰ ਲਈ ਤਿੰਨ ਆਪ੍ਰੇਸ਼ਨ ਕੀਤੇ ਤਾਂ ਜੋ ਉਨ੍ਹਾਂ ਨੂੰ ਕੈਂਸਰ ਮੁਕਤ ਕੀਤਾ ਜਾ ਸਕੇ।

ਕੱਟੜ ਹਿੰਦੂਵਾਦੀ ਤਾਕਤਾਂ ਵੱਲੋਂ ਗਊ ਮੂਤਰ ਦੇ ਸਿਹਤ ਨੂੰ ਲਾਭਾਂ ਬਾਬਤ ਅਨੇਕਾਂ ਦਾਅਵੇ ਕੀਤੇ ਜਾਂਦੇ ਰਹੇ ਹਨ; ਹਾਲਾਂਕਿ ਇਨ੍ਹਾਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਇਨਸਾਨੀ ਖਪਤ ਲਈ ਕਿਸੇ ਵਸਤੂ ਦੇ ਹਾਨੀਕਾਰਕ ਨਾ ਹੋਣ ਲਈ ਜਾਂਚ ਜ਼ਰੂਰੀ ਹੈ ਤੇ ਨਾਲ ਹੀ ਲਾਭਕਾਰੀ ਹੋਣ ਦਾ ਪ੍ਰਮਾਣ ਵੀ ਚਾਹੀਦਾ ਹੁੰਦਾ ਹੈ। ਇਹ ਉਨ੍ਹਾਂ ਵਸਤਾਂ ਲਈ ਹੋਰ ਵੀ ਜ਼ਰੂਰੀ ਹੈ ਜਿਨ੍ਹਾਂ ਨੂੰ ਦਵਾਈ ਵਜੋਂ ਵਰਤਿਆ ਜਾਣਾ ਹੈ ਪਰ ਇਸ ਪਾਸੇ ਗੱਲ ਤੁਰ ਨਹੀਂ ਰਹੀ ਹੈ।

ਸਾਡੇ ਸਰੀਰ ਵਿੱਚ ਬਹੁਤ ਹੀ ਵਿਸਤ੍ਰਿਤ ਪ੍ਰਣਾਲੀ ਮੌਜੂਦ ਹੈ ਜਿਸ ਰਾਹੀਂ ਜਿਹੜਾ ਪਦਾਰਥ ਲੋੜੀਂਦਾ ਹੈ, ਉਹ ਵਰਤੋਂ ਵਿੱਚ ਆ ਜਾਂਦਾ ਹੈ। ਇਹ ਆਮ ਗੱਲ ਹੈ ਕਿ ਜਿਸ ਚੀਜ਼ ਨੂੰ ਅਸੀਂ ਖਾਂਦੇ ਹਾਂ, ਉਹ ਪਾਚਨ ਪ੍ਰਣਾਲੀ ਵਿੱਚ ਹਜ਼ਮ ਕੀਤੀ ਜਾਂਦੀ ਹੈ ਅਤੇ ਬਾਕੀ ਨੂੰ ਖੁਰਾਕ ਨਲੀ ਦੁਆਰਾ ਸਰੀਰ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਖੁਰਾਕ ਹਜ਼ਮ ਕਰਨ ਦੀ ਕਿਰਿਆ ਦੌਰਾਨ ਗੈਰ ਜ਼ਰੂਰੀ ਪਦਾਰਥਾਂ ਨੂੰ ਗੁਰਦਿਆਂ ਰਾਹੀਂ ਮੂਤਰ ਵਿੱਚ ਬਾਹਰ ਕੱਢ ਦਿੱਤਾ ਜਾਂਦਾ ਹੈ। ਸਾਰੇ ਥਣਧਾਰੀ ਪ੍ਰਾਣੀਆਂ ਦੀ ਇਹ ਕਿਰਿਆ ਮੋਟੇ ਤੌਰ 'ਤੇ ਇੱਕੋ ਜਿਹੀ ਹੈ, ਇਸ ਲਈ ਜੋ ਮੂਤਰ ਬਾਹਰ ਨਿਕਲਦਾ ਹੈ, ਉਹ ਵੀ ਇੱਕੋ ਜਿਹਾ ਹੋਵੇਗਾ।

ਮਨੁੱਖੀ ਅਤੇ ਗਊ ਮੂਤਰ ਵਿੱਚ ਪਾਣੀ ਤੋਂ ਇਲਾਵਾ ਮੁੱਖ ਤੱਤ ਹਨ : ਯੂਰੀਆ, ਸੋਡੀਅਮ, ਕਲੋਰਾਈਡ, ਸਲਫੇਟ, ਫਾਸਫੇਟ, ਪੋਟਾਸ਼ੀਅਮ, ਕਰੀਏਟੀਨੀਨ, ਅਮੋਨੀਆ, ਯੂਰਿਕ ਐਸਿਡ ਆਦਿ। ਅਸਲ ਵਿੱਚ ਤੱਤਾਂ ਦੇ ਪੱਖ ਤੋਂ ਗਾਂ ਅਤੇ ਮਨੁੱਖੀ ਪੇਸ਼ਾਬ ਵਿੱਚ ਕੋਈ ਅੰਤਰ ਨਹੀਂ ਹੈ। ਇਸ ਲਈ ਇਸ ਗੱਲ ਉੱਤੇ ਯਕੀਨ ਕਰਨਾ ਕਿ ਗਊ ਮੂਤਰ ਸਾਡੀ ਸਿਹਤ ਲਈ ਲਾਭਕਾਰੀ ਹੈ ਤੇ ਮਨੁੱਖੀ ਮੂਤਰ ਨਹੀਂ, ਸਹੀ ਨਹੀਂ ਹੈ।

ਇਸ ਮਸਲੇ ਬਾਰੇ ਕੁੱਝ ਹੋਰ ਸਪੱਸ਼ਟਤਾ ਲੈਣ ਲਈ ਭਾਰਤ ਸਰਕਾਰ ਦੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਮਹਿਕਮੇ ਤੋਂ ਆਰ.ਟੀ.ਆਈ. ਰਾਹੀਂ ਜਾਣਕਾਰੀ ਲਈ ਗਈ ਕਿ ਗਊ ਮੂਤਰ ਮਨੁੱਖੀ ਸਰੀਰ ਲਈ ਲਾਭਕਾਰੀ ਹੈ? ਜੁਆਬ ਮਿਲਿਆ ਕਿ ਉਨ੍ਹਾਂ ਦੇ ਪਸ਼ੂ ਪਾਲਣ ਵਿਭਾਗ ਕੋਲ ਇਸ ਕਿਸਮ ਦੀ ਕੋਈ ਜਾਣਕਾਰੀ ਨਹੀਂ ਹੈ। ਇਸੇ ਤਰ੍ਹਾਂ ਗੁਰੂ ਅੰਗਦ ਦੇਵ ਯੂਨੀਵਰਸਿਟੀ ਆਫ ਵੈਟਰਨਰੀ ਸਾਇੰਸਿਜ਼ (ਗਡਵਾਸੂ) ਲੁਧਿਆਣਾ ਵੱਲੋਂ ਵੀ ਇਸੇ ਕਿਸਮ ਦਾ ਜੁਆਬ ਮਿਲਿਆ।

ਪਸ਼ੂ ਵਿਗਿਆਨ ਨਾਲ ਸਬੰਧਤ ਖੋਜ ਕਰਨ ਵਾਲੀਆਂ ਸੰਸਥਾਵਾਂ ਕੋਲ ਗਊ ਮੂਤਰ ਦੇ ਲਾਭਕਾਰੀ ਹੋਣ ਦੀ ਕੋਈ ਜਾਣਕਾਰੀ ਨਹੀਂ ਹੈ। ਇਸ ਦੇ ਉਲਟ, ਮੂਤਰ ਪੀਣਾ ਸਰੀਰ ਲਈ ਹਾਨੀਕਾਰਕ ਹੋ ਸਕਦਾ ਹੈ।

ਵਿਗਿਆਨੀਆਂ ਨੇ ਬਾਬਾ ਰਾਮਦੇਵ ਦੇ ਇਸ ਦਾਅਵੇ ਕਿ ਗਊ ਮੂਤਰ ਨਾਲ ਕੀਟਾਣੂ-ਨਾਸ਼ਕ ਦਵਾਈ ਬੀਟਾਡੀਨ ਦਾ ਅਸਰ ਖਤਮ ਹੋ ਜਾਂਦਾ ਹੈ, ਨੂੰ ਗਲਤ ਦੱਸਿਆ ਹੈ। ਸਾਫ਼ ਪਾਣੀ ਵਿੱਚ ਬੀਟਾਡੀਨ ਪਾ ਕੇ ਉਸ ਦਾ ਰੰਗ ਬਦਲ ਦਿੱਤਾ ਜਾਂਦਾ ਹੈ ਤੇ ਮੂਤਰ ਨਾਲ ਉਹ ਫਿਰ ਸਾਫ਼ ਹੋ ਜਾਂਦਾ ਹੈ। ਇਹ ਰਸਾਇਣਿਕ ਕਿਰਿਆ ਹੈ ਜੋ ਮਨੁੱਖੀ ਮੂਤਰ ਨਾਲ ਵੀ ਉਸੇ ਢੰਗ ਨਾਲ ਹੁੰਦੀ ਹੈ। ਇਸ ਕਿਰਿਆ ਵਿੱਚ ਮੂਤਰ ਵਿੱਚ ਮੌਜੂਦ ਥਾਇਓਸਲਫੇਟ ਦੀ ਬੀਟਾਡੀਨ ਵਿੱਚ ਮੌਜੂਦ ਟ੍ਰਾਈ ਆਇਓਡੀਨ ਆਇਓਨ ਨਾਲ ਕਿਰਿਆ ਹੁੰਦੀ ਹੈ ਤੇ ਉਹ ਸੋਡੀਅਮ ਆਇਓਡਾਈਡ ਵਿੱਚ ਬਦਲ ਜਾਂਦਾ ਹੈ ਜੋ ਰੰਗ ਰਹਿਤ ਅਤੇ ਸਾਫ਼ ਹੁੰਦਾ ਹੈ।

ਇਸ ਤਰ੍ਹਾਂ ਇਸ ਕਿਸਮ ਦੇ ਦਾਅਵੇ ਕੱਟੜਵਾਦੀਆਂ ਵੱਲੋਂ ਮਿੱਥਿਆ ਫੈਲਾਉਣ ਲਈ ਕੀਤੇ ਜਾ ਰਹੇ ਹਨ। ਹੁਣ ਸਮਾਂ ਹੈ ਕਿ ਫਾਰਮਾਸਿਊਟੀਕਲ ਤੇ ਸਿਹਤ ਮੰਤਰਾਲਿਆਂ ਵੱਲੋਂ ਇਸ ਕਿਸਮ ਦੇ ਪ੍ਰਾਪੇਗੰਡੇ ਨੂੰ ਰੋਕਿਆ ਜਾਵੇ।

ਸੀਨੀਅਰ ਮੀਤ ਪ੍ਰਧਾਨ, ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ।
94170-00360

ਮਨੋਰੋਗ ਮਾਹਿਰ ਦੀ ਕਲਮ ਤੋਂ

ਮੋਟਾਪਾ ਅਤੇ ਮਨੋਰੋਗ



ਡਾ. ਬਲਵੰਤ ਸਿੰਘ

? ਸੁਣਿਆ ਹੈ ਕਿ ਮੋਟਾਪਾ ਵਧ ਰਿਹਾ ਹੈ, ਇਸ ਦੇ ਕੀ ਕਾਰਣ ਅਤੇ ਨੁਕਸਾਨ ਹਨ। ਕੀ ਮੋਟਾਪੇ ਦਾ ਮਨੋਰੋਗਾਂ ਨਾਲ ਸੰਬੰਧ ਹੈ? ਇਸ ਵਿਸ਼ੇ ਤੇ ਚਾਨਣਾ ਪਾਓ।

- (ਪਿਛਲੇ ਅੰਕ ਤੋਂ ਚਲਦਾ.....)

ਮੋਟਾਪਾ ਅਤੇ ਮਨੋਰਗ : ਸਿਹਤ ਵਿਗਿਆਨ ਨੇ ਇਹ ਸਿੱਧ ਕੀਤਾ ਹੈ ਕਿ ਮੋਟਾਪੇ ਕਾਰਣ ਮਨੋਰੋਗ ਹੋਣ ਦਾ ਖਤਰਾ ਵਧ ਜਾਂਦਾ ਹੈ ਅਤੇ ਮਨੋਰੋਗਾਂ ਕਾਰਣ ਮੋਟਾਪਾ ਹੋ ਸਕਦਾ ਹੈ। ਇਸ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ :

1. ਮੋਟਾਪੇ ਕਾਰਣ ਮਨੋਰੋਗ ਹੋਣਾ।
2. ਮਨੋਰੋਗਾਂ ਵਿੱਚ ਮੋਟਾਪਾ ਹੋਣਾ।
3. ਖਾਣ ਸੰਬੰਧੀ ਰੋਗ ਹੋਣਾ।
4. ਮਨੋਰੋਗਾਂ ਦੇ ਇਲਾਜ ਕਾਰਣ ਮੋਟਾਪਾ ਹੋਣਾ।

ਆਓ ਆਪਾਂ ਇਨ੍ਹਾਂ ਨੂੰ ਵਿਚਾਰੀਏ :

ਮੋਟਾਪੇ ਕਾਰਣ ਮਨੋਰੋਗ ਹੋਣਾ : ਅਕਸਰ ਹੀ ਇਹ ਵੇਖਿਆ ਗਿਆ ਹੈ ਕਿ ਮੋਟਾਪਾ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨਾਲ ਵਿਅਕਤੀ ਵਿੱਚ ਹੀਨ ਭਾਵਨਾ ਆ ਜਾਂਦੀ ਹੈ। ਉਹ ਹਰ ਵਕਤ ਆਪਣੇ ਸਰੀਰ ਬਾਰੇ ਚਿੰਤਤ ਰਹਿੰਦਾ ਹੈ ਅਤੇ ਪ੍ਰੇਸ਼ਾਨ ਹੋ ਜਾਂਦਾ ਹੈ। ਕਈ ਵਾਰ ਆਤਮ ਗਿਲਾਨੀ ਦੀ ਭਾਵਨਾ ਵੀ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦੀ ਹੈ। ਵਿਅਕਤੀ ਦਾ ਆਤਮ ਵਿਸ਼ਵਾਸ ਘੱਟ ਜਾਦਾ ਹੈ ਅਤੇ ਉਹ ਸਮਾਜ ਅਤੇ ਆਪਣੇ ਆਲੇ ਦੁਆਲੇ ਦੇ ਮਾਹੌਲ ਵਿੱਚ ਵਿਚਰਨਾ ਅਤੇ ਹੋਰ ਲੋਕਾਂ ਨਾਲ ਮੇਲ ਮਿਲਾਪ ਘੱਟ ਕਰ ਦਿੰਦਾ ਹੈ ਅਤੇ ਇਸ ਨਾਲ ਹੋਰ ਮਨੋਰਗ ਹੋਣ ਦਾ ਖਦਸ਼ਾ ਹੋ ਜਾਂਦਾ ਹੈ ਜਿਵੇਂ ਕਿ ਚਿੰਤਾ ਰੋਗ (Anxiety Disorders) ਅਤੇ ਉਦਾਸੀ ਰੋਗ (Depression) ਜਾਂ ਸਰੀਰ ਸੰਬੰਧੀ ਹੋਰ ਮਨੋਰੋਗ ਆਦਿ (Somatoform Disorders etc.). ਉਦਾਸੀ ਰੋਗ ਹੋਣ ਨਾਲ ਵਿਅਕਤੀ ਦਾ ਮਨ ਹੋਰ ਉਚਾਟ ਹੋ ਜਾਂਦਾ ਹੈ ਅਤੇ ਉਹ ਬਾਹਰ ਨਿਕਲਣਾ ਜਾਂ ਰੋਜ਼ਮਰਾ ਦੀਆਂ ਗਤੀਵਿਧੀਆਂ ਬਹੁਤ ਘਟਾ ਦਿੰਦਾ ਹੈ, ਇਸ ਤਰਾਂ ਉਸ ਦੀ ਸਰੀਰਿਕ ਸਥਿਲਤਾ ਮੋਟਾਪੇ ਨੂੰ ਹੋਰ ਵਧਾ ਦਿੰਦੀ ਹੈ। ਇਸ ਤਰਾਂ ਮਨ ਵਿੱਚ ਆਤਮ-ਘਾਤੀ ਚੱਕਰ ਚਲਦਾ ਰਹਿੰਦਾ ਹੈ ਅਤੇ ਵਿਅਕਤੀ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਚਲੀ ਜਾਂਦੀ ਹੈ। ਹੋਰ ਇਸ ਤੋਂ ਇਲਾਵਾ ਖਾਣਾ ਖਾਣ ਸੰਬੰਧੀ ਰੋਗ (Eating Disorders) ਵੀ ਮੋਟਾਪੇ ਕਾਰਣ ਹੋ ਜਾਂਦੇ ਹਨ। ਇਨ੍ਹਾਂ ਦਾ ਜ਼ਿਕਰ ਬਾਅਦ ਵਿੱਚ ਕੀਤਾ ਜਾਏਗਾ।

ਮਨੋਰੋਗਾਂ ਕਾਰਣ ਮੋਟਾਪਾ ਹੋਣਾ : ਇਹ ਅਕਸਰ ਹੀ ਵੇਖਿਆ ਗਿਆ ਹੈ ਕਿ ਕਈ ਮਨੋਰੋਗ ਮੋਟਾਪੇ ਦਾ ਕਾਰਣ ਹੋ ਸਕਦੇ ਹਨ। ਇਨ੍ਹਾਂ ਮਨੋਰੋਗਾਂ ਵਿੱਚੋਂ ਮੁੱਖ ਹਨ : ਉਦਾਸੀ ਰੋਗ, ਚਿੰਤਾ ਰੋਗ, ਖਾਣਾ ਖਾਣ ਸੰਬੰਧੀ ਰੋਗ, ਨੀਂਦ ਸੰਬੰਧੀ ਰੋਗ (Sleep Disorders), ਉਨਮਾਦ ਰੋਗ (Mania), ਜਾਂ ਹੋਰ ਮਨੋਰੋਗ ਆਦਿ।

ਉਦਾਸੀ ਰੋਗ ਵਿੱਚ ਕਈ ਰੋਗੀਆਂ ਵਿੱਚ ਹੋਰ ਲੱਛਣਾਂ ਦੇ ਨਾਲ ਨਾਲ ਵੱਧ ਭੁੱਖ ਲੱਗਣ ਦਾ ਲੱਛਣ ਵੀ ਹੋ ਸਕਦਾ ਹੈ। ਇਸ ਲੱਛਣ ਕਾਰਣ ਅਜੇਹੇ ਰੋਗੀ ਲੋੜ ਤੋਂ ਵੱਧ ਖਾਣਾ ਖਾਂਦੇ ਹਨ ਅਤੇ ਇਸ ਕਾਰਣ ਮੋਟਾਪਾ ਹੋ ਜਾਂਦਾ ਹੈ। ਚਿੰਤਾ ਰੋਗ ਵਿੱਚ ਵੀ ਘਬਰਾਹਟ ਕਾਰਣ ਰੋਗੀ ਲੋੜ ਤੋਂ ਵੱਧ ਖਾਣ ਕਾਰਣ ਮੋਟੇ ਹੋ ਸਕਦੇ ਹਨ। ਇਸੇ ਤਰ੍ਹਾਂ ਨੀਂਦ ਸੰਬੰਧੀ ਰੋਗਾਂ ਵਿੱਚ ਰਾਤ ਨੂੰ ਨੀਂਦ ਨਾ ਆਉਣ ਕਾਰਣ ਕਈ ਵਿਅਕਤੀ ਰਾਤਾਂ ਨੂੰ ਉੱਠ ਕੇ ਬੇਲੋੜਾ ਖਾਣ ਕਾਰਣ ਮੋਟਾਪੇ ਦਾ ਸ਼ਿਕਾਰ ਹੋ ਜਾਂਦੇ ਹਨ। ਉਨਮਾਦ ਰੋਗ ਵਿੱਚ ਵੀ ਅਕਸਰ ਹੀ ਭੁੱਖ ਵੱਧ ਲਗਦੀ ਹੈ ਅਤੇ ਮੋਟਾਪੇ ਦਾ ਸਬੱਬ ਬਣ ਸਕਦੀ ਹੈ।

ਖਾਣਾ ਖਾਣ ਸੰਬੰਧੀ ਰੋਗਾਂ ਕਾਰਣ ਮੋਟਾਪਾ : ਖਾਣਾ ਖਾਣ ਸੰਬੰਧੀ ਮਨੋਰੋਗ ਜਿਵੇਂ ਕਿ ਬੁਲੀਮੀਆ(Bulimia) ਵਿੱਚ ਰੋਗੀ ਵਿਅਕਤੀ ਬਹੁਤ ਜ਼ਿਆਦਾ ਖਾਣ ਲੱਗ ਪੈਂਦਾ ਹੈ। ਇਸ ਵਿੱਚ ਵਿਅਕਤੀ ਘੱਟ ਸਮੇ ਵਿੱਚ ਹੀ ਹਾਬੜ ਕੇ ਬਹੁਤ ਜ਼ਿਆਦਾ ਮਾਤਰਾ ਵਿੱਚ ਭੋਜਨ ਖਾ ਲੈਂਦਾ ਹੈ। ਅਜੇਹੇ ਵਿਅਕਤੀ ਜ਼ਿਆਦਾ ਖਾਣ ਦੇ ਨਾਲ-ਨਾਲ ਜ਼ਿਆਦਾ ਚਿਕਨਾਈ ਅਤੇ ਚੀਨੀ ਨਾਲ ਭਰਪੂਰ ਖਾਣਾ ਵੱਧ ਪਸੰਦ ਕਰਦੇ ਹਨ ਅਤੇ ਸੰਤੁਲਿਤ ਭੋਜਨ ਪਸੰਦ ਨਹੀਂ ਕਰਦੇ। ਇਸ ਤਰ੍ਹਾਂ ਦੀ ਆਦਤ ਕਾਰਣ ਵਿਅਕਤੀ ਮੋਟਾਪੇ ਦਾ ਸ਼ਿਕਾਰ ਹੋ ਜਾਂਦਾ ਹੈ। ਜੇ ਅਜੇਹੇ ਵਿਅਕਤੀਆਂ ਵਿੱਚ ਮਾਨਸਿਕ ਕਾਰਣਾਂ ਕਰਕੇ ਖਾਣਾ ਖਾਣ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇੱਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਹ ਇੱਕ ਤਣਾਅ ਨੂੰ ਘੱਟ ਕਰਨ ਦੀ ਵਿਧੀ ਦੇ ਰੂਪ ਵਿੱਚ ਵਰਤਿਆ ਜਾਣ ਵਾਲਾ ਵਿਵਹਾਰ ਹੈ। ਇਹ ਤਣਾਅ ਦੇ ਸਹੀ ਅਤੇ ਸਫਲ ਹੱਲ ਕਰਨ ਦੀ ਬਜਾਏ ਇੱਕ ਤਤਕਾਲ ਵਰਤਿਆ ਜਾਣ ਵਾਲਾ ਭਾਵਨਾਤਮਕ ਜੁਗਾੜ ਹੈ ਜੋ ਕਿ ਸਹੀ ਹੱਲ ਕਰਨ ਦੀ ਬਜਾਏ ਨੁਕਸਾਨ ਦਾਇਕ ਸਾਬਤ ਹੁੰਦਾ ਹੈ। ਕਿਉਂਕਿ ਇਹ ਤਤਕਾਲ

ਤਣਾਅ ਨੂੰ ਘਟਾਉਂਦਾ ਹੈ ਇਸ ਲਈ ਇਹ ਵਿਵਹਾਰ ਬਾਰ-ਬਾਰ ਵਰਤਿਆ ਜਾਂਦਾ ਹੈ ਅਤੇ ਇਹ ਸੁਭਾਵਕ ਤੌਰ ਤੇ ਹੀ ਪੱਕ ਜਾਂਦਾ ਹੈ। ਇਸ ਨਾਲ ਸਰੀਰ ਵਿੱਚ ਕਈ ਤਰ੍ਹਾਂ ਦੀਆਂ ਬਾਇਓ-ਕੈਮੀਕਲ ਤਬਦੀਲੀਆਂ ਆਉਂਦੀਆਂ ਹਨ ਜਿਨ੍ਹਾਂ ਨਾਲ ਸਰੀਰ ਅੰਦਰ ਚਰਬੀ ਇੱਕਠੀ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਮੋਟਾਪਾ ਅਤੇ ਮੋਟਾਪੇ ਨਾਲ ਸੰਬੰਧਿਤ ਹੋਰ ਰੋਗ ਸ਼ੁਰੂ ਹੋ ਜਾਂਦੇ ਹਨ।

ਮਨੋਰੋਗਾਂ ਦੇ ਇਲਾਜ ਕਾਰਣ ਮੋਟਾਪਾ ਹੋਣਾ : ਕਈ ਵਿਅਕਤੀ ਆਪਣੇ ਮਨੋਰੋਗ ਸੰਬੰਧੀ ਇਲਾਜ ਦੌਰਾਨ ਸਰੀਰ ਦਾ ਭਾਰ ਵਧਣ ਦੀ ਸ਼ਿਕਾਇਤ ਕਰਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਇਲਾਜ ਦੌਰਾਨ ਵਰਤੀਆਂ ਜਾਣ ਵਾਲੀਆਂ ਦੁਆਈਆਂ ਕਾਰਣ ਉਨ੍ਹਾਂ ਦਾ ਭਾਰ ਵਧ ਰਿਹਾ ਹੈ। ਇਸ ਦੇ ਮੁੱਖ ਤੌਰ ਤੇ ਦੋ ਕਾਰਣ ਹੁੰਦੇ ਹਨ। ਇੱਕ ਤਾਂ ਇਹ ਹੈ ਕਿ ਦੁਆਈ ਖਾਣ ਨਾਲ ਕਈ ਵਿਅਕਤੀਆਂ ਨੂੰ ਬਹੁਤ ਜ਼ਿਆਦਾ ਸੁਸਤੀ ਪੈਂਦੀ ਹੈ ਅਤੇ ਉਹ ਇਸ ਕਾਰਣ ਕੰਮ ਕਾਰ ਨਹੀਂ ਕਰ ਸਕਦੇ ਅਤੇ ਸਾਰਾ ਦਿਨ ਲੰਮੇ ਪਏ ਰਹਿੰਦੇ ਹਨ। ਇਸ ਤਰ੍ਹਾਂ ਉਨ੍ਹਾਂ ਦਾ ਸਰੀਰ ਲੋੜ ਮੁਤਾਬਿਕ ਊਰਜਾ ਖਰਚ ਨਹੀਂ ਕਰਦਾ ਅਤੇ ਇਸ ਤਰ੍ਹਾਂ ਭਾਰ ਵਧਣਾ ਸ਼ੁਰੂ ਹੋ ਜਾਂਦਾ ਹੈ। ਦੂਜਾ ਕਾਰਣ ਹੁੰਦਾ ਹੈ ਕਿ ਕਈ ਦੁਆਈਆਂ ਵਿਅਕਤੀ ਨੂੰ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਭੁੱਖ ਲਗਾਉਂਦੀਆਂ ਹਨ, ਜਿਸ ਕਾਰਣ ਵਿਅਕਤੀ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਖਾਣਾ ਖਾਣ ਲੱਗ ਜਾਂਦਾ ਹੈ ਅਤੇ ਕੁੱਝ ਸਮੇਂ ਬਾਅਦ ਸਰੀਰ ਦਾ ਭਾਰ ਵਧਣਾ ਸ਼ੁਰੂ ਹੋ ਜਾਂਦਾ ਹੈ। ਕੁੱਝ ਦੁਆਈਆਂ ਬਾਕੀ ਦੁਆਈਆਂ ਦੇ ਮੁਕਾਬਲੇ ਜ਼ਿਆਦਾ ਭੁੱਖ ਲਗਾਉਂਦੀਆਂ ਹਨ ਜਿਵੇਂ ਕਿ ਉਲਾਂਜ਼ਾਪੀਨ (Olanzapine), ਕਲੋਜ਼ਾਪੀਨ (Clozapine) ਆਦਿ। ਕੁੱਝ ਦੁਆਈਆਂ ਸਰੀਰ ਦੇ ਹਾਰਮੋਨਜ਼ ਤੇ ਵੀ ਅਸਰ ਅੰਦਾਜ਼ ਹੋ ਸਕਦੀਆਂ ਹਨ ਜਿਵੇਂ ਕਿ ਥਾਇਰਾਇਡ ਹਾਰਮੋਨ। ਇਸ ਹਾਰਮੋਨ ਦੇ ਘਟਣ ਨਾਲ ਸਰੀਰ ਦਾ ਊਰਜਾ ਖਰਚ ਕਰਨ ਦੀ ਪ੍ਰਕ੍ਰਿਆ ਹੌਲੀ ਹੋ ਜਾਂਦੀ ਹੈ ਅਤੇ ਇਸ ਨਾਲ ਭਾਰ ਵਧਣਾ ਸ਼ੁਰੂ ਹੋ ਜਾਂਦਾ ਹੈ। ਮਰਦਾਂ ਦੇ ਮੁਕਾਬਲੇ ਔਰਤਾਂ ਵਿੱਚ ਮੋਟਾਪਾ ਹੋਣ ਦਾ ਖਤਰਾ ਜ਼ਿਆਦਾ ਹੁੰਦਾ ਹੈ। ਇਸ ਦਾ ਕਾਰਣ ਕੁਦਰਤੀ ਹੈ। ਔਰਤਾਂ ਵਿੱਚ ਕੁੱਝ ਹਾਰਮੋਨ ਜਿਵੇਂ ਕਿ ਈਸਟਰਾਡਾਇਲ ਅਤੇ ਪ੍ਰੋਜੈਸਟਰੌਨ (Estradiol and Progesterone) ਦੇ ਅਸਰ ਕਾਰਣ ਮੋਟਾਪੇ ਦਾ ਖਤਰਾ ਜ਼ਿਆਦਾ ਹੁੰਦਾ ਹੈ। ਇਹੀ ਕਾਰਣ ਹੈ ਕਿ ਦੁਨੀਆਂ ਭਰ ਵਿੱਚ ਔਰਤਾਂ ਵਿੱਚ ਮੋਟਾਪੇ ਦੀ ਦਰ ਮਰਦਾਂ ਦੇ ਮੁਕਾਬਲੇ ਜ਼ਿਆਦਾ ਹੈ।

ਇਸ ਸਮੱਸਿਆ ਦਾ ਹੱਲ : ਹੁਣ ਇਹ ਗੱਲ ਸਪੱਸਟ ਹੈ ਕਿ ਲੋੜ ਤੋਂ ਵੱਧ ਭੋਜਨ ਕਰਨ ਕਾਰਣ ਜ਼ਿਆਦਾ ਚਰਬੀ ਜਮਾਂ ਹੋਣਾ ਜਾਂ ਲੋੜ ਤੋਂ ਘੱਟ ਊਰਜਾ ਖਰਚ ਕਰਨ ਨਾਲ ਸਰੀਰ ਵਿੱਚ ਚਰਬੀ ਜਮਾਂ ਹੋਣਾ ਹੀ ਮੋਟਾਪੇ ਦਾ ਕਾਰਣ ਹਨ। ਇਸ ਲਈ ਹਰ ਵਿਅਕਤੀ ਨੂੰ ਸਿਹਤ ਠੀਕ ਰੱਖਣ ਲਈ ਆਪਣੇ ਸਰੀਰ ਦੇ ਭਾਰ ਦਾ ਧਿਆਨ ਰੱਖਣਾ ਜ਼ਰੂਰੀ ਹੈ। ਮੋਟਾਪੇ ਤੋਂ ਬਚਣ ਲਈ ਦੋ ਚੀਜ਼ਾਂ ਤੇ ਨਜ਼ਰ ਰੱਖਣਾ ਬਹੁਤ ਜ਼ਰੂਰੀ ਹੈ, ਇੱਕ ਹੈ ਸਰੀਰ ਦਾ ਵਜ਼ਨ, ਤੇ ਦੂਜਾ ਹੈ ਕਮਰ ਦਾ ਨਾਪ। ਜੇ ਇਨ੍ਹਾਂ ਦੋ ਚੀਜ਼ਾਂ ਦਾ ਧਿਆਨ ਰੱਖਕੇ ਇਹਨਾਂ ਨੂੰ ਆਪਣੇ ਕੱਦ ਮਤਾਬਿਕ ਨਿਰਧਾਰਿਤ ਮਾਪਦੰਡ ਦੇ ਅੰਦਰ ਅੰਦਰ ਰੱਖਿਆ ਜਾਵੇ ਤਾਂ ਮੋਟਾਪੇ ਤੋਂ ਬਹੁਤ ਆਸਾਨੀ ਨਾਲ ਬਚਿਆ ਜਾ ਸਕਦਾ ਹੈ। ਜੇ ਕਿਸੇ ਵੀ ਕਾਰਣ ਕਰਕੇ ਜ਼ਿਆਦਾ ਭੁੱਖ ਲੱਗੇ (ਜਿਵੇਂ ਕਿ ਪ੍ਰੇਸ਼ਾਨੀ ਕਾਰਣ ਜਾਂ ਉਦਾਸੀ ਕਾਰਣ ਜਾਂ ਕਿਸੇ ਦੁਆਈ ਕਾਰਣ) ਤਾਂ ਭੁੱਖ ਮਿਟਾਉਣ ਲਈ ਚਿਕਨਾਈ ਅਤੇ ਚੀਨੀ ਯੁਕਤ ਚੀਜ਼ਾਂ ਖਾਣ ਦੀ ਬਜਾਏ ਬਹੁਤ ਘੱਟ ਊਰਜਾ ਵਾਲਾ ਖਾਣਾ ਜਿਵੇਂ ਕਿ ਹਰਾ ਸਲਾਦ, ਹਰੀਆਂ ਸਬਜ਼ੀਆਂ ਆਦਿ ਵੱਧ ਖਾਕੇ ਕੰਮ ਚਲਾਉਣਾ ਚਾਹੀਦਾ ਹੈ। ਸੰਤੁਲਿਤ ਭੋਜਨ ਸਹੀ ਮਾਤਰਾ ਵਿੱਚ ਖਾਣ ਨਾਲ ਮੋਟਾਪੇ ਤੋਂ ਬਚਿਆ ਜਾ ਸਕਦਾ ਹੈ। ਭੋਜਨ ਤੇ ਕੰਟਰੋਲ ਰੱਖਣ ਦੇ ਨਾਲ-ਨਾਲ ਕਸਰਤ ਅਤੇ ਚੁਸਤ ਦਰੁਸਤ ਜੀਵਨ ਸ਼ੈਲੀ ਰੱਖਣੀ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਬਚਪਨ ਤੋਂ ਹੀ ਸੰਤੁਲਿਤ ਭੋਜਨ ਦੀ ਆਦਤ ਪਾਉਣੀ ਬਹੁਤ ਜ਼ਰੂਰੀ ਹੈ। ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਆਪਣੇ ਖਾਣੇ ਦਾ ਧਿਆਨ ਰੱਖਣਾ ਚਾਹੀਦਾ ਹੈ। ਸਵੇਰ ਦਾ ਨਾਸ਼ਤਾ ਕਰਨਾ ਬਹੁਤ ਜਰੂਰੀ ਹੈ। ਰਾਤ ਦਾ ਖਾਣਾ ਜਲਦੀ ਖਾ ਲੈਣਾ ਚਾਹੀਦਾ ਹੈ ਅਤੇ ਬਹੁਤ ਹਲਕਾ ਅਤੇ ਘੱਟ ਮਾਤਰਾ ਵਿੱਚ ਕਰਨਾ ਚਾਹੀਦਾ ਹੈ। ਮੈਦਾ ਅਤੇ ਇਸਤੋਂ ਬਣੀਆ ਚੀਜ਼ਾਂ ਅਤੇ ਜੰਕ ਫੂਡ ਅਤੇ ਮਿਠਾਈਆਂ ਤੋਂ ਬਿਲਕੁਲ ਪਰਹੇਜ਼ ਕਰਨਾ ਚਾਹੀਦਾ ਹੈ। ਅਲਕੋਹਲ ਅਤੇ ਇਸਦੇ ਸੰਬੰਧਿਤ ਪੀਣ ਵਾਲੀਆਂ ਚੀਜ਼ਾਂ ਤੋਂ ਵੀ ਬਚਣਾ ਚਾਹੀਦਾ ਹੈ।

ਪਰਿਵਾਰ ਜਾਂ ਦੋਸਤਾਂ/ਮਿੱਤਰਾਂ (ਜੋ ਜ਼ਿਆਦਾ ਸਮਾਂ ਨਾਲ ਰਹਿੰਦੇ ਹੋਣ) ਦਾ ਸਹਿਯੋਗ ਵੀ ਬਹੁਤ ਲਾਭਦਾਇਕ ਸਾਬਤ ਹੁੰਦਾ ਹੈ। ਜੇ ਅਸੀਂ ਆਪਣੇ ਭੋਜਨ ਸੰਬੰਧੀ ਵਿਵਹਾਰ ਬਾਰੇ ਪਰਿਵਾਰ ਜਾਂ ਨਜ਼ਦੀਕੀ ਚੰਗੇ ਦੋਸਤਾਂ ਮਿੱਤਰਾਂ ਨਾਲ ਵੀ ਚੰਗੀ ਤਰ੍ਹਾਂ ਖੋਲ੍ਹ ਕੇ ਗੱਲ ਬਾਤ ਕਰ ਲਈਏ ਤਾਂ ਚੰਗੀ ਮਦਦ ਦੀ ਉਮੀਦ ਕੀਤੀ ਜਾ ਸਕਦੀ ਹੈ। ਇੱਥੇ ਇਹ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਸਕਾਰਾਤਮਿਕ ਸੋਚ ਵਾਲੇ ਵਿਅਕਤੀ ਹੀ ਅਜੇਹੀ ਸਥਿਤੀ ਵਿੱਚ ਮਦਦ ਕਰ ਸਕਦੇ ਹਨ ਹੋਰ ਨਹੀਂ। ਨਕਾਰਾਤਮਿਕ ਸੋਚ ਅਤੇ ਵਿਵਹਾਰ ਵਾਲੇ ਵਿਅਕਤੀ ਤਾਂ ਸਗੋਂ ਨੁਕਸਾਨ ਹੀ ਕਰਦੇ ਹਨ ਅਤੇ ਮੁਸ਼ਕਿਲ ਨੂੰ ਹੱਲ ਕਰਨ

...ਬਾਕੀ ਸਫਾ 15 'ਤੇ

ਚੋਣਾਂ 'ਚ ਭਾਜਪਾ ਦੀ ਜਿੱਤ ਦੇ ਸਬਕ



ਹੇਮ ਰਾਜ ਸਟੈਨੋ

ਹੁਣੇ ਹੁਣੇ 2019 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਕੇਂਦਰ 'ਚ ਆਪਣੇ ਤੌਰ 'ਤੇ ਬਹੁ-ਸੰਮਤੀ ਹਾਸਲ ਕਰ ਲਈ ਹੈ। ਐਨ.ਡੀ.ਏ. ਗੱਠਜੋੜ ਵਾਲੀਆਂ ਸਿਆਸੀ ਪਾਰਟੀਆਂ ਦੀਆਂ ਸੀਟਾਂ ਇਸ ਤੋਂ ਵੱਖਰੀਆਂ ਹਨ।

ਇਸ ਜਿੱਤ ਤੋਂ ਬਾਅਦ ਮੋਦੀ ਨੇ ਕਿਹਾ ਹੈ ਕਿ ਇਨ੍ਹਾਂ ਚੋਣਾਂ ਨੇ ਧਰਮ-ਨਿਰਪੱਖੀਆਂ ਦਾ ਮਖੌਟਾ ਲਾਹ ਦਿੱਤਾ ਹੈ। ਇਨ੍ਹਾਂ ਚੋਣਾਂ ਨੇ ਦਿਖਾ ਦਿੱਤਾ ਹੈ ਕਿ ਧਰਮ-ਨਿਰਪੱਖੀਆਂ ਨੇ ਘੱਟ-ਗਿਣਤੀਆਂ ਨੂੰ ਪਤਿਆਉਣ ਲਈ ਹੀ ਧਰਮ-ਨਿਰਪੱਖਤਾ ਦਾ ਮਖੌਟਾ ਪਾਇਆ ਹੋਇਆ ਸੀ।

ਇਸ ਬਿਆਨ ਨੂੰ ਜ਼ਰਾ ਗਹੁ ਨਾਲ ਵਿਚਾਰਨ ਦੀ ਲੋੜ ਹੈ। ਪਹਿਲਾਂ ਧਰਮ-ਨਿਰਪੱਖਤਾ ਬਾਰੇ। ਸਾਡੇ ਦੇਸ਼ ਦਾ ਸੰਵਿਧਾਨ ਧਰਮ-ਨਿਰਪੱਖਤਾ ਦੀ ਗੱਲ ਕਰਦਾ ਹੈ। ਇਸ ਅਨੁਸਾਰ ਨਾ ਤਾਂ ਧਰਮ ਦਾ ਰਾਜ 'ਚ ਅਤੇ ਨਾ ਰਾਜ ਦਾ ਧਰਮ 'ਚ ਕਿਸੇ ਕਿਸਮ ਦਾ ਕੋਈ ਦਖਲ ਹੋਵੇਗਾ। ਇਸਤੋਂ ਇਲਾਵਾ ਧਰਮ ਦੇ ਆਧਾਰ 'ਤੇ ਕਿਸੇ ਵੀ ਨਾਗਰਿਕ ਨਾਲ ਵਿਤਕਰਾ ਜਾਂ ਕਿਸੇ ਕਿਸਮ ਦੀ ਤਰਜੀਹ ਨਹੀਂ ਦਿੱਤੀ ਜਾਵੇਗੀ। ਇਹ ਹੈ ਜਿਸਨੂੰ ਸਾਡੇ ਦੇਸ਼ 'ਚ ਧਰਮ-ਨਿਰਪੱਖਤਾ ਕਿਹਾ ਜਾਂਦਾ ਹੈ। ਇਹ ਕਿੰਨਾ ਕੁ ਲਾਗੂ ਹੋਣ ਯੋਗ ਹੈ ਜਾਂ ਨਹੀਂ, ਇਹ ਇੱਕ ਵੱਖਰੀ ਬਹਿਸ ਦਾ ਵਿਸ਼ਾ ਹੈ। ਪਰ ਆਪਾਂ ਹੋਰ ਚਰਚਾ ਕਰਦੇ ਹਾਂ।

ਅੱਜ-ਕੱਲ ਦੀ ਚਰਚਾ 'ਚ ਆਮ ਹੀ ਹਿੰਦੂਤਵੀ ਸ਼ਬਦ ਜਦੋਂ ਆਉਂਦਾ ਹੈ ਤਾਂ ਇਸਨੂੰ ਹਿੰਦੂ ਧਰਮ ਹੀ ਸਮਝ ਲਿਆ ਜਾਂਦਾ ਹੈ। ਪਰ ਗੱਲ ਇਹ ਨਹੀਂ ਹੈ। ਹਿੰਦੂਤਵ ਦਾ ਮਤਲਬ ਹਿੰਦੂ ਧਰਮ ਨਹੀਂ ਹੈ।ਜਦੋਂ ਹਿੰਦੂਤਵੀ ਜਾਂ ਹਿੰਦੂਤਵਵਾਦ ਕਿਹਾ ਜਾਂਦਾ ਹੈ ਤਾਂ ਇਸਦਾ ਅਰਥ ਹਿੰਦੂ ਸਿਆਸਤ ਤੋਂ ਹੁੰਦਾ ਹੈ। ਇਹ ਹਿੰਦੂਤਵੀ ਸਿਆਸਤ ਕੀ ਹੈ ? ਇਸ ਸਬੰਧੀ ਹਿੰਦੂਤਵੀ ਵਿਚਾਰਧਾਰਕ ਸਾਵਰਕਾਰ ਨੇ ਕਿਹਾ ਸੀ ਕਿ "ਸਮੁੱਚੀ ਰਾਜਨੀਤੀ ਦਾ ਹਿੰਦੂਕਰਣ ਅਤੇ ਸਮੁੱਚੇ ਹਿੰਦੂਆਂ ਦਾ ਫੌਜੀਕਰਨ"[1] ਇਸਦਾ ਸਪੱਸ਼ਟ ਭਾਵ ਇਹ ਹੈ ਕਿ ਸਾਡੇ ਦੇਸ਼ 'ਚ ਸਮੁੱਚੀ ਸਿਆਸਤ ਹਿੰਦੂਤਵੀ ਹੋਣੀ ਚਾਹੀਦੀ ਹੈ ਅਤੇ ਇਸਨੂੰ ਹੋਰ ਸਭ ਸਿਆਸਤ 'ਤੇ ਗਾਲਬ ਹੋਣ ਲਈ ਸਮੁੱਚੀ ਹਿੰਦੂ ਕਹਿਲਾਉਣ ਵਾਲੀ ਜਨਤਾ ਦਾ ਫੌਜੀਕਰਣ ਭਾਵ ਸ਼ਸ਼ਤਰਧਾਰੀ ਹੋਣਾ ਚਾਹੀਦਾ ਹੈ। ਇਸ ਲਈ ਹਿੰਦੂਤਵੀ ਸਿਆਸਤ ਅਤੇ ਹਿੰਦੂ ਧਰਮ ਦੋਨੋਂ ਹੀ ਵੱਖੋ-ਵੱਖਰੀਆਂ ਗੱਲਾਂ ਹਨ। ਕਿਉਂ ? ਕਿਉਂਕਿ ਜੇ ਤਾਂ ਕੋਈ ਹਿੰਦੂ ਧਰਮ ਨੂੰ ਮੰਨਦਾ ਹੈ ਤਾਂ ਉਸਨੂੰ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ 'ਤੇ ਕੋਈ ਉਜਰ ਨਹੀਂ ਹੋਵੇਗਾ। ਪਰ ਜੇਕਰ ਕੋਈ ਹਿੰਦੂਤਵੀ ਸਿਆਸਤ ਨੂੰ ਮੰਨਦਾ ਹੈ ਤਾਂ ਉਸਦਾ ਭਾਵ ਸਮੁੱਚੇ ਦੇਸ਼ 'ਤੇ ਸਿਰਫ ਇੱਕੋ ਹੀ ਧਰਮ-ਹਿੰਦੂ- ਦਾ ਰਾਜ ਸਥਾਪਤ ਕਰਦਿਆਂ ਇਸਨੂੰ ਹਿੰਦੂ ਰਾਸ਼ਟਰ ਬਣਾਉਣਾ ਹੋਵੇਗਾ। ਇਸ ਲਈ ਅਜਿਹੀ ਸੋਚ ਵਾਲੇ ਨੂੰ ਬਾਕੀ ਸਭ ਧਰਮਾਂ ਅਤੇ ਗੈਰ-ਧਾਰਮਿਕ ਲੋਕਾਂ ਪ੍ਰਤੀ ਨਫਰਤ ਹੋਵੇਗੀ। ਉਹ ਹਿੰਦੂਆਂ ਨੂੰ ਹੀ ਸਰਵਸ੍ਰੇਸ਼ਟ ਸਮਝਦੇ ਹੋਏ ਦੂਸਰੀਆਂ ਸਾਰੀਆਂ ਘੱਟ ਗਿਣਤੀਆਂ ਅਤੇ ਨਾਸਤਿਕਾਂ ਨੂੰ ਬਰਾਬਰ ਦੇ ਸ਼ਹਿਰੀ ਨਹੀਂ ਸਮਝਣਗੇ।

ਆਪਣਾ ਟੀਚਾ ਹਾਸਲ ਕਰਨ ਲਈ ਇਨ੍ਹਾਂ ਦੀਆਂ ਕੁੱਝ ਦਲੀਲਾਂ ਇਸ ਤਰ੍ਹਾਂ ਹਨ। ਪਹਿਲੀ, ਇਹ ਕਹਿੰਦੇ ਹਨ ਕਿ ਦੁਨੀਆਂ ਅੰਦਰ ਜਿੰਨੀ ਵੀ ਸਾਇੰਸ ਦੀ ਤਰੱਕੀ ਹੋਈ ਹੈ, ਉਹ ਸਾਰੀ ਦੀ ਸਾਰੀ ਸਾਡੇ ਦੇਸ਼ 'ਚ ਵੇਦਾਂ ਦੇ ਜ਼ਮਾਨੇ 'ਚ ਹੋਈ ਸੀ। ਵੇਦਾਂ ਦੇ ਜ਼ਮਾਨੇ 'ਚ ਜ਼ਹਾਜ਼ ਸਨ ਜਿਵੇਂ ਕਿ ਪੁਸ਼ਪਕ ਵਿਮਾਨ, ਗਨੇਸ਼ ਦੇ ਸਿਰ 'ਤੇ ਹਾਥੀ ਦਾ ਸਿਰ ਲਾਉਣਾ ਸਾਬਤ ਕਰਦਾ ਹੈ ਕਿ ਉਦੋਂ ਪਲਾਸਟਿਕ ਸਰਜਰੀ ਚਾਲੂ ਸੀ, ਮਹਾਂਭਾਰਤ ਦੇ ਜ਼ਮਾਨੇ ਵੇਲੇ ਮੀਜ਼ਾਈਲਾਂ ਸਨ, ਅਤੇ ਇਸੇ ਤਰ੍ਹਾਂ ਹੋਰ। ਭਾਜਪਾ ਦੇ ਸਾਰੇ ਨੇਤਾ, ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਮੋਦੀ ਤੱਕ ਨੂੰ, ਕੁੱਝ ਇਸ ਤਰ੍ਹਾਂ ਦੇ ਬਿਆਨ ਦਾਗਦੇ ਦੇਖਿਆ-ਸੁਣਿਆ ਜਾ ਸਕਦਾ ਹੈ। ਗੱਲ ਇਹ ਨਹੀਂ ਕਿ ਇਹ ਐਵੇਂ ਹੀ ਇਹੋ-ਜਿਹੇ ਬਿਆਨ ਦਾਗੀ ਜਾ ਰਹੇ ਹਨ। ਇਹ ਬਿਆਨ ਦਾਗਣ ਪਿੱਛੇ ਇਨ੍ਹਾਂ ਦੇ ਦੋ ਮੰਤਵ ਹਨ:

ਪਹਿਲਾ ਤਾਂ ਇਹ ਕਿ ਭੂਤਕਾਲ 'ਤੇ ਮਾਣ ਕਰਨ ਨੂੰ ਇਉਂ ਵਰਤਿਆ ਜਾ ਸਕੇ ਕਿ ਇੱਕ ਫਿਰਕੇ ਵਿਸ਼ੇਸ਼ ਨੂੰ ਇੱਕਮੁੱਠ ਕੀਤਾ ਜਾ ਸਕੇ।

ਦੂਸਰਾ, ਇਹ ਕਿ ਇਸ ਨਾਲ ਹੋਰ ਸਾਰੇ ਫਿਰਕਿਆਂ ਨਾਲੋਂ ਆਪਣੇ ਆਪਨੂੰ ਸ਼੍ਰੇਸ਼ਟ ਸਮਝਿਆ ਜਾਵੇ।

ਜਦੋਂ ਕਿਸੇ ਵੀ ਇਨਸਾਨ ਦੀ ਮਾਨਸਿਕਤਾ ਆਪਣੇ ਆਪਨੂੰ ਸ੍ਰੇਸ਼ਟ ਸਮਝਣ ਦੀ ਬਣ ਜਾਂਦੀ ਹੈ ਤਾਂ ਉਹ ਲਾਜ਼ਮੀ ਹੀ ਦੂਸਰਿਆਂ ਫਿਰਕਿਆਂ ਨੂੰ ਆਪਣੇ ਬਰਾਬਰ ਦੇ ਨਹੀਂ ਸਮਝਦਾ। ਇਸ ਨੂੰ ਸੌਖੀ ਤਰ੍ਹਾਂ ਆਪਾਂ ਸਾਡੇ ਦੇਸ਼ ਅੰਦਰ ਜਾਤ-ਪਾਤ ਦੇ

ਫੈਲੇ ਕੋਹੜ ਤੋਂ ਸਮਝ ਸਕਦੇ ਹਾਂ। ਅਖੌਤੀ ਉੱਚੀਆਂ ਜਾਂ ਸਵਰਣ ਜਾਤੀਆਂ ਅਖੌਤੀ ਨੀਵੀਆਂ ਜਾਤਾਂ ਨੂੰ ਨਫਰਤ ਕਰਦੀਆਂ ਹਨ ਜਾਂ ਘੱਟੋ-ਘੱਟ ਆਪਣੇ ਤੋਂ ਹੀਣਾ ਹੀ ਸਮਝਦੀਆਂ ਹਨ, ਚਾਹੇ ਉਹ ਗੁਣਵਾਨ ਹੀ ਹੋਵੇ। ਇਹ ਅਖੌਤੀ ਉੱਚ ਜਾਤੀ ਦਾ ਹੰਕਾਰ ਕਿੰਨਾ ਹੁੰਦਾ ਹੈ, ਇਸਦੀ ਇੱਕ ਮਿਸਾਲ ਦਿੰਦੇ ਹਾਂ। ਸਾਡੇ ਹਾਲ 'ਚ ਇੱਕ ਮਜ਼ਦੂਰ ਕੰਮ ਕਰਦਾ ਸੀ। ਉਸਨੇ ਲਗਾਤਾਰ ਦੋ-ਤਿੰਨ ਮਹੀਨੇ ਕੰਮ ਕੀਤਾ। ਉਸਤੋਂ ਬਾਅਦ ਜਦੋਂ ਉਨ੍ਹਾਂ ਨੂੰ ਛੁੱਟੀ ਕਰਨੀ ਸੀ ਤਾਂ ਇੱਕ ਮਜ਼ਦੂਰ ਜਿਹੜਾ ਬਹੁਤ ਮਨ ਲਗਾਕੇ ਕੰਮ ਕਰਦਾ ਸੀ ਮੈਂ ਇਹ ਸੋਚਦਿਆਂ ਕਿ ਜੇਕਰ ਕਦੇ ਫਿਰ ਮਜ਼ਦੂਰ ਦੀ ਲੋੜ ਪਵੇਗੀ ਤਾਂ ਇਸਨੂੰ ਸੱਦ ਲਿਆ ਕਰਾਂਗੇ ਉਸਤੋਂ ਉਸਦਾ ਨਾਮ ਅਤੇ ਟੈਲੀਫੋਨ ਨੰਬਰ ਪੁੱਛ ਲਿਆ। ਉਸਨੇ ਆਪਣਾ ਟੈਲੀਫੋਨ ਨੰਬਰ ਲਿਖਾਇਆ ਅਤੇ ਬਾਅਦ 'ਚ ਉਸਨੇ ਆਪਣਾ ਨਾਮ ਇਸ ਤਰ੍ਹਾਂ ਲਿਖਾਇਆ: ਫਲਾਣਾ ਸਿੰਘ ਜੱਟ। ਜੱਟ ਸ਼ਬਦ 'ਤੇ ਉਸਨੇ ਖਾਸ ਤੌਰ 'ਤੇ ਜ਼ੋਰ ਦਿੱਤਾ। ਸੋ ਕਹਿਣ ਤੋਂ ਭਾਵ ਕਿ ਜਦੋਂ ਕਿਸੇ ਵੀ ਮਨੁੱਖ ਦੀ ਆਪਣੇ ਆਪਨੂੰ ਜਾਂ ਆਪਣੇ ਫਿਰਕੇ ਨੂੰ ਸ੍ਰੇਸ਼ਟ ਸਮਝਣ ਦੀ ਮਾਨਸਿਕਤਾ ਬਣ ਜਾਂਦੀ ਹੈ ਤਾਂ ਉਹ ਸੁਭਾਵਿਕ ਹੀ ਦੂਸਰੇ ਫਿਰਕਿਆਂ ਦੇ ਨਾਗਰਿਕਾਂ ਨੂੰ ਜੇਕਰ ਬਿਲਕੁਲ ਘਟੀਆ ਨਹੀਂ ਤਾਂ ਦੂਸਰੇ ਨੰਬਰ 'ਤੇ ਜ਼ਰੂਰ ਸਮਝਣ ਲੱਗ ਜਾਂਦਾ ਹੈ। ਅਤੇ ਆਪਣੇ ਫਿਰਕੇ ਨੂੰ ਆਪਣਾ ਸਮਝਣ ਲੱਗ ਜਾਂਦਾ ਹੈ। ਸੋ ਹਿੰਦੂ ਫਿਰਕਾ ਭੂਤਕਾਲ ਤੋਂ ਹੀ ਸ੍ਰੇਸ਼ਟ ਹੈ, ਇਹ ਮਾਨਸਿਕਤਾ ਬਣਾਉਣ ਲਈ ਅਤੇ ਇਸ'ਤੇ ਮਾਣ ਮਹਿਸੂਸ ਕਰਾਉਣ ਲਈ ਬਿਨਾ ਖੋਜ ਪੜਤਾਲ ਕੀਤਿਆਂ ਸਰਵਉੱਚ ਹੋਣ ਦਾ ਪ੍ਰਚਾਰ ਕੀਤਾ ਜਾਂਦਾ ਹੈ।

ਹਿੰਦੂ ਮੰਨੇ ਜਾਂ ਕਹੇ ਜਾਂਦੇ ਫਿਰਕੇ ਦੀ ਅਜਿਹੀ ਮਾਨਸਿਕਤਾ ਬਣਾਉਣ ਤੋਂ ਬਾਅਦ ਇਨ੍ਹਾਂ ਵੱਲੋਂ ਦੂਸਰਾ ਪ੍ਰਚਾਰ ਸ਼ੁਰੂ ਕੀਤਾ ਜਾਂਦਾ ਹੈ। ਉਹ ਇਹ ਹੈ ਕਿ ਇਹ ਦੇਸ਼ ਹਿੰਦੂਆਂ ਦਾ ਹੈ, ਮੁਸਲਿਮ ਤੇ ਈਸਾਈ ਤਾਂ ਇੱਥੇ ਬਾਹਰੋਂ ਆਏ ਹਨ। ਮੁਸਲਮਾਨ ਸ਼ਾਸ਼ਕਾਂ ਨੇ ਆਕੇ ਇੱਥੇ ਅੱਤਿਆਚਾਰ ਕੀਤੇ, ਹਿੰਦੂ ਧਾਰਮਿਕ ਸਥਾਨਾਂ ਨੂੰ ਢਾਹਿਆ ਅਤੇ ਹਿੰਦੂਆਂ ਦਾ ਜ਼ਬਰੀ ਧਰਮ-ਪ੍ਰੀਵਰਤਨ ਕਰਵਾਇਆ ਵਗੈਰਾ-ਵਗੈਰਾ।

ਇਸ ਤੋਂ ਅੱਗੇ ਹਿੰਦੂ ਫਿਰਕੇ ਤੋਂ ਇਲਾਵਾ ਦੂਸਰੇ ਫਿਰਕਿਆਂ ਦੇ ਨਾਗਰਿਕਾਂ 'ਤੇ ਕੁੱਝ ਸ਼ਰਤਾਂ ਥੋਪੀਆਂ ਜਾਂਦੀਆਂ ਹਨ ਕਿ ਜੇਕਰ ਉਹ ਸੱਚੇ ਦੇਸ਼-ਭਗਤ ਹਨ ਤਾਂ ਉਹ ਹਿੰਦੂ ਦੇਵੀ-ਦੇਵਤਿਆਂ ਦੇ ਜੈਕਾਰੇ ਬੁਲਾਉਣ। ਨਹੀਂ ਤਾਂ ਉਹ ਦੇਸ਼-ਭਗਤ ਨਹੀਂ। ਜਿਵੇਂ ਬੰਦੇ ਮਾਤਰਮ ਬੁਲਾਉਣ ਲਈ ਦਬਾਅ ਬਣਾਉਣਾ। ਕਿਉਂਕਿ ਬੰਦੇ ਮਾਤਰਮ 'ਚ ਦੁਰਗਾ ਦੇਵੀ ਦੀ ਉਸਤਤ ਤੇ ਪੂਜਾ ਹੈ। ਹੁਣ ਇਸਨੂੰ ਇਸਲਾਮ ਧਰਮ ਵਾਲੇ ਨਹੀਂ ਮੰਨ ਸਕਦੇ ਕਿਉਂਕਿ ਉਨ੍ਹਾਂ ਦੇ ਧਰਮ 'ਚ ਕਿਸੇ ਦੇਵੀ ਦੀ ਪੂਜਾ ਦਾ ਸਥਾਨ ਨਹੀਂ ਹੈ। ਨਾ ਹੀ ਇਸਨੂੰ ਨਾਸਤਿਕ ਲੋਕ ਮੰਨ ਸਕਦੇ ਹਨ ਕਿਉਂਕਿ ਉਨ੍ਹਾਂ ਦਾ ਕਿਸੇ ਅਲੌਕਿਕ ਸ਼ਕਤੀ 'ਚ ਕੋਈ ਵਿਸ਼ਵਾਸ ਨਹੀਂ ਹੁੰਦਾ। ਸੋ ਸਾਡੇ ਦੇਸ਼ ਦੇ ਨਾਗਰਿਕਾਂ 'ਤੇ ਇਹੋ-ਜਿਹੀਆਂ ਸ਼ਰਤਾਂ ਲਗਾ ਕਿ ਉਨ੍ਹਾਂ ਨੂੰ ਵਿੰਗੇ-ਟੇਢੇ ਢੰਗ ਨਾਲ ਦੇਸ਼-ਵਿਰੋਧੀ ਹੋਣ ਦਾ ਖਿਤਾਬ ਦੇ ਦਿੱਤਾ ਜਾਂਦਾ ਹੈ।

ਇਹ ਤੇ ਇਹੋ-ਜਿਹੇ ਹੋਰ ਤਰ੍ਹਾਂ ਤਰ੍ਹਾਂ ਦੇ ਢੰਗ-ਤਰੀਕੇ ਅਪਣਾਉਂਦਿਆਂ ਹਿੰਦੂ ਫਿਰਕੇ ਦੇ ਲੋਕਾਂ ਦੀ ਮਾਨਸਿਕਤਾ ਨੂੰ ਜਨੂੰਨੀ ਬਣਾਉਣ ਦਾ ਕੰਮ ਵਿੱਢਿਆ ਹੋਇਆ ਹੈ। ਜਦੋਂ ਮਨੁੱਖ 'ਚ ਜਨੂੰਨ ਭਰ ਜਾਂਦਾ ਹੈ ਤਾਂ ਉਹ ਦਲੀਲ ਤੇ ਤਰਕ ਦਾ ਪੱਲਾ ਛੱਡਕੇ ਅੰਨ੍ਹੇਵਾਹ ਕਿਸੇ ਨਿਰਣੇ 'ਤੇ ਪਹੁੰਚਦਾ ਹੈ ਅਤੇ ਕਾਰਜ ਕਰਦਾ ਹੈ। ਆਪਾਂ ਮੋਦੀ ਦੇ ਸ਼ਾਸ਼ਨ ਕਾਲ ਦੀ ਗੱਲ ਲੈਂਦੇ ਹਾਂ। ਇਸ ਦੇ ਸ਼ਾਸ਼ਨ ਕਾਲ 'ਚ ਸਾਡੇ ਦੇਸ਼ 'ਚ ਬੇਰੁਜ਼ਗਾਰੀ 45 ਸਾਲਾਂ ਦਾ ਰੀਕਾਰਡ ਤੋੜ ਗਈ। ਕੀ ਇਸ ਬੇਰੁਜਗਾਰੀ ਦੀ ਮਾਰ ਹੇਠ ਹਿੰਦੂ ਫਿਰਕੇ ਦੇ ਕਿਰਤੀ ਲੋਕ ਨਹੀਂ ਆਏ ? ਪਰ ਭਾਜਪਾ ਵਾਲਿਆਂ ਨੇ ਰਾਸ਼ਟਰਵਾਦ, ਸਰਜੀਕਲ ਸਟਰਾਈਕ ਵਗੈਰਾ ਦੀ ਜਨੂੰਨੀ ਹਨੇਰੀ ਹੇਠ ਕੁੱਲੀ,ਗੁੱਲੀ,ਜੁੱਲੀ ਆਦਿ ਵਰਗੇ ਸਭ ਬੁਨਿਆਦੀ ਮੁੱਦੇ ਰੋਲਕੇ ਰੱਖ ਦਿੱਤੇ। ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਹ ਸਾਰਾ ਕੰਮ ਬੜੇ ਜ਼ੋਰ-ਸ਼ੋਰ ਨਾਲ ਕੀਤਾ ਗਿਆ ਹੈ ਅਤੇ ਅਜੇ ਵੀ ਚਾਲੂ ਹੈ।

ਅੱਜ-ਕੱਲ ਬੰਗਾਲ ਵਿੱਚ ਹਿੰਸਾ ਦਾ ਦੌਰ ਚਾਲੂ ਹੈ। ਚੋਣ ਹਿੰਸਾ ਦੇ ਕੋਈ ਵੀ ਹੱਕ 'ਚ ਨਹੀਂ ਹੋ ਸਕਦਾ। ਹਰ ਸੂਝਵਾਨ ਇਸਦੀ ਨਿੰਦਾ ਹੀ ਕਰੇਗਾ। ਪਰ ਇਸ ਸਬੰਧੀ ਉੱਥੋਂ ਦੇ ਭਾਜਪਾ ਪ੍ਰਧਾਨ ਕੈਲਾਸ਼ ਵਿਜੈਵਰਗੀਆ ਨੇ ਟੀ.ਵੀ. 'ਤੇ ਇੱਕ ਦਿਨ ਬਿਆਨ ਦਿੱਤਾ ਹੈ ਕਿ ਉਹ ਬੰਗਾਲ ਨੂੰ ਗੁਜਰਾਤ ਬਣਾ ਦੇਣਗੇ। ਇਸ ਲਈ ਪਹਿਲਾਂ ਉਸਦੇ ਗੁਜਰਾਤ ਦਾ ਨਮੂਨਾ ਹੀ ਦੇਖੀਏ।

ਗੁਜਰਾਤ ਦੇ ਹਾਲਵਾਦ (Halwad) ਸ਼ਹਿਰ 'ਚ ਗੁਜਰਾਤੀ 'ਚ ਇੱਕ ਬੋਰਡ ਲਿਖਿਆ ਮਿਲਦਾ ਹੈ ਜਿਸ ਉੱਪਰ ਲਿਖਿਆ ਹੈ ਕਿ " ਹਿੰਦੂ ਰਾਸ਼ਟਰ ਦੇ ਹਾਲਵਾਦ ਸ਼ਹਿਰ ਆਉਣ 'ਤੇ ਸਵਾਗਤ ਹੈ।" ਇਸ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਨਾਮ ਉੱਕਰੇ ਹੋਏ ਹਨ।[2]

ਸੰਨ 2002 'ਚ ਗੁਜਰਾਤ ਦੇ ਨਰੋਦਾ ਪਾਤੀਆ 'ਚ ਮੁਸਲਿਮ ਫਿਰਕੇ ਦਾ ਜਿਹੜਾ ਕਤਲੇਆਮ ਹੋਇਆ ਉਹ ਕਿਸੇ ਤੋਂ ਭੁੱਲਿਆ ਹੋਇਆ ਨਹੀਂ ਹੈ। ਦੰਗਿਆਂ ਤੋਂ ਬਚੀ ਇੱਕ ਮੁਸਲਿਮ ਔਰਤ ਖਤੂਨਅੱਪਾ ਕਹਿੰਦੀ ਹੈ ਕਿ "ਉਨ੍ਹਾਂ ਨੇ ਸਾਨੂੰ ਇਹੋ-ਜਿਹੀਆਂ ਹਾਲਤਾਂ 'ਚ ਰਹਿਣ ਲਈ ਮਜ਼ਬੂਰ ਕੀਤਾ ਹੈ ਜਿੱਥੇ ਕਿ ਜਾਨਵਰ ਵੀ ਨਹੀ ਰਹਿ ਸਕਦੇ।.. ..। ਮੈਂ ਅਜਿਹੀ ਘ੍ਰਿਣਾ ਅਤੇ

ਗੁੱਸੇ ਨੂੰ ਸਮਝ ਨਹੀਂ ਸਕਦੀ। ਅਸੀਂ ਕੀ ਕੀਤਾ ਹੈ?"[3]

ਅੱਗੇ ਗੱਲ ਇਹ ਹੈ ਕਿ ਸਾਡੇ ਦੇਸ਼ ਨੂੰ ਇੱਕੋ-ਇੱਕ ਧਰਮ ਆਧਾਰਤ ਦੇਸ਼ ਬਣਾਉਣ ਲਈ ਇਹ ਉਨ੍ਹਾਂ ਸ਼ਕਤੀਆਂ ਨੂੰ ਉਭਾਰਕੇ ਸਾਹਮਣੇ ਲਿਆਉਂਦੇ ਹਨ ਜਿਹੜੀਆਂ ਹਿੰਦੂਤਵੀ ਸਿਆਸਤ ਦਾ ਪ੍ਰਤੀਕ ਬਣਕੇ ਉਭਰੀਆਂ ਹੋਈਆਂ ਹਨ। ਮਿਸਾਲ ਦੇ ਤੌਰ 'ਤੇ ਚੋਣਾਂ ਦੌਰਾਨ ਭਾਜਪਾ ਨੇ ਭੂਪਾਲ ਤੋਂ ਸਾਧਵੀ ਪ੍ਰੱਗਿਆ ਨੂੰ ਆਪਣੇ ਉਮੀਦਵਾਰ ਦੇ ਤੌਰ 'ਤੇ ਉਤਾਰਿਆ ਜੋ ਹੁਣ ਚੋਣ ਜਿੱਤ ਕੇ ਐਮ.ਪੀ. ਬਣ ਗਈ ਹੈ। ਜਦੋਂ ਸਾਧਵੀ ਪ੍ਰੱਗਿਆ ਨੂੰ ਟਿਕਟ ਦੇਣ ਬਾਰੇ ਭਾਜਪਾ ਦੇ ਬੁਲਾਰਿਆਂ ਨੂੰ ਕਦੇ ਟੀ.ਵੀ. ਚਰਚਾ 'ਚ ਸਵਾਲ ਕੀਤਾ ਜਾਂਦਾ ਰਿਹਾ ਹੈ ਕਿ ਉਸਨੂੰ ਟਿਕਟ ਕਿਉਂ ਦਿੱਤੀ ਗਈ ਜਿਹੜੀ ਅਜੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ? ਇਸ 'ਤੇ ਉਨ੍ਹਾਂ ਦਾ ਇੱਕੋ ਹੀ ਖਾਸ-ਮ-ਖਾਸ ਜਵਾਬ ਹੁੰਦਾ ਸੀ ਕਿ ਹਾਲੇ ਤੱਕ ਸਾਧਵੀ ਪ੍ਰੱਗਿਆ ਦੋਸ਼ੀ ਸਾਬਤ ਨਹੀਂ ਹੋਈ। ਪਰ ਸਵਾਲ ਤਾਂ ਇਹ ਹੈ ਕਿ ਜੇਕਰ ਉਹ ਦੋਸ਼ੀ ਸਾਬਤ ਨਹੀਂ ਹੋਈ ਤਾਂ ਹਾਲ ਤੱਕ ਨਿਰਦੋਸ਼ ਵੀ ਤਾਂ ਸਾਬਤ ਨਹੀਂ ਹੋਈ। ਦੋਸ਼ੀ ਜਾਂ ਨਿਰਦੋਸ਼ ਸਿੱਧ ਤਾਂ ਅਦਾਲਤ ਦੇ ਫੈਸਲੇ ਨੇ ਕਰਨਾ ਹੈ, ਜੋ ਅਜੇ ਆਇਆ ਨਹੀਂ।

ਪ੍ਰੱਗਿਆ 'ਤੇ ਜਿਹੜੇ ਦੋਸ਼ ਹਨ ਉਹ ਕੋਈ ਸਾਧਾਰਨ ਕਿਸਮ ਦੀ ਤੂੰ- ਤੂੰ, ਮੈਂ-ਮੈਂ ਕਰਨ ਦੇ ਦੋਸ਼ ਨਹੀਂ ਹਨ। ਪ੍ਰੱਗਿਆ 'ਤੇ ਮਾਲੇਗਾਂਵ, ਅਜਮੇਰ, ਮੱਕਾ ਮਸਜਿਦ ਅਤੇ ਸਮਝੌਤਾ ਐਕਸਪ੍ਰੈਸ ਦੀਆਂ ਘਟਨਾਵਾਂ 'ਚ ਸ਼ਾਮਲ ਹੋਣ ਦੇ ਦੋਸ਼ ਹਨ। ਇਨ੍ਹਾਂ ਵਿੱਚ ਕਿੰਨੇ ਹੀ ਲੋਕ ਮਾਰੇ ਗਏ ਅਤੇ ਸੈਂਕੜੇ ਜ਼ਖਮੀ ਹੋ ਗਏ ਸਨ।

"ਸੰਨ 2008 'ਚ ਮਾਲੇਗਾਂਵ 'ਚ ਹੋਏ ਬੰਬ ਧਮਾਕੇ, ਜਿਸ ਵਿੱਚ ਛੇ ਲੋਕ ਮਾਰੇ ਗਏ ਸਨ, ਦੀ ਜਾਂਚ ਦੌਰਾਨ ਮਹਾਂਰਾਸ਼ਟਰ ਪੁਲਿਸ ਦੇ ਦਹਿਸ਼ਤਵਾਦ-ਵਿਰੋਧੀ ਦਸਤੇ ਦੇ ਉਦੋਂ ਦੇ ਪ੍ਰਮੁੱਖ ਹੇਮੰਤ ਕਰਕਰੇ ਨੂੰ ਇਕ ਸੁਰਾਗ ਮਿਲਿਆ ਕਿ ਬੰਬ ਧਮਾਕਿਆਂ 'ਚ ਜਿਸ ਮੋਟਰਸਾਈਕਲ ਦਾ ਪ੍ਰਯੋਗ ਕੀਤਾ ਗਿਆ ਉਸਦੀ ਚੈਸੀ ਨੰਬਰ ਦੇ ਆਧਾਰ ਤੋਂ ਪਤਾ ਲੱਗਿਆ ਕਿ ਇਹ ਪ੍ਰਗਿਆ ਠਾਕੁਰ ਦੇ ਨਾਮ 'ਤੇ ਰਜਿਸਟਰਡ ਹੈ। ਇਸਤੋਂ ਅੱਗੇ ਜਾਂਚ ਹੋਈ ਜਿਸਦੇ ਆਧਾਰ 'ਤੇ ਲੈਫਟੀਨੈਂਟ ਕਰਨਲ ਪੁਰੋਹਿਤ, ਮੇਜਰ ਉਪਾਧਿਆਇ, ਸਵਾਮੀ ਦਿਆ ਨੰਦ ਪਾਂਡੀਆ ਅਤੇ ਸਵਾਮੀ ਅਸੀਮਾਨੰਦ ਆਦਿ ਨੂੰ ਗ੍ਰਿਫਤਾਰ ਕੀਤਾ ਗਿਆ। ਹੋਰ ਡੂੰਘੀ ਪੜਤਾਲ ਤੋਂ ਪਤਾ ਚੱਲਿਆ ਕਿ ਮਾਲੇਗਾਂਵ ਧਮਾਕੇ ਇੱਕ ਵੱਡੀ ਸਾਜਿਸ਼ ਦਾ ਹਿੱਸਾ ਸਨ। ਇਸ ਸਬੰਧੀ ਸਵਾਮੀ ਅਸੀਮਾਨੰਦ ਨੇ ਅਦਾਲਤ 'ਚ ਇਕਬਾਲੀਆ ਬਿਆਨ ਵੀ ਦਿੱਤਾ ਜਿਸ ਵਿੱਚ ਉਸਨੇ ਪੂਰੀ ਸਾਜਿਸ਼ ਦਾ ਖੁਲਾਸਾ ਕੀਤਾ।

ਸੰਨ 2014 'ਚ ਕੇਂਦਰ 'ਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਆ ਜਾਣ 'ਤੇ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਦਾ ਇਨ੍ਹਾਂ ਮਾਮਲਿਆਂ ਪ੍ਰਤੀ ਰੁਖ ਬਦਲ ਗਿਆ। ਇਸਦਾ ਸਬਤੋਂ ਵੱਡਾ ਸਬੂਤ ਸੀ ਸਬੰਧਿਤ ਸਰਕਾਰੀ ਵਕੀਲ ਰੋਹਿਣੀ ਸਾਲਿਆਨ ਦਾ ਬਿਆਨ ਜਿਸ ਵਿੱਚ ਉਨ੍ਹਾਂ ਨੇ ਸਪੱਸ਼ਟ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਮਾਮਲਿਆਂ ਨੂੰ ਹਲਕੇ ਢੰਗ ਨਾਲ ਲੈਣ ਲਈ ਕਿਹਾ ਗਿਆ ਹੈ। ਜਦੋਂ ਉਨ੍ਹਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸਤੋਂ ਇਹ ਮਾਮਲੇ ਵਾਪਿਸ ਲੈ ਲਏ ਗਏ।"[4]

ਸੋ ਜੇਕਰ ਕੈਲਾਸ਼ ਵਿਜੈਵਰਗੀਆ ਬਿਆਨ ਦਿੰਦਾ ਹੈ ਕਿ ਉਹ ਬੰਗਾਲ ਨੂੰ ਗੁਜਰਾਤ ਬਣਾ ਦੇਣਗੇ ਤਾਂ ਇਸਤੋਂ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ ਕਿ ਉਹ ਦੇਸ਼ ਅੰਦਰ ਹਿੰਦੂ ਰਾਸ਼ਟਰ ਸਵਾਗਤ ਕਰਦਾ ਹੈ ਦੇ ਬੋਰਡ ਹੀ ਲਗਾਉਣੇ ਚਾਹੁੰਦੇ ਹਨ।

ਇਸ ਸੰਖੇਪ ਚਰਚਾ ਤੋਂ ਭਾਵ ਇਹ ਹੈ ਕਿ ਭਾਜਪਾ ਵਾਲੇ ਆਪਣੇ ਹੋਰ ਸੰਗਠਨਾਂ ਸਮੇਤ ਇਸ ਦੇਸ਼ 'ਚ ਹਰ ਵਿਰੋਧੀ ਸੁਰ ਨੂੰ ਕੁਚਲ ਦੇਣਾ ਚਾਹੁੰਦੇ ਹਨ। ਪੱਤਰਕਾਰ, ਬੁੱਧੀਜੀਵੀਆਂ ਨੂੰ ਚੁੱਪ ਕਰਾਉਣ ਲਈ ਉਨ੍ਹਾਂ ਨੂੰ ਜੇਲ੍ਹੀਂ ਡੱਕਣਾ ਤਾਂ ਆਮ ਵਰਤਾਰਾ ਬਣਿਆ ਹੀ ਹੋਇਆ ਹੈ। ਜਰਮਨੀ ਦੇ ਫਾਸ਼ੀ ਹਿਟਲਰ ਨੇ ਲਿਖਿਆ ਸੀ ਕਿ ਦੇਸ਼ ਦੀ ਜਨਤਾ ਉਸ ਸ਼ਾਸ਼ਕ ਦੀ ਕਦਰ ਕਰਦੀ ਹੈ ਜਿਹੜਾ ਵਿਰੋਧੀ ਰੁਚੀਆਂ ਨੂੰ ਮਸਲਕੇ ਰੱਖ ਦੇਵੇ। ਮੋਦੀ ਦੇ ਚੋਣ ਭਾਸ਼ਣਾਂ 'ਚ ਸਭਨੇ ਦੇਖਿਆ-ਸੁਣਿਆ ਹੈ ਕਿ ਉਹ ਹਮੇਸ਼ਾ ਹੀ ਇਸ ਗੱਲ ਨੂੰ ਜ਼ੋਰ ਨਾਲ ਉਭਾਰਦਾ ਰਿਹਾ ਹੈ ਕਿ ਉਹ ਸਖਤ ਫੈਸਲੇ ਲੈਣ ਵਾਲੀ ਸਖਸ਼ੀਅਤ ਹੈ, ਸਖਤ ਫੈਸਲੇ ਲੈਣ ਵਾਲੀ ਹੀ ਮਜ਼ਬੂਤ ਸਰਕਾਰ ਚਾਹੀਦੀ ਹੈ।

ਸੋ ਜਦੋਂ ਮੋਦੀ ਬਿਆਨ ਦਿੰਦਾ ਹੈ ਕਿ ਇਨ੍ਹਾਂ ਚੋਣਾਂ ਨੇ ਧਰਮ-ਨਿਰਪੱਖੀਆਂ ਦਾ ਮਖੌਟਾ ਲਾਹ ਦਿੱਤਾ ਹੈ, ਇਨ੍ਹਾਂ ਚੋਣਾਂ ਨੇ ਦਿਖਾ ਦਿੱਤਾ ਹੈ ਕਿ ਧਰਮ-ਨਿਰਪੱਖੀਆਂ ਨੇ ਘੱਟ-ਗਿਣਤੀਆਂ ਨੂੰ ਪਤਿਆਉਣ ਲਈ ਹੀ ਧਰਮ-ਨਿਰਪੱਖਤਾ ਦਾ ਮਖੌਟਾ ਪਾਇਆ ਹੋਇਆ ਸੀ, ਇਸਨੂੰ ਸਰਸਰੀ ਤੌਰ 'ਤੇ ਨਹੀਂ ਲਿਆ ਜਾਣਾ ਚਾਹੀਦਾ। ਇਸਤੋਂ ਸਪੱਸ਼ਟ ਹੈ ਕਿ ਉਹ ਧਰਮ-ਨਿਰਪੱਖਤਾ ਨੂੰ ਮਾਨਤਾ ਨਾ ਦਿੰਦਿਆਂ ਇੱਥੇ ਇੱਕ ਧਾਰਮਿਕ ਰਾਜ ਹਿੰਦੂ ਰਾਸ਼ਟਰ ਬਣਾਉਣ ਦਾ ਨਿਸ਼ਾਨਾ ਰੱਖਦੇ ਹਨ। ਘੱਟ-ਗਿਣਤੀਆਂ 'ਚ ਇਕੱਲਾ ਮੁਸਲਿਮ ਫਿਰਕਾ ਹੀ ਨਹੀਂ। ਗੁਜਰਾਤ ਵਿੱਚ ਤਾਂ ਪੰਜਾਬੀ ਕਿਸਾਨਾਂ ਨੂੰ ਵੀ ਉਜਾੜਿਆ ਜਾ ਰਿਹਾ ਹੈ। ਅਮਿਤ ਸ਼ਾਹ ਪੰਜਾਬੀ ਕਿਸਾਨਾਂ ਦੇ ਗੁਜਰਾਤ 'ਚੋਂ ਕੀਤੇ ਜਾ ਰਹੇ ਉਜਾੜੇ ਬਾਰੇ ਕੋਈ ਗੱਲ ਨਹੀਂ ਕਰਦੇ। ਨਾ ਹੀ ਕਦੇ ਮੋਦੀ ਸਾਹਿਬ ਇਸ 'ਤੇ ਆਪਣੀ ਜ਼ਬਾਨ ਖੋਲ੍ਹਦੇ ਹਨ।

ਤਾਂਹੀਓਂ, ਭਾਜਪਾ ਨੇ ਇਸ ਵਾਰ ਜਿਹੜੀਆਂ ਚੋਣਾਂ ਲੜੀਆਂ ਉਹ ਨਾ ਤਾਂ ਆਪਣੀ ਪੰਜ ਸਾਲਾਂ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਲੜੀਆਂ ਅਤੇ ਨਾ ਹੀ ਲੋਕਾਂ ਦੇ ਭਖਦੇ ਮਸਲਿਆਂ 'ਤੇ। ਬੱਸ, ਇੱਕੋ-ਇੱਕ ਮੁੱਦਾ ਸੀ ਰਾਸ਼ਟਰਵਾਦ ਦਾ। ਅਤੇ ਇਹ ਆਪਾਂ ਦੇਖ ਹੀ ਲਿਆ ਹੈ ਕਿ ਇਹ ਕਿਹੋ-ਜਿਹਾ ਰਾਸ਼ਟਰਵਾਦ ਚਾਹੁੰਦੇ ਹਨ। ਇਸ ਲਈ ਅੱਜ ਸਾਰੀਆਂ ਲੋਕ-ਪੱਖੀ ਸ਼ਕਤੀਆਂ ਨੂੰ ਚਾਹੀਦਾ ਹੈ ਕਿ ਉਹ ਸਾਡੇ ਦੇਸ਼ ਨੂੰ ਧਾਰਮਿਕ ਰਾਜ ਬਣਨ ਤੋਂ ਰੋਕਣ ਲਈ ਅੱਗੇ ਆਉਣ। ਪਰ ਇੱਥੇ ਇੱਕ ਖਿਆਲ ਇਹ ਰੱਖਿਆ ਜਾਣਾ ਚਾਹੀਦਾ ਹੈ ਕਿ ਇਸ ਜੱਦੋਜਹਿਦ 'ਚ ਕਿਸੇ ਧਰਮ ਨੂੰ ਨੀਵਾਂ ਦਿਖਾਉਣ ਜਾਂ ਕਿਸੇ ਧਰਮ ਨੂੰ ਉਚਿਆਉਣ ਵਾਲੀ ਨੀਤੀ ਨਹੀਂ ਅਪਣਾਈ ਜਾਣੀ ਚਾਹੀਦੀ। ਬਲਕਿ ਲੋਕਾਂ ਨੂੰ ਇਹ ਸਮਝਾਉਣਾ ਪਵੇਗਾ ਕਿ ਉਨ੍ਹਾਂ ਨੂੰ ਆਪਸੀ ਭਰਾ-ਮਾਰ ਲੜਾਈ 'ਚ ਨਹੀਂ ਉਲਝਣਾ ਚਾਹੀਦਾ। ਬਲਕਿ ਰਾਜ-ਸੱਤਾ ਦੇ ਖਿਲਾਫ ਆਪਣੀ ਲੜਾਈ ਸਭ ਧਰਮਾਂ ਤੋਂ ਉੱਪਰ ਉੱਠਕੇ ਆਪਣੇ ਬੁਨਿਆਦੀ ਮੁੱਦਿਆਂ 'ਤੇ ਕੇਂਦਰਿਤ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਜੱਦੋਜਹਿਦ ਕਰਦਿਆਂ ਉਨ੍ਹਾਂ ਨੂੰ ਇੱਥੇ ਸਹੀ ਅਤੇ ਸੱਚੇ ਮਾਅਨਿਆਂ ਵਾਲਾ ਲੋਕਤੰਤਰੀ ਰਾਜ ਦੀ ਸਥਾਪਤੀ ਵੱਲ ਵਧਣਾ ਚਾਹੀਦਾ ਹੈ।

ਹਵਾਲੇ :

1. ਇਰਫਾਨ ਇੰਜਨੀਅਰ, 'ਰੈਡ ਸਟਾਰ', ਦਸੰਬਰ 2017
2. 'ਫਰੰਟ ਲਾਈਨ', ਜੂਨ 21,2019
3. 'ਫਰੰਟ ਲਾਈਨ' ਜੂਨ, 21, 2019
4. ਰਾਮ ਪੁਨਿਆਨੀ

98769-53561

ਸਫਾ 11 ਦਾ ਬਾਕੀ...

ਵਿੱਚ ਮਦਦ ਨਹੀਂ ਕਰਦੇ। ਉਦਾਹਰਣ ਦੇ ਤੌਰ ਤੇ ਕੋਈ ਮੋਟਾਪੇ ਨਾਲ ਗ੍ਰਸਤ ਵਿਅਕਤੀ ਜੋ ਆਪਣੇ ਆਪ ਖਾਣ ਪੀਣ ਤੇ ਬਿਲਕੁਲ ਕੰਟਰੋਲ ਨਹੀਂ ਕਰਦਾ, ਕਿਵੇਂ ਮਦਦ ਕਰ ਸਕਦਾ ਹੈ? ਇਸ ਦੇ ਉਲਟ ਜੋ ਵਿਅਕਤੀ ਸਿਹਤਮੰਦ ਹੈ ਅਤੇ ਜ਼ਿੰਦਗੀ ਵਿੱਚ ਅਨੁਸ਼ਾਸਨ ਰੱਖਦਾ ਹੈ ਅਤੇ ਚੰਗੇ ਸੁਭਾਅ ਦਾ ਮਾਲਕ ਹੈ, ਬਹੁਤ ਮਦਦਗਾਰ ਸਾਬਿਤ ਹੋ ਸਕਦਾ ਹੈ। ਕਈ ਵਾਰ ਹੋ ਸਕਦਾ ਹੈ ਕਿ ਇਹ ਸਭ ਕਰਨ ਦੇ ਬਾਵਜੂਦ ਸਫਲਤਾ ਹੱਥ ਨਾ ਲੱਗੇ, ਤਾਂ ਨਿਰਾਸ਼ ਨਹੀਂ ਹੋਣਾ ਚਾਹੀਦਾ ਸਗੋਂ ਕਿਸੇ ਤਜਰਬੇਕਾਰ ਡਾਕਟਰ, ਮਨੋਰੋਗ ਮਾਹਿਰ, ਡਾਇਟੀਸ਼ਿਅਨ, ਜਾਂ ਕਾਉਂਸਲਰ ਦੀ ਮਦਦ ਲੈਣੀ ਚਾਹੀਦੀ ਹੈ।

ਸਾਬਕਾ ਪ੍ਰਿੰਸੀਪਲ/ਪ੍ਰੋਫੈਸਰ ਤੇ ਮੁਖੀ,
ਸਾਇਕੈਟਰੀ/ਨਸ਼ਾ ਛੁਡਾਊ ਵਿਭਾਗ,
ਰਾਜਿੰਦਰਾ ਹਸਪਤਾਲ, ਪਟਿਆਲਾ।

ਸਰਕਾਰੀ ਸ.ਸ. ਸਕੂਲ, ਦਿੜਬਾ (ਸੰਗਰੂਰ) ਵਿੱਚ 55 ਲੱਖ ਦੀ ਉਸਾਰੀ ਆਪਣੀ ਜੇਬੋਂ ਕਰਵਾਉਣ ਵਾਲੇ ਤਰਕਸ਼ੀਲ ਕਾਰਕੁੰਨ 'ਕਾਮਰੇਡ ਭੀਮ ਸਿੰਘ'



ਕਾਮਰੇਡ ਭੀਮ ਸਿੰਘ, ਪਿਤਾ ਦਿਆ ਸਿੰਘ ਅਤੇ ਮਾਤਾ ਭਾਗਵੰਤੀ ਕੌਰ ਦੇ ਘਰ 1956 ਵਿੱਚ ਪੈਦਾ ਹੋਏ।ਅਪਾਹਜ ਹੋਣ ਦੇ ਬਾਵਜੂਦ ਉਹਨਾਂ ਨੇ ਐਮ.ਏ. (ਰਾਜਨੀਤੀ ਸ਼ਾਸਤਰ), ਐਮ. ਫਿਲ, ਬੀ.ਐੱਡ., ਐਮ.ਐੱਡ. ਤੱਕ ਦੀ ਉੱਚ ਸਿੱਖਿਆ ਪ੍ਰਾਪਤ ਕੀਤੀ ਅਤੇ ਸਿੱਖਿਆ ਵਿਭਾਗ ਵਿੱਚ ਬਤੌਰ ਕਲਰਕ ਸਰਕਾਰੀ ਨੌਕਰੀ ਕੀਤੀ। ਪੜ੍ਹਨ ਸਮੇਂ ਹੀ ਉਹ ਪ੍ਰਗਤੀਸ਼ੀਲ ਸਾਹਿਤ ਅਤੇ ਪ੍ਰਗਤੀਸ਼ੀਲ ਰਾਜਨੀਤੀ ਨਾਲ ਜੁੜ ਗਏ। ਸਮਾਜ ਵਿੱਚ ਹਰ ਗਰੀਬ, ਲੋੜਵੰਦ ਦੀ ਮੱਦਦ ਕਰਨਾ ਉਹਨਾਂ ਦਾ ਅਕੀਦਾ ਬਣ ਗਿਆ। ਵਿਦਿਆਰਥੀ ਰਿਆਇਤ ਬੱਸ ਪਾਸ ਘੋਲ ਵਿੱਚ ਉਹਨਾਂ ਨੇ ਅਹਿਮ ਆਗੂ ਦਾ ਰੋਲ ਅਦਾ ਕੀਤਾ। ਉਹਨਾਂ ਦੇ ਘਰ ਅੰਦਰ ਪਈਆਂ 1000 ਦੇ ਲਗਭਗ ਕਿਤਾਬਾਂ ਉਹਨਾਂ ਦੀ ਸਾਹਿਤਕ ਰੁਚੀ ਦੀ ਸ਼ਾਹਦੀ ਭਰਦੀਆਂ ਹਨ। ਤਰਕਸ਼ੀਲਤਾ, ਸਾਹਿਤ ਅਤੇ ਸਮਾਜ ਸੇਵਾ ਨਾਲ ਜੁੜੀਆਂ ਸੰਸਥਾਵਾਂ - ਸਾਹਿਤ/ਸਭਿਆਚਾਰ ਮੰਚ ਦਿੜਬਾ, ਤਰਕਸ਼ੀਲ ਸੁਸਾਇਟੀ ਪੰਜਾਬ, ਲੜਕੀਆਂ ਦਾ ਕਾਲਜ, ਬੈਰਸੀਆਣਾ ਹਸਪਤਾਲ ਆਦਿ ਦੀ ਉਸਾਰੀ ਅਤੇ ਪ੍ਰਫੁੱਲਤਾ ਲਈ ਉਹਨਾਂ ਨੇ ਪੂਰਾ ਜੀਵਨ ਜੀਅ-ਜਾਨ ਨਾਲ ਕੰਮ ਕੀਤਾ। ਇਕਾਈ ਦਿੜ੍ਹਬਾ ਦੇ ਕਾਰਕੁੰਨ ਦੇ ਤੌਰ 'ਤੇ ਵਿਗਿਆਨਕ ਸੋਚ ਦਾ ਇਲਾਕੇ ਵਿੱਚ ਪ੍ਰਚਾਰ-ਪ੍ਰਸਾਰ ਕਰਨ ਲਈ ਉਹਨਾਂ ਨੇ ਅਹਿਮ ਰੋਲ ਅਦਾ ਕੀਤਾ। ਆਪਣੇ ਜੀਵਨ ਦੀ ਸਮੁੱਚੀ ਕਮਾਈ 55 ਲੱਖ ਰੁਪਏ ਸ.ਸ.ਸ.ਸ. ਦਿੜਬਾ ਵਿਖੇ 8 ਕਮਰਿਆਂ ਅਤੇ ਇੱਕ ਵੱਡੇ ਹਾਲ ਦੀ ਉਸਾਰੀ 'ਤੇ ਖਰਚ ਕੇ ਉਹਨਾਂ ਨੇ ਤਿਆਗ ਅਤੇ ਸਿੱਖਿਆ ਨੂੰ ਮਹੱਤਵ ਦੇਣ ਦੀ ਇੱਕ ਨਿਵੇਕਲੀ ਮਿਸਾਲ ਰਚੀ। ਜਿਨ੍ਹਾਂ ਦਿਨਾਂ ਵਿੱਚ ਉਹ ਦਿੜਬੇ ਇਲਾਕੇ ਵਿੱਚ ਇੱਕ ਲਾਇਬ੍ਰੇਰੀ ਸਥਾਪਤ ਕਰਨ ਦੀ ਯੋਜਨਾ 'ਤੇ ਗੰਭੀਰਤਾ ਨਾਲ ਸਾਥੀਆਂ ਨਾਲ ਵਿਚਾਰ ਕਰ ਰਹੇ ਸੀ, ਉਨ੍ਹਾਂ ਦਿਨਾਂ ਵਿੱਚ ਹੀ ਇਸ ਮਾੜੇ ਰਾਜਨੀਤਕ ਪ੍ਰਬੰਧ ਦੀ ਦੇਣ ਇੱਕ ਸੜਕ ਹਾਦਸੇ ਨੇ 19 ਅਪ੍ਰੈਲ 2019 ਨੂੰ ਉਨ੍ਹਾਂ ਨੂੰ ਇੱਕ ਮ੍ਰਿਤਕ ਸਰੀਰ ਵਿੱਚ ਬਦਲ ਦਿੱਤਾ। ਸਮਾਜ ਅਤੇ ਸਿੱਖਿਆ ਪ੍ਰਤੀ ਉਹਨਾਂ ਦੀ ਦੇਣ ਹਮੇਸ਼ਾ ਯਾਦ ਕੀਤੀ ਜਾਂਦੀ ਰਹੇਗੀ। - **ਹਰਮੇਸ਼ ਮੇਸ਼ੀ ਦਿੜਬਾ** (98720-05183)

ਸ਼ੂਗਰ ਅਤੇ ਬਲੱਡ ਪ੍ਰੈਸ਼ਰ

ਡਾ. ਦਰਸ਼ਨ ਖੇੜੀ

? ਕੀ ਸਿਰਫ ਮਿਠਾਸ ਵਾਲੇ ਭੋਜਨ ਪਦਾਰਥਾਂ ਨਾਲ ਹੀ ਸਾਡੇ ਖੂਨ ਵਿਚਲੀ ਸ਼ੂਗਰ ਦਾ ਪੱਧਰ ਉੱਪਰ ਉੱਠਦਾ ਹੈ ?

– ਨਹੀਂ, ਕਿਉਂਕਿ ਸ਼ੂਗਰ ਭਾਵ ਕਾਰਬੋਹਾਈਡਰੇਟ ਦੀ ਵਿਗਿਆਨਕ ਪ੍ਰੀਭਾਸ਼ਾ ਇਹ ਨਹੀਂ। ਵਿਗਿਆਨਕ ਪ੍ਰੀਭਾਸ਼ਾ ਅਨੁਸਾਰ ਸਾਰੇ ਕਾਰਬੋਹਾਈਡਰੇਟ ਹੀ ਸ਼ੂਗਰ ਹਨ ਕਿਉਂਕਿ ਹਰ ਤਰ੍ਹਾਂ ਦੇ ਕਾਰਬੋਹਾਈਡਰੇਟ ਮਨੁੱਖ ਦੀ ਪਾਚਣ ਪ੍ਰਣਾਲੀ ਵਿੱਚ ਪਹੁੰਚ ਕੇ ਜੀਵ ਰਸਾਇਣਕ ਕ੍ਰਿਆਵਾਂ ਰਾਹੀਂ ਆਪਣੇ ਅੰਤਮ ਸਿੱਟੇ ਵਜੋਂ ਹਰ ਹਾਲ ਗੁਲੂਕੋਜ ਭਾਵ ਸ਼ੂਗਰ ਵਿੱਚ ਹੀ ਵਿਖੰਡਤ ਹੋਣੇ ਹੁੰਦੇ ਹਨ। ਇਹ ਇਸ ਲਈ ਕਿਉਂਕਿ ਮਨੁੱਖੀ ਸਰੀਰ ਕਾਰਬੋਹਾਈਡਰੇਟ ਨੂੰ ਸਿਰਫ ਤੇ ਸਿਰਫ ਗੁਲੂਕੋਜ ਦੇ ਰੂਪ ਵਿੱਚ ਹੀ ਵਰਤ ਸਕਦਾ ਹੈ। ਇਸਦਾ ਭਾਵ ਇਹ ਹੋਇਆ ਕਿ ਹਰ ਉਹ ਭੋਜਨ ਪਦਾਰਥ, ਜਿਸ ਵਿੱਚ ਕਾਰਬੋਹਾਈਡਰੇਟ ਹਨ – ਸ਼ੂਗਰ ਯੁਕਤ ਹੈ। ਇਸ ਲਈ ਉਹ ਹਜ਼ਮ ਹੋਣ ਤੋਂ ਬਾਅਦ ਆਪਣੀ ਕਿਸਮ ਦੇ ਅਨੁਸਾਰੀ ਛੇਤੀ ਜਾਂ ਹੌਲੀ-ਹੌਲੀ, ਖੂਨ ਵਿਚਲੀ ਸ਼ੂਗਰ ਦਾ ਪੱਧਰ ਵਧਾਉਣ ਲਈ ਪਾਬੰਦ ਹੈ। ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਦਾਲਾਂ, ਸਬਜ਼ੀਆਂ, ਸ਼ਕਰਕੰਦੀਆਂ, ਸਲਾਦ ਵਿਚਲੇ ਕਾਰਬੋਹਾਈਡਰੇਟ ਸਾਡੀ ਬਲੱਡ ਸ਼ੂਗਰ ਦਾ ਪੱਧਰ ਇੱਕ ਦਮ ਅਤੇ ਇੰਨਾ ਨਹੀਂ ਵਧਾਉਂਦੇ ਜਿੰਨਾ ਸਿੱਧਾ ਖਾਧਾ ਗਿਆ ਮਿੱਠਾ, ਮਠਿਆਈ, ਆਈਸ ਕਰੀਮ, ਮਿੱਠੇ ਫ਼ਲ, ਆਲੂ, ਆਟੇ, ਚੌਲਾਂ, ਸੂਜੀ ਅਤੇ ਮੈਦੇ ਤੋਂ ਬਣੇ ਪਕਵਾਨ, ਚਾਕਲੇਟ ਅਤੇ ਬਿਸਕੁਟ, ਟਿੱਕੀਆਂ, ਭਟੂਰੇ, ਨਮਕੀਨ, ਭੁਜੀਆ, ਪਾਪੜ, ਮੱਠੀਆਂ, ਮੱਕੀ ਦੀਆਂ ਖਿੱਲਾਂ, ਸਮੋਸੇ, ਕਚੌਰੀਆਂ, ਪਾਸਤਾ, ਪੀਜਾ, ਬਰਗਰ, ਨੂਡਲਜ, ਡੋਸਾ ਅਤੇ ਪੂੜੀਆਂ ਆਦਿ। ਅਜਿਹੇ ਖਾਧ ਪਦਾਰਥ ਸੁਆਦ ਵਿੱਚ ਨਮਕੀਨ ਹੋਣ ਦੇ ਬਾਵਜੂਦ ਤੁਹਾਡੀ ਬਲੱਡ ਸ਼ੂਗਰ ਨੂੰ ਖਤਰਨਾਕ ਪੱਧਰ ਤੱਕ ਵਧਾ ਸਕਦੇ ਹਨ। ਇਸ ਲਈ ਬਲੱਡ ਸ਼ੂਗਰ ਦਾ ਸਬੰਧ ਖਾਧੇ ਜਾ ਰਹੇ ਭੋਜਨ ਪਦਾਰਥ ਦੇ ਨਮਕੀਨ ਜਾਂ ਮਿੱਠੇ ਹੋਣ ਨਾਲ ਓਨਾ ਨਹੀਂ ਜਿੰਨਾ ਉਸ ਵਿਚਲੇ ਕਾਰਬੋਹਾਈਡਰੇਟ ਦੀ ਕਿਸਮ ਅਤੇ ਉਸਦੀ ਮਾਤਰਾ ਨਾਲ ਹੈ।

? ਮਿੱਠੇ/ਕਾਰਬੋਹਾਈਡਰੇਟ ਦਾ ਬਲੱਡ ਪ੍ਰੈਸ਼ਰ ਨਾਲ ਕੀ ਸਬੰਧ ਹੈ ?

– ਬਲੱਡ ਪ੍ਰੈਸ਼ਰ ਦੇ ਨਿਯੰਤਰਣ ਦੀ ਕਾਰਜ ਪ੍ਰਣਾਲੀ ਉਂਝ ਤਾਂ ਬਹੁਤ ਸਾਰੇ ਕਾਰਕਾਂ ਦੇ ਪ੍ਰਸਪਰ ਪ੍ਰਭਾਵ ਰਾਹੀਂ ਸੰਚਾਲਿਤ ਹੁੰਦੀ ਹੈ। ਪ੍ਰੰਤੂ ਕਿਉਂਕਿ ਮਿੱਠਾ/ਕਾਰਬੋਹਾਈਡਰੇਟ ਯੁਕਤ ਖੁਰਾਕ ਖਾਣ ਨਾਲ ਸਾਡੇ ਖੂਨ ਵਿੱਚ ਗੁਲੂਕੋਜ ਦਾ ਪੱਧਰ ਵਧ ਜਾਂਦਾ ਹੈ ਇਸ ਲਈ ਇਸ ਦੇ ਲਾਜ਼ਮੀ ਸਿੱਟੇ ਵਜੋਂ ਇਨਸੂਲਿਨ ਦਾ ਪੱਧਰ ਵੀ ਵਧ ਜਾਂਦਾ ਹੈ। ਵਧੀ ਹੋਈ ਇਨਸੂਲਿਨ ਆਪਣੇ ਸੁਭਾਅ ਪੱਖੋਂ ਹੀ ਸਾਡੇ ਗੁਰਦਿਆਂ ਨੂੰ ਪਿਸ਼ਾਬ ਰਾਹੀਂ ਸੋਡੀਅਮ ਬਾਹਰ ਕੱਢਣ ਤੋਂ ਰੋਕਦੀ ਹੈ ਜਿਸ ਨਾਲ ਪਿਸ਼ਾਬ ਵੀ ਘੱਟ ਆਉਂਦਾ ਹੈ ਜਿਸ ਦੇ ਸਿੱਟੇ ਵਜੋਂ ਸਰੀਰ ਵਿੱਚ ਵਧਿਆ ਹੋਇਆ ਇਹ ਪਾਣੀ (Metabolic Water) ਸਾਡੇ ਬਲੱਡ ਪ੍ਰੈਸ਼ਰ ਨੂੰ ਵਧਾਉਣ ਵਿੱਚ ਸਹਾਈ ਹੁੰਦਾ ਹੈ। ਪ੍ਰੰਤੂ ਆਪਣੀ ਖੁਰਾਕ ਵਿੱਚ ਕਾਰਬੋਹਾਈਡਰੇਟ ਘਟਾਉਣ ਤੋਂ ਬਾਅਦ ਉਪਰੋਕਤ ਤੋਂ ਉਲਟ ਵਾਪਰਨਾ ਸ਼ੁਰੂ ਹੋ ਜਾਂਦਾ ਹੈ ਅਤੇ ਸਾਡਾ ਬਲੱਡ ਪ੍ਰੈਸ਼ਰ ਵੀ ਘਟਣਾ ਸ਼ੁਰੂ ਹੋ ਜਾਂਦਾ ਹੈ। ਕਾਰਬੋਹਾਈਡਰੇਟ ਛੱਡਣ ਤੋਂ ਬਾਅਦ ਆਦਮੀ ਕੁੱਝ ਹਫਤਿਆਂ ਲਈ ਆਮ ਨਾਲੋਂ ਵੱਧ ਵਾਰ ਗੁਸਲਖਾਨੇ ਜਾਂਦਾ ਹੈ ਅਤੇ ਵੱਧ ਪਿਸ਼ਾਬ ਆਉਣ ਕਰਕੇ ਉਸ ਦਾ ਭਾਰ ਵੀ ਘਟਣਾ ਸ਼ੁਰੂ ਹੋ ਜਾਂਦਾ ਹੈ। ਪ੍ਰੰਤੂ ਅਸਲ ਵਿੱਚ ਉਹ ਹਾਲੇ ਪਤਲਾ ਹੋਣਾ ਸ਼ੁਰੂ ਨਹੀਂ ਹੋਇਆ ਹੁੰਦਾ। ਕੀਟੋ ਅਨੁਕੂਲਨ ਤੋਂ ਬਾਅਦ ਹੀ ਉਹ ਸਹੀ ਮਾਅਨਿਆਂ ਵਿੱਚ ਪਤਲਾ ਹੋਣਾ ਸ਼ੁਰੂ ਹੁੰਦਾ ਹੈ ਕਿਉਂਕਿ ਇਸ ਤੋਂ ਬਾਅਦ ਹੀ ਅਸਲ 'ਚ ਸਰੀਰਕ ਫੈਟ ਖੁਰਣੀ ਸ਼ੁਰੂ ਹੋਣੀ ਹੁੰਦੀ ਹੈ। ਕਈ ਵਿਅਕਤੀਆਂ ਦਾ ਸਰੀਰ ਆਪਣੇ ਸੋਡੀਅਮ ਦੇ ਬਚਾਅ ਲਈ ਪੋਟਾਸ਼ੀਅਮ ਨੂੰ ਦਾਅ 'ਤੇ ਲਾ ਦਿੰਦਾ ਹੈ। ਭਾਵ ਪਿਸ਼ਾਬ ਰਾਹੀਂ ਆਮ ਨਾਲੋਂ ਵੱਧ ਪੋਟਾਸ਼ੀਅਮ ਬਾਹਰ ਆਉਣਾ ਸ਼ੁਰੂ ਹੋ ਜਾਂਦਾ ਹੈ। ਕਿਉਂਕਿ ਸਰੀਰ ਵਿੱਚ ਜ਼ਿਆਦਾ ਪੋਟਾਸ਼ੀਅਮ ਸੋਡੀਅਮ ਨੂੰ ਬਾਹਰ ਧੱਕਦਾ ਹੈ ਇਸ ਲਈ ਸਰੀਰ ਸੋਡੀਅਮ ਦੀ ਰੱਖਿਆ ਲਈ ਪੋਟਾਸ਼ੀਅਮ ਨੂੰ ਹੀ ਪਿਸ਼ਾਬ ਰਾਹੀਂ ਬਾਹਰ ਕੱਢਣਾ ਸ਼ੁਰੂ ਕਰ ਦਿੰਦਾ ਹੈ। ਇਸ ਸੋਡੀਅਮ ਪੋਟਾਸ਼ੀਅਮ ਅਸੰਤੁਲਨ (Electrolyte Imbalance) ਨਾਲ ਸਰੀਰ ਦੀਆਂ ਬਹੁਤ ਸਾਰੀਆਂ ਰਸਾਇਣਿਕ ਕ੍ਰਿਆਵਾਂ ਦਾ ਆਪਸੀ ਤਾਲ-ਮੇਲ ਗੜਬੜਾ ਜਾਂਦਾ ਹੈ। ਪ੍ਰੰਤੂ ਚਮਚਾ-ਅੱਧਾ ਚਮਚ ਨਮਕ ਖਾਣ ਨਾਲ ਇਹ ਹਾਲਤ ਅਕਸਰ ਠੀਕ ਹੋ ਜਾਂਦੀ ਹੈ। ਪ੍ਰੰਤੂ ਅਜਿਹੇ ਪੇਚੀਦਾ ਮਾਮਲਿਆਂ ਵਿੱਚ ਸਿਆਣੇ ਅਤੇ ਤਜ਼ਰਬੇਕਾਰ ਡਾਕਟਰ ਦੀ ਸਲਾਹ ਜਰੂਰ ਲੈ ਲੈਣੀ ਚਾਹੀਦੀ ਹੈ।

(ਲੇਖਕ, ਪੁਸਤਕ 'ਕੀ ਖਾਣਾ ਲੋੜੀਏ ?')

98159-08088

ਚਲੰਤ ਵਿਵਾਦ

‘ਵੰਦੇ-ਮਾਤਰਮ’ ਗੀਤ ਵਿਵਾਦਪੂਰਨ ਕਿਉਂ



ਰਾਜਪਾਲ ਸਿੰਘ

‘ਵੰਦੇ-ਮਾਤਰਮ’ ਗੀਤ ਨੂੰ ਭਾਰਤ ਦੇ ਰਾਸ਼ਟਰੀ ਗੀਤ (National Song) ਦਾ ਰੁਤਬਾ ਦਿੱਤਾ ਗਿਆ ਹੈ ਜਦ ਕਿ ਜਨ-ਗਨ-ਮਨ ਰਾਸ਼ਟਰੀ ਗਾਣ (National Anthem) ਹੈ। ਚਾਹੇ ਜਨ-ਗਨ-ਮਨ ਬਾਰੇ ਵੀ ਥੋੜ੍ਹੀ-ਬਹੁਤ ਚਰਚਾ ਚਲਦੀ ਰਹਿੰਦੀ ਹੈ ਕਿ ਮੂਲ ਰੂਪ ਵਿੱਚ ਇਹ ਰਚਨਾ ਰਾਬਿੰਦਰ ਨਾਥ ਟੈਗੋਰ ਨੇ ਬ੍ਰਿਟੇਨ ਦੇ ਬਾਦਸ਼ਾਹ ਜਾਰਜ ਪੰਚਮ ਦੀ ਉਸਤਤ ਵਿੱਚ ਲਿਖੀ ਸੀ ਪਰ ਇੱਕ ਤਾਂ ਹੁਣ ਇਸ ਗੀਤ ਦੇ ਸ਼ਬਦਾਂ ਨੂੰ ਭਾਰਤ ਦੇਸ਼ ਦੀ ਉਸਤਤ ਵਜੋਂ ਸਥਾਪਿਤ ਕਰ ਦਿੱਤਾ ਗਿਆ ਹੈ ਅਤੇ ਦੂਸਰਾ ਇਸ ਵਿੱਚ ਕਿਸੇ ਵਿਸ਼ੇਸ ਧਰਮ ਜਾਂ ਖਿੱਤੇ ਦੀ ਗੱਲ ਨਹੀਂ ਹੈ ਇਸ ਲਈ ਇਸ ਨੂੰ ਸਾਰੇ ਦੇਸ਼ ਵਾਸੀਆਂ ਵੱਲੋਂ ਪ੍ਰਵਾਨ ਕਰ ਲਿਆ ਗਿਆ ਹੈ। ਪਰ ‘ਵੰਦੇ-ਮਾਤਰਮ’ ਗੀਤ ਬਾਰੇ ਅਕਸਰ ਹੀ ਵਿਵਾਦ ਉਠਦੇ ਰਹਿੰਦੇ ਹਨ। ਸਮੇਂ-ਸਮੇਂ ’ਤੇ ਹਿੰਦੂਤਵੀ ਨੇਤਾ ਇਸ ਗੱਲ ’ਤੇ ਜ਼ੋਰ ਦਿੰਦੇ ਰਹਿੰਦੇ ਹਨ ਕਿ ਸਾਰੀਆਂ ਵਿੱਦਿਅਕ ਸੰਸਥਾਵਾਂ ਵਿੱਚ ਵੰਦੇ-ਮਾਤਰਮ ਗਾਇਆ ਜਾਣਾ ਲਾਜ਼ਮੀ ਹੋਵੇ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਇਸ ਮੁਹਿੰਮ ਨੇ ਵੱਧ ਜ਼ੋਰ ਫੜਿਆ ਹੈ। ਜੂਨ 2017 ਵਿੱਚ ਮਦਰਾਸ ਹਾਈ ਕੋਰਟ ਦੇ ਇੱਕ ਜੱਜ ਨੇ ਹੁਕਮ ਜਾਰੀ ਕੀਤੇ ਕਿ ਇਹ ਗੀਤ ਸਾਰੀਆਂ ਵਿੱਦਿਅਕ ਸੰਸਥਾਵਾਂ ਵਿੱਚ ਗਾਇਆ ਜਾਵੇ ਅਤੇ ਫੈਕਟਰੀਆਂ ਵਰਗੇ ਹੋਰ ਅਦਾਰਿਆਂ ਵਿੱਚ ਵੀ ਇਸ ਨੂੰ ਮਹੀਨੇ ਵਿੱਚ ਇੱਕ ਵਾਰ ਜਰੂਰ ਗਵਾਇਆ ਜਾਵੇ, ਇਹ ਵੱਖਰੀ ਗੱਲ ਹੈ ਕਿ ਇਸ ਹੁਕਮ ਨੂੰ ਨਵੰਬਰ ਵਿੱਚ ਇਸੇ ਹਾਈ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਰੱਦ ਕਰ ਦਿੱਤਾ। ਇਸੇ ਮੁਹਿੰਮ ਤਹਿਤ ਗੌਤਮ ਮੁਰਾਰਕਾ ਨਾਂ ਦੇ ਸ਼ਖਸ ਨੇ ਪਹਿਲਾਂ ਦਿੱਲੀ ਹਾਈ ਕੋਰਟ ਅਤੇ ਫਿਰ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਕਿ ਇਸ ਗੀਤ ਨੂੰ ਰਾਸ਼ਟਰੀ ਗਾਣ ਜਨ-ਗਨ-ਮਨ ਦੇ ਬਰਾਬਰ ਦਾ ਦਰਜਾ ਅਤੇ ਸਤਿਕਾਰ ਦਿੱਤਾ ਜਾਵੇ, ਇਹ ਪਟੀਸ਼ਨਾਂ ਵੀ ਰੱਦ ਹੋ ਗਈਆਂ।

ਕਾਨੂੰਨੀ ਤੌਰ ’ਤੇ ਲਾਗੂ ਕਰਵਾਉਣ ਵਿੱਚ ਅਸਫਲ ਰਹਿਣ ਤੋਂ ਬਾਅਦ ਹੁਣ ਇਸ ਨੂੰ ਜ਼ੋਰ-ਜ਼ਬਰਦਸਤੀ ਨਾਲ ਲੋਕਾਂ ਦੇ ਗਲੇ ਵਿੱਚ ਉਤਾਰਿਆ ਜਾਂਦਾ ਹੈ। ਜਿਵੇਂ ਆਰ.ਐਸ.ਐਸ. ਨਾਲ ਸੰਬੰਧਿਤ ਜਥੇਬੰਦੀਆਂ ਇਹੋ ਜਿਹੇ ਨਾਅਰੇ ਦਿੰਦੀਆਂ ਹਨ - ‘ਹਿੰਦੁਸਤਾਨ ਮੇਂ ਰਹਿਣਾ ਹੋਗਾ, ਤੋ ਵੰਦੇ-ਮਾਤਰਮ ਕਹਿਣਾ ਹੋਗਾ।’ ਦੂਜੇ ਪਾਸੇ ਮੁਸਲਮਾਨਾਂ ਵੱਲੋਂ ਇਸ ਗੀਤ ਅਤੇ ਨਾਅਰੇ ਦਾ ਜ਼ੋਰਦਾਰ ਵਿਰੋਧ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਇਹ ਗੀਤ ਬੋਲਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਜਦ ਸੰਨ 2006 ਵਿੱਚ ਉਸ ਸਮੇਂ ਦੇ ਕੇਂਦਰੀ ਮੰਤਰੀ ਅਰਜਨ ਸਿੰਘ ਨੇ ਰਾਜ ਸਰਕਾਰਾਂ ਨੂੰ ਇੱਕ ਹਦਾਇਤ ਕੀਤੀ ਸੀ ਕਿ ਇਸ ਗੀਤ ਦੀ ਸ਼ਤਾਬਦੀ ਮਨਾਉਣ ਲਈ 7 ਸਤੰਬਰ 2006 ਨੂੰ ਵਿੱਦਿਅਕ ਸੰਸਥਾਵਾਂ ਵਿੱਚ ਸਾਰੇ ਬੱਚੇ ਇਸ ਨੂੰ ਗਾਉਣ ਤਾਂ ਮੁਸਲਮਾਨ ਆਗੂਆਂ ਨੇ ਮੁਸਲਮਾਨ ਭਾਈਚਾਰੇ ਨੂੰ ਸਲਾਹ ਦਿੱਤੀ ਸੀ ਕਿ ਉਸ ਦਿਨ ਉਹ ਆਪਣੇ ਬੱਚਿਆਂ ਨੂੰ ਸਕੂਲ ਹੀ ਨਾ ਭੇਜਣ। ਸਵਾਲ ਪੈਦਾ ਹੁੰਦਾ ਹੈ ਕਿ ਮੁਸਲਮਾਨ ਭਾਈਚਾਰੇ ਵੱਲੋਂ ਇਸ ਗੀਤ ਦਾ ਐਨਾ ਵਿਰੋਧ ਕਿਉਂ ਕੀਤਾ ਜਾਂਦਾ ਹੈ ? ਓਪਰੀ ਨਜ਼ਰ ਨਾਲ ਦੇਖਿਆਂ ਵੰਦੇ-ਮਾਤਰਮ ਕਹਿਣ ਵਿੱਚ ਕੋਈ ਬੁਰਾਈ ਨਹੀਂ ਜਾਪਦੀ ਕਿਉਂਕਿ ਵੰਦੇ-ਮਾਤਰਮ ਦਾ ਅਰਥ ਹੈ -‘ਮਾਂ ਤੈਨੂੰ ਪ੍ਰਣਾਮ’ ਪਰ ਮਾਮਲਾ ਐਨਾ ਸਿੱਧਾ ਨਹੀਂ, ਮੁਸਲਮਾਨਾਂ ਵੱਲੋਂ ਇਸ ਦਾ ਵਿਰੋਧ ਕੀਤੇ ਜਾਣ ਦੇ ਆਪਣੇ ਤਰਕ ਹਨ ਜਿਨ੍ਹਾਂ ਨੂੰ ਜਾਣਨਾ ਜ਼ਰੂਰੀ ਹੈ। ਇਸ ਵਿਵਾਦ ਨੂੰ ਸਮਝਣ ਲਈ ਸਾਨੂੰ ਇਸ ਦੇ ਇਤਿਹਾਸਕ ਪਿਛੋਕੜ ਵਿੱਚ ਜਾਣਾ ਪਵੇਗਾ।

ਵੰਦੇ-ਮਾਤਰਮ ਗੀਤ ਬੰਗਾਲ ਦੇ ਪ੍ਰਸਿੱਧ ਸਾਹਿਤਕਾਰ ਬੰਕਿਮ ਚੰਦਰ ਚੈਟਰਜੀ ਵੱਲੋਂ ਸੰਸਕ੍ਰਿਤ ਅਤੇ ਬੰਗਾਲੀ ਦੀ ਰਲੀ-ਮਿਲੀ ਭਾਸ਼ਾ ਵਿੱਚ ਲਿਖਿਆ ਗਿਆ ਸੀ। ਇਸ ਗੀਤ ਨੂੰ ਉਸ ਨੇ ਆਪਣੇ ਨਾਵਲ ‘ਆਨੰਦ ਮੱਠ’ ਵਿੱਚ ਸ਼ਾਮਲ ਕਰ ਦਿੱਤਾ ਅਤੇ ਨਾਵਲ ਦੇ ਨਾਲ-ਨਾਲ ਇਹ ਗੀਤ ਵੀ ਬਹੁਤ ਪ੍ਰਸਿੱਧ ਹੋ ਗਿਆ। ਇਸ ਨਾਵਲ ਦੀ ਕਹਾਣੀ ਲਈ ਬੰਕਿਮ ਚੰਦਰ ਨੇ 1770 ਵਿੱਚ ਬੰਗਾਲ ਦੇ ਕਾਲ ਉਪਰੰਤ ਉੱਥੇ ਕੁੱਝ ਇਲਾਕਿਆਂ ਵਿੱਚ ਉੱਠੀ ਸੰਨਿਆਸੀਆਂ ਦੀ ਬਗ਼ਾਵਤ ਨੂੰ ਆਧਾਰ ਬਣਾਇਆ। ਉਂਝ ਜਿਸ ਘਟਨਾ ਨੂੰ ਸੰਨਿਆਸੀਆਂ ਦੀ ਬਗ਼ਾਵਤ ਕਿਹਾ ਜਾਂਦਾ ਹੈ ਇਹ ਕੋਈ ਅੰਗਰੇਜ਼ਾਂ ਦੇ ਖਿਲਾਫ਼ ਆਜ਼ਾਦੀ ਦੀ ਲਹਿਰ ਨਹੀਂ ਸੀ। ਅਸਲ ਵਿੱਚ ਪਹਿਲਾਂ ਸਾਧਾਂ/ ਸੰਨਿਆਸੀਆਂ ਦੇ ਟੋਲੇ, ਤੀਰਥ ਯਾਤਰਾ ਦੇ ਬਹਾਨੇ ਜਦ ਬੰਗਾਲ ਦੇ ਪਿੰਡਾਂ, ਕਸਬਿਆਂ ਵਿੱਚੋਂ ਲੰਘਦੇ ਤਾਂ ਉਹ ਜਿਮੀਂਦਾਰਾਂ ਤੋਂ ਧਰਮ ਦੇ ਨਾਂ ’ਤੇ ਉਗਰਾਹੀ ਕਰਦੇ ਜਾਂਦੇ ਸਨ। ਪਰ ਜਦ ਬਕਸਰ ਦੀ ਲੜਾਈ ਤੋਂ ਬਾਅਦ ਬੰਗਾਲ ਵਿੱਚੋਂ ਮਾਲੀਆ ਵਸੂਲਣ ਦਾ ਅਧਿਕਾਰ ਅੰਗਰੇਜ਼ਾਂ ਕੋਲ ਆ ਗਿਆ ਤਾਂ ਅੰਗਰੇਜ਼ਾਂ ਦੀ ਸਖਤ ਵਸੂਲੀ ਕਾਰਨ ਕਿਸਾਨਾਂ ਦੀ ਹਾਲਤ ਮੰਦੀ ਹੋ ਗਈ। ਉੱਤੋਂ ਮੀਂਹ ਨਾ ਪੈਣ ਕਾਰਣ ਕਾਲ ਪੈ ਗਿਆ

ਜਿਸ ਵਿੱਚ ਲੱਖਾਂ ਲੋਕ ਭੁੱਖ ਨਾਲ ਤੜਪ-ਤੜਪ ਕੇ ਮਰ ਗਏ। ਅਜਿਹੀ ਹਾਲਤ ਵਿੱਚ ਵਿਹਲੜ ਸਾਧਾਂ ਨੂੰ ਖਾਣ-ਪੀਣ ਅਤੇ ਪੁੰਨ-ਦਾਨ ਕੌਣ ਦਿੰਦਾ? ਇਸ ਕਾਰਣ ਇਹ ਸੰਨਿਆਸੀ ਅਖਵਾਉਣ ਵਾਲੇ ਲੋਕ ਲੁੱਟ-ਮਾਰ ਕਰਨ ਲੱਗੇ ਜਿਸ ਕਰਕੇ ਇਨ੍ਹਾਂ ਦਾ ਮੁਸਲਮਾਨ ਹਾਕਮਾਂ ਅਤੇ ਈਸਟ ਇੰਡੀਆ ਕੰਪਨੀ ਦੇ ਅੰਗਰੇਜ਼ ਕਰਮਚਾਰੀਆਂ ਨਾਲ ਟਕਰਾ ਹੋਣ ਲੱਗਾ। ਅੰਗਰੇਜ਼ਾਂ ਨੇ ਬਿਹਤਰ ਹਥਿਆਰਾਂ ਅਤੇ ਤੋਪਖਾਨੇ ਦੀ ਮੱਦਦ ਨਾਲ ਇਨ੍ਹਾਂ ਸਾਧੂਆਂ ਦੀ ਗੜਬੜ ਨੂੰ ਦਬਾ ਦਿੱਤਾ। ਬੰਕਿਮ ਚੰਦਰ ਨੇ ਆਪਣੇ ਨਾਵਲ ਵਿੱਚ ਇਨ੍ਹਾਂ ਸਾਧੂਆਂ ਨੂੰ ਬਹੁਤ ਆਦਰਸ਼ਕ ਅਤੇ ਬਹਾਦਰ ਵਿਅਕਤੀਆਂ ਵਜੋਂ ਪੇਸ਼ ਕੀਤਾ ਹੈ ਜੋ ਆਪਣੇ ਆਪ ਨੂੰ ਦੇਵੀ ਮਾਂ ਦੀ 'ਸੰਤਾਨ' ਕਹਿੰਦੇ ਸਨ। ਪਰ ਸੱਚਾਈ ਇਹ ਸੀ ਕਿ ਇਨ੍ਹਾਂ ਸਾਧੂਆਂ ਦਾ ਅੰਗਰੇਜ਼ਾਂ ਨਾਲ ਕੋਈ ਮੁਕਾਬਲਾ ਨਹੀਂ ਸੀ ਸੋ ਬੰਕਿਮ ਨੇ ਨਾਵਲ ਦਾ ਅੰਤ ਇਸ ਤਰ੍ਹਾਂ ਕੀਤਾ ਕਿ ਸਾਧੂਆਂ ਦਾ ਮਕਸਦ ਮੁਸਲਮਾਨਾਂ ਦੇ ਰਾਜ ਖਤਮ ਕਰਕੇ ਅੰਗਰੇਜ਼ਾਂ ਦਾ ਰਾਜ ਲਿਆਉਣਾ ਹੀ ਸੀ ਕਿਉਂਕਿ ਅੰਗਰੇਜ਼ਾਂ ਕੋਲ ਬਾਹਰਮੁਖੀ ਗਿਆਨ ਬਹੁਤ ਹੈ, ਉਨ੍ਹਾਂ ਦੇ ਰਾਜ ਦੌਰਾਨ ਤਰੱਕੀ ਹੋਵੇਗੀ, ਹਿੰਦੂ ਉਨ੍ਹਾਂ ਤੋਂ ਗਿਆਨ ਹਾਸਲ ਕਰਨਗੇ ਅਤੇ ਫਿਰ ਹਿੰਦੂ ਰਾਜ ਕਾਇਮ ਹੋਵੇਗਾ।

ਅਸਲ ਵਿੱਚ ਬੰਕਿਮ ਚੰਦਰ ਖ਼ੁਦ ਅੰਗਰੇਜ਼ਾਂ ਦੇ ਅਧੀਨ ਡਿਪਟੀ ਕੁਲੈਕਟਰ ਵਰਗੀ ਵੱਡੀ ਪੋਸਟ 'ਤੇ ਲੱਗਿਆ ਹੋਇਆ ਸੀ, ਦੂਜੇ ਪਾਸੇ ਉਹ ਧੁਰ ਅੰਦਰੋਂ ਰੂੜੀਵਾਦੀ ਅਤੇ ਫਿਰਕਾਪ੍ਰਸਤ ਵਿਚਾਰਾਂ ਦਾ ਧਾਰਨੀ ਸੀ ਜਿਸ ਕਰਕੇ ਮੁਸਲਮਾਨਾਂ ਨੂੰ ਨਫ਼ਰਤ ਕਰਦਾ ਸੀ। ਸੋ ਉਸ ਨੇ ਜਦ ਸੰਨਿਆਸੀਆਂ ਦੀ ਬਗ਼ਾਵਤ ਨੂੰ ਨਾਵਲ ਦੀ ਕਹਾਣੀ ਦਾ ਆਧਾਰ ਬਣਾਇਆ ਤਾਂ ਇਸ ਕਹਾਣੀ ਨੂੰ ਉਸ ਨੇ ਮੁਸਲਮਾਨਾਂ ਦੇ ਵਿਰੁੱਧ ਮੋੜ ਦਿੱਤਾ ਅਤੇ ਅੰਤ ਅੰਗਰੇਜ਼ਾਂ ਦੇ ਹੱਕ ਵਿੱਚ ਕਰ ਦਿੱਤਾ। ਇਸ ਤੋਂ ਵੀ ਮਾੜੀ ਗੱਲ ਇਹ ਕੀਤੀ ਕਿ ਨਾਵਲ ਵਿੱਚ ਮੁਸਲਮਾਨਾਂ ਪ੍ਰਤੀ ਬਹੁਤ ਨਫ਼ਰਤੀ ਵਾਕ ਵਰਤੇ। ਕੁੱਝ ਉਦਾਹਰਣਾਂ ਵੇਖੀਆਂ ਜਾ ਸਕਦੀਆਂ ਹਨ ਜਿੱਥੇ ਮੁਸਲਮਾਨਾਂ ਨੂੰ ਮਾਰਨ ਅਤੇ ਲੁੱਟਣ ਨੂੰ ਜਸ਼ਨ ਵਜੋਂ ਪੇਸ਼ ਕੀਤਾ ਗਿਆ ਹੈ।

ਸੰਤਾਨਾਂ ਐਲਾਨ ਕਰ ਦਿੱਤਾ ਸੀ ਕਿ ਮੁਸਲਮਾਨਾਂ ਨੂੰ ਹਰਾ ਦਿੱਤਾ ਗਿਆ ਹੈ। ਦੇਸ਼ ਫਿਰ ਹਿੰਦੂਆਂ ਦਾ ਹੋ ਗਿਆ ਹੈ। ਹਰੀ-ਹਰੀ ਦੇ ਜੈਕਾਰੇ ਛਡਦੇ ਹੋਏ ਮੁਸਲਮਾਨਾਂ ਦੀ ਕਟਾ-ਵੱਢੀ ਸ਼ੁਰੂ ਕਰ ਦਿੱਤੀ ਗਈ। ਮੁਸਲਿਮ ਬਸਤੀਆਂ ਨੂੰ ਸਾੜ-ਫੂਕਣ ਦਾ ਦੌਰ ਤੇਜ਼ ਹੋ ਗਿਆ। ਬਹੁਤ ਸਾਰੇ ਤੁਰਕ ਪਠਾਣ ਮਾਰੇ ਗਏ। ਅਣਗਿਣਤ ਮੁਸਲਮਾਨਾਂ ਨੇ ਘਬਰਾ ਕੇ ਦਾੜ੍ਹੀਆਂ ਮੁੰਨ ਲਈਆਂ। ਸਰੀਰ 'ਤੇ ਭਭੂਤੀ ਮਲ ਹਰੀ-ਹਰੀ ਜਪਣ ਲੱਗੇ...... ਸਫ਼ਾ 122

ਮਾਂ ਦੁਰਗਾ ਚਾਹਿਆ ਤਾਂ ਹੀ ਸੰਨਿਆਸੀ ਪ੍ਰਗਟ ਹੋਏ ਹਨ। ਹਿੰਦੂਆਂ ਦੀ ਚੰਗੀ ਕਿਸਮਤ ਨੂੰ ਨੇਕ ਦਿਨ ਦੇਖਣਾ ਨਸੀਬ ਹੋਇਆ। ਮੁਸਲਮਾਨ ਅੰਦਰ ਵੜੇ ਅੱਲਾਹ-ਅੱਲਾਹ ਪੁਕਾਰ ਰਹੇ ਸਨ। ਏਨਾ ਚਿਰ ਕੁਰਾਨ ਦਾ ਪਾਠ ਬੇਫਾਇਦਾ ਰਿਹਾ, ਪੰਜੇ ਵਕਤ ਦੀਆਂ ਨਮਾਜ਼ਾਂ ਕਿਸੇ ਕੰਮ ਨਾ ਆਈਆਂ। ਤਿਲਕਧਾਰੀ ਹਿੰਦੂਆਂ 'ਤੇ ਮੋਮਨਾਂ ਦੀ ਫਤਿਹ ਨਾ ਹੋ ਸਕੀ। ਕਿਆਮਤ ਆ ਰਹੀ। ਵਿਧਰਮੀ ਰੋਂਦੇ ਤ੍ਰਬਕਦੇ ਦਿਨ ਕਟੀ ਕਰਨ ਲੱਗੇ।...... ਸਫ਼ਾ 123

ਭਵਾਨੰਦ : ਮੈਨੂੰ ਤਾਂ ਏਨਾ ਪਤਾ ਕਿ ਅੰਗਰੇਜ਼ ਪਿੱਠ ਨਹੀਂ ਦਿਖਾਉਂਦੇ। ਜਾਨ ਭਾਂਵੇਂ ਚਲੀ ਜਾਵੇ। ਮੁਸਲਮਾਨ ਗੀਦੀ ਨੇ। ਭੱਜ ਖੜ੍ਹੇ ਹੁੰਦੇ ਨੇ। ਮੁਸਲੇ ਹੱਡ ਹਰਾਮੀ ਹੁੰਦੇ ਨੇ। ... ਸਫ਼ਾ 30

(ਇਹ ਸਾਰੀਆਂ ਸਤਰਾਂ ਚੇਤਨਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਨਾਵਲ 'ਆਨੰਦ ਮੱਠ' ਦੇ ਪੰਜਾਬੀ ਰੂਪ ਵਿੱਚੋਂ ਲਈਆਂ ਗਈਆਂ ਹਨ)

ਉਪਰੋਕਤ ਪਹਿਰੇ ਵਿਚਲਾ ਭਵਾਨੰਦ ਨਾਮ ਦਾ ਪਾਤਰ ਹੀ ਨਾਵਲ ਵਿੱਚ ਵੰਦੇ-ਮਾਤਰਮ ਗੀਤ ਗਾਉਂਦਾ ਦਿਖਾਇਆ ਗਿਆ ਹੈ। ਸੋ ਇਸ ਗੀਤ ਨੂੰ ਨਾਵਲ ਵਿਚਲੇ ਪਿਛੋਕੜ ਨਾਲੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ। ਇਹ ਸੁਭਾਵਿਕ ਹੀ ਹੈ ਕਿ ਜਦ ਮੁਸਲਿਮ ਵਿਰੋਧੀ ਨਾਵਲ ਦੇ ਹਿੰਦੂ ਪਾਤਰ ਵੱਲੋਂ ਗਾਏ ਗਏ ਭਜਨ ਨੂੰ ਕੌਮੀ ਗੀਤ ਵਜੋਂ ਸਭ ਉੱਤੇ ਠੋਸਿਆ ਜਾਂਦਾ ਹੈ ਤਾਂ ਮੁਸਲਮਾਨਾਂ ਦੁਖੀ ਹੋਣਾ ਹੀ ਹੈ। ਇਸ ਤੋਂ ਵੀ ਵੱਡੀ ਗੱਲ ਕਿ ਗੀਤ ਦੇ ਪਹਿਲੇ ਦੋ ਪੈਹਰਿਆਂ ਵਿੱਚ ਹੀ ਮਾਤਭੂਮੀ ਨੂੰ ਮਾਂ ਕਿਹਾ ਹੈ, ਅਗਲੇ ਪੈਹਰਿਆਂ ਵਿੱਚ ਮਾਤਭੂਮੀ ਨੂੰ ਹਿੰਦੂ ਧਰਮ ਦੀਆਂ ਦੇਵੀਆਂ ਨਾਲ ਇੱਕ-ਮਿੱਕ ਕੀਤਾ ਗਿਆ ਹੈ। ਮੁਸਲਮਾਨਾਂ ਦਾ ਕਹਿਣਾ ਹੈ ਕਿ ਮਾਤਭੂਮੀ ਦੇ ਬਹਾਨੇ ਅਸਲ ਵਿੱਚ ਉਨ੍ਹਾਂ ਤੋਂ ਦੇਵੀ ਨੂੰ ਪ੍ਰਣਾਮ ਕਰਵਾਇਆ ਜਾਂਦਾ ਹੈ। ਨਾਮਵਰ ਇਤਿਹਾਸਕਾਰ ਆਰ.ਸੀ. ਮਜੂਮਦਾਰ ਨੇ ਵੀ ਇਸ ਬਾਰੇ ਲਿਖਿਆ, "ਆਜ਼ਾਦੀ ਸੰਘਰਸ਼ ਵਿੱਚ ਵੰਦੇ-ਮਾਤਰਮ ਦੇਸ਼ ਭਗਤਾਂ ਦਾ ਵੱਡਾ ਨਾਹਰਾ ਸੀ ਪਰ ਬੰਕਿਮ ਚੰਦਰ ਚੈਟਰਜੀ ਦਾ ਰਾਸ਼ਟਰਵਾਦ ਭਾਰਤੀ ਹੋਣ ਦੀ ਬਜਾਏ ਹਿੰਦੂ ਰਾਸ਼ਟਰਵਾਦ ਸੀ। ਉਹ ਥਾਂ-ਥਾਂ ਮੁਸਲਮਾਨਾਂ ਵਿਰੁੱਧ ਬਹੁਤ ਭੈੜੀਆਂ ਟਿੱਪਣੀਆਂ ਕਰਦਾ ਹੈ।"

ਆਜ਼ਾਦੀ ਸੰਘਰਸ਼ ਦੌਰਾਨ ਕਾਂਗਰਸ ਦੀਆਂ ਮੀਟਿੰਗਾਂ ਅਤੇ ਜਲਸਿਆਂ ਵਿੱਚ ਇਸ ਗੀਤ ਨੂੰ ਕਾਫੀ ਗਾਇਆ ਜਾਂਦਾ ਸੀ ਪਰ ਇਸ ਬਾਰੇ ਇਤਰਾਜ਼ ਉਸ ਸਮੇਂ ਤੋਂ ਹੀ ਉਠਾਏ ਜਾ ਰਹੇ ਸਨ। 1908 ਵਿੱਚ ਸੱਯਦ ਅਲੀ ਇਮਾਮ ਨੇ ਅੰਮ੍ਰਿਤਸਰ ਵਿਖੇ ਮੁਸਲਿਮ ਲੀਗ ਦੇ ਸੈਸ਼ਨ ਵਿੱਚ ਬੋਲਦਿਆਂ ਕਿਹਾ, "ਵੰਦੇ-ਮਾਤਰਮ ਨੂੰ ਕੌਮੀ ਨਾਹਰੇ ਵਜੋਂ ਅਪਨਾਉਣਾ ਦੇਸ਼ ਭਗਤੀ ਦੀ ਆੜ ਵਿੱਚ ਹਿੰਦੂ ਰਾਸ਼ਟਰਵਾਦ ਨੂੰ ਪ੍ਰਚਾਰਨਾ ਹੈ। ਮੈਂ ਕਾਂਗਰਸ ਦੇ ਲੀਡਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਦੇਸ਼ ਅੱਗੇ ਅਜਿਹਾ

ਸਿਆਸੀ ਪ੍ਰੋਗਰਾਮ ਰੱਖਣ ਜੋ ਹਿੰਦੂ, ਮੁਸਲਮਾਨ, ਪਾਰਸੀ ਜਾਂ ਇਸਾਈ, ਕਿਸੇ ਵੀ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਕੁਰਬਾਨੀ ਨਾ ਮੰਗੇ।"

1937 ਵਿੱਚ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਮੰਨਿਆ ਗਿਆ, "ਇਸ ਗੀਤ ਦੇ ਕੁੱਝ ਹਿੱਸਿਆਂ ਬਾਰੇ ਮੁਸਲਮਾਨ ਦੋਸਤਾਂ ਦੇ ਇਤਰਾਜ ਨੂੰ ਕਮੇਟੀ ਦਰੁਸਤ ਮੰਨਦੀ ਹੈ।...... ਇਸ ਕਰਕੇ ਕੌਮੀ ਇਕੱਠਾਂ ਵਿੱਚ ਇਸ ਦੇ ਪਹਿਲੇ ਦੋ ਪਹਿਰੇ ਹੀ ਗਾਏ ਜਾਣੇ ਚਾਹੀਦੇ ਹਨ ਅਤੇ ਪ੍ਰਬੰਧਕਾਂ ਨੂੰ ਆਜ਼ਾਦੀ ਹੈ ਕਿ ਜੇ ਇਸ ਦੀ ਜਗ੍ਹਾ ਉਹ ਕੋਈ ਹੋਰ ਗੈਰ-ਇਤਰਾਜ਼ਯੋਗ ਗੀਤ ਗਾਉਣਾ ਚਾਹੁਣ ਤਾਂ ਉਹ ਗਾਇਆ ਜਾ ਸਕਦਾ ਹੈ।"

ਆਜ਼ਾਦੀ ਤੋਂ ਬਾਅਦ ਸੰਵਿਧਾਨ ਘੜਨੀ ਸਭਾ ਵਿੱਚ ਵੀ ਇਸ ਬਾਰੇ ਬਹਿਸ ਚੱਲੀ। ਇਸ ਵਿਚਲੇ ਸੱਜੇ-ਪੱਖੀ ਹਿੰਦੂਵਾਦੀ ਨੇਤਾਵਾਂ ਦਾ ਜ਼ੋਰ ਸੀ ਕਿ ਵੰਦੇ-ਮਾਤਰਮ ਨੂੰ ਕੌਮੀ ਗਾਣ ਦਾ ਰੁਤਬਾ ਮਿਲੇ ਜਦਕਿ ਸੈਕੂਲਰ ਵਿਚਾਰਾਂ ਵਾਲੇ ਇਸ ਦੀ ਬਜਾਏ ਜਨ-ਗਨ-ਮਨ ਨੂੰ ਕੌਮੀ ਗਾਣੇ ਵਜੋਂ ਪਾਸ ਕਰਵਾਉਣਾ ਚਾਹੁੰਦੇ ਸਨ। ਵੰਦੇ-ਮਾਤਰਮ ਬਾਰੇ ਉਠਦੇ ਗੰਭੀਰ ਇਤਰਾਜਾਂ ਦੇ ਮੱਦੇਨਜ਼ਰ ਇਸ ਦੀ ਬਜਾਏ ਜਨ-ਗਨ-ਮਨ ਨੂੰ ਹੀ ਕੌਮੀ ਗਾਣ ਦਾ ਰੁਤਬਾ ਮਿਲਿਆ ਪਰ ਇਹ ਦਲੀਲ ਦੇ ਕੇ ਕਿ ਵੰਦੇ-ਮਾਤਰਮ ਦੀ ਆਜ਼ਾਦੀ ਲਹਿਰ ਵਿੱਚ ਬਹੁਤ ਮਹੱਤਤਾ ਰਹੀ ਹੈ, ਇਸ ਨੂੰ ਕੌਮੀ ਗੀਤ ਵਜੋਂ ਮਾਣਤਾ ਦੇ ਦਿੱਤੀ ਗਈ। ਪਰ ਨਾਲ ਇਹ ਵੀ ਦਰਜ ਕੀਤਾ ਗਿਆ ਕਿ ਇਸ ਪੂਰੇ ਗੀਤ ਦੇ ਪਹਿਲੇ ਦੋ ਪਹਿਰੇ ਹੀ ਕੌਮੀ ਗੀਤ ਵਜੋਂ ਮੰਨੇ ਅਤੇ ਗਾਏ ਜਾਣਗੇ ਕਿਉਂਕਿ ਇਨ੍ਹਾਂ ਵਿੱਚ ਕਿਸੇ ਦੇਵੀ-ਦੇਵਤੇ ਦਾ ਜ਼ਿਕਰ ਨਹੀਂ ਹੈ। ਇਹ ਫੈਸਲਾ ਸਿਰਫ਼ ਹਿੰਦੂਵਾਦੀਆਂ ਨੂੰ ਖੁਸ਼ ਕਰਨ ਲਈ ਹੀ ਸੀ ਕਿਉਂਕਿ ਹੋਰ ਦੇਸ਼ਾਂ ਵਿੱਚ ਆਮ ਤੌਰ 'ਤੇ ਇੱਕੋ ਕੌਮੀ ਤਰਾਨੇ ਨੂੰ ਮਾਣਤਾ ਹੁੰਦੀ ਹੈ। ਭਾਰਤ ਵਾਂਗ ਨਹੀਂ ਕਿ ਦੋ-ਦੋ ਗੀਤਾਂ ਨੂੰ ਮਾਣਤਾ ਦੇ ਕੇ ਇੱਕ ਨੂੰ ਕੌਮੀ ਗਾਣ (National Anthem) ਕਹਿ ਦਿਓ ਅਤੇ ਦੂਸਰੇ ਨੂੰ ਕੌਮੀ ਗੀਤ (National Song)।

ਇਸ ਤਰ੍ਹਾ ਪਹਿਲੀ ਗੱਲ ਤਾਂ ਜਨ-ਗਨ—ਮਨ ਤੋਂ ਵੱਖਰੇ ਹੋਰ ਕੌਮੀ ਗੀਤ ਦਾ ਸੰਕਲਪ ਹੀ ਬੇਲੋੜਾ ਹੈ। ਦੂਸਰਾ ਚਾਹੇ ਕੌਮੀ ਗੀਤ ਵਜੋਂ ਮਾਣਤਾ ਦੇਣ ਲਈ ਇਸ ਦੇ ਪਹਿਲੇ ਦੋ ਪਹਿਰੇ ਹੀ ਲਏ ਗਏ ਹਨ ਪਰ ਇਉਂ ਦੋ ਪੈਹਰਿਆਂ ਨੂੰ ਸਮੁੱਚੀ ਰਚਨਾ ਤੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਤੀਸਰੀ ਗੱਲ, ਇਸ ਰਚਨਾ ਨੂੰ ਫਿਰਕੂ ਅਤੇ ਰੂੜੀਵਾਦੀ ਵਿਚਾਰਾਂ ਵਾਲੇ ਨਾਵਲ 'ਆਨੰਦ ਮੱਠ' ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਸੋ ਤਰਕਸ਼ੀਲ ਅਤੇ ਜਮਹੂਰੀ ਨਜ਼ਰੀਆ ਇਹ ਮੰਗ ਕਰਦਾ ਹੈ ਕਿ ਇਸ ਗੀਤ ਨੂੰ ਦੇਸ਼ ਦੇ ਸਾਰੇ ਲੋਕਾਂ ਉੱਤੇ ਨਾ ਠੋਸਿਆ ਜਾਵੇ ਅਤੇ ਨਾ ਹੀ ਉਨ੍ਹਾਂ ਨੂੰ ਵੰਦੇ-ਮਾਤਰਮ ਨਾਹਰਾ ਲਾਉਣ ਲਈ ਮਜ਼ਬੂਰ ਕੀਤਾ ਜਾਵੇ, ਜਿਵੇਂ ਕਿ ਅੱਜ-ਕੱਲ੍ਹ ਰਾਸ਼ਟਰ ਸੰਘੀਆਂ ਵੱਲੋਂ ਕੀਤਾ ਜਾ ਰਿਹਾ ਹੈ।

98767-10809

ਤਵਾਰੀਖ ਦਾ ਹਿੱਸਾ ਬਣੇ ਦਿਨ

1 ਜੁਲਾਈ	:	ਸ਼ਹੀਦ ਮਦਨ ਲਾਲ ਢੀਂਗਰਾ ਵੱਲੋਂ ਕਰਜ਼ਨ ਵਾਇਲੀ ਦੀ ਲੰਡਨ ਵਿੱਚ ਗੋਲੀਆਂ ਮਾਰ ਕੇ ਹੱਤਿਆ (1909)
6 ਜੁਲਾਈ	:	ਲੂਈ ਪਾਸਚਰ ਵੱਲੋਂ ਹਲਕਾਅ ਤੋਂ ਬਚਾਅ ਦੇ ਟੀਕੇ ਦੀ ਈਜ਼ਾਦ (1885)
11 ਜੁਲਾਈ	:	ਵਿਸ਼ਵ ਜਨਸੰਖਿਆ ਦਿਵਸ
13 ਜੁਲਾਈ	:	ਸ਼ਹੀਦ ਜਤਿੰਦਰ ਨਾਥ ਦਾਸ ਨੇ ਆਪਣੀ ਇਤਿਹਾਸਕ ਭੁੱਖ ਹੜਤਾਲ ਸ਼ੁਰੂ ਕੀਤੀ (1929)
16 ਜੁਲਾਈ	:	ਚੰਦ 'ਤੇ ਪਹਿਲੀ ਵਾਰ ਮਨੁੱਖ ਨੂੰ ਲੈ ਕੇ ਜਾਣ ਵਾਲੇ ਰਾਕਟ ਅਪੋਲੋ 11 ਦੀ ਧਰਤੀਂ ਤੋਂ ਉਡਾਣ (1969)
17 ਜੁਲਾਈ	:	ਪੰਜਾਬ ਰਿਆਸਤੀ ਪਰਜਾ ਮੰਡਲ ਦੀ ਸਥਾਪਨਾ (1928)
18 ਜੁਲਾਈ	:	ਜੀਵ ਸੈੱਲ ਸਿਧਾਂਤ ਦੇ ਖ਼ੋਜੀ ਵਿਗਿਆਨੀ ਰਾਬਰਟ ਹੁੱਕ ਦਾ ਜਨਮ (1635)
20 ਜੁਲਾਈ	:	ਚੰਦ ਉੱਤੇ ਮਨੁੱਖ ਨੇ ਪਹਿਲੀ ਵਾਰ ਪੈਰ ਧਰੇ (1969)
23 ਜੁਲਾਈ	:	ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦਾ ਜਨਮ (1906)
31 ਜੁਲਾਈ	:	ਸ਼ਹੀਦ ਊਧਮ ਸਿੰਘ ਨੂੰ ਲੰਡਨ ਵਿੱਚ ਫਾਂਸੀ (1940)
5 ਅਗਸਤ	:	ਚੰਦ 'ਤੇ ਪਹਿਲਾ ਪੈਰ ਧਰਨ ਵਾਲੇ ਨੀਲ ਆਰਮਸਟਰੌਂਗ ਦਾ ਜਨਮ (1930)
6 ਅਗਸਤ	:	ਪ੍ਰਮਾਣੂ ਬੰਬ ਵਿਰੋਧੀ ਦਿਵਸ
11 ਅਗਸਤ	:	ਸ਼ਹੀਦ ਖੁਦੀ ਰਾਮ ਬੋਸ ਨੂੰ ਫਾਂਸੀ (1908)
13 ਅਗਸਤ	:	ਕਿਊਬਾ ਦੇ ਕ੍ਰਾਂਤੀਕਾਰੀ ਆਗੂ ਫੀਦਲ ਕਾਸਟਰੋ ਦਾ ਜਨਮ (1926)

ਸਮਾਜਿਕ ਸੱਚ

ਮਕਰਾਨਾ ਦੇ ਲਿਸ਼ਕਦੇ ਪੱਥਰਾਂ ਪਿੱਛੇ ਧੁਖ਼ਦੇ ਮਜ਼ਦੂਰ



ਜਸਵਿੰਦਰ

ਉੱਚ ਅਤੇ ਮੱਧ-ਵਰਗ ਦੇ ਘਰਾਂ ਅੰਦਰ ਲੱਗੇ ਚਮਕਦਾਰ ਪੱਥਰ ਨੂੰ ਵੇਖ ਹਰ ਕਿਸੇ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ ਪਰ ਇਸ ਚਮਕ-ਦਮਕ ਦੇ ਪਿੱਛੇ ਦੀ ਕਹਾਣੀ ਬਹੁਤ ਥੋੜ੍ਹੇ ਲੋਕ ਹੀ ਜਾਣਦੇ ਹਨ, ਇਸ ਚਮਕ ਦਾ ਸਫ਼ਰ ਕੀ ਹੈ, ਇਹ ਕਿੱਥੋਂ ਆਉਂਦੀ ਹੈ, ਕਿਵੇਂ ਆਉਂਦੀ ਹੈ? ਇਸ ਤਰ੍ਹਾਂ ਦੇ ਬਹੁਤ ਸਾਰੇ ਸਵਾਲ ਹਨ ਜੋ ਬਹੁਤ ਘੱਟ ਲੋਕਾਂ ਦੇ ਜਿਹਨ ਵਿੱਚ ਆਉਂਦੇ ਹਨ।

ਇਸ ਚਰਚਾ ਦਾ ਵਿਸ਼ਾ ਥੱਕੀਆਂ ਅੱਖਾਂ, ਹੱਡੀਆਂ ਦੇ ਪਿੰਜਰ ਸਰੀਰ, ਅੰਦਰ ਧਸੀਆਂ ਗੱਲ੍ਹਾਂ, ਸਮੇਂ ਤੋਂ ਪਹਿਲਾਂ ਬੁੱਢੇ ਹੋ ਰਹੇ ਸਰੀਰਾਂ ਦੀ ਜ਼ਿੰਦਗੀ ਹੈ, ਇਸ ਚਮਕ ਪਿੱਛੇ ਦਫ਼ਨ ਹੋ ਚੁੱਕੀਆਂ ਜਾਂ ਹੋ ਰਹੀਆਂ ਅਜਿਹੇ ਹੀ ਲੋਕਾਂ ਦੀਆਂ ਅਣਗਿਣਤ ਜ਼ਿੰਦਗੀਆਂ ਹਨ, ਜੋ ਨਾ ਕਦੇ ਟੀ.ਵੀ. 'ਤੇ ਸੰਘ ਪਾੜ ਰਹੇ ਮੀਡੀਆ ਦੀ ਚਰਚਾ ਦਾ ਵਿਸ਼ਾ ਬਣਦੀਆਂ ਹਨ ਅਤੇ ਨਾ ਹੀ ਕਿਸੇ ਵੋਟ-ਵਟੋਰੂ ਦਾ। ਇੱਥੇ ਆ ਕੇ ਸਭ ਸਰਮਾਏਦਾਰ ਪਾਰਟੀਆਂ ਅਤੇ ਮੀਡੀਆ ਇੱਕ-ਮਿੱਕ ਹਨ।

ਰਾਜਸਥਾਨ ਦੇ ਨਾਗੌਰ ਜ਼ਿਲ੍ਹੇ ਦਾ ਕਸਬਾ ਮਕਰਾਨਾ ਅਜਿਹੇ ਹੀ ਲੋਕਾਂ ਦਾ ਇੱਕ ਵੱਡਾ ਕੇਂਦਰ ਹੈ ਜਿਸ ਨੂੰ ਮਾਰਬਲ ਦੇ ਵੱਡੇ ਸਰੋਤ ਵਜੋਂ ਵੀ ਜਾਣਿਆ ਜਾਂਦਾ ਹੈ। ਜਿੱਥੋਂ ਮਾਰਬਲ ਖਾਣਾਂ, ਫੈਕਟਰੀਆਂ ਤੋਂ ਹੁੰਦਾ ਹੋਇਆ ਟੁਕੜਿਆਂ ਦੇ ਰੂਪ ਵਿੱਚ ਦੇਸ਼ ਅਤੇ ਦੁਨੀਆਂ ਦੀਆਂ ਅਲੱਗ-ਅਲੱਗ ਥਾਵਾਂ 'ਤੇ ਭੇਜਿਆ ਜਾਂਦਾ ਹੈ। ਮਕਰਾਨਾ ਦੀਆਂ ਇਹਨਾਂ ਮਾਰਬਲ ਖਾਣਾਂ ਵਿੱਚ 50 ਹਜ਼ਾਰ ਦੇ ਕਰੀਬ ਮਜ਼ਦੂਰ ਕੰਮ ਕਰਦੇ ਹਨ। ਉਹ ਸੂਰਜ ਚੜ੍ਹਨ ਤੋਂ ਪਹਿਲਾਂ ਖਾਣਾਂ ਦੀ ਡੂੰਘਾਈ ਵਿੱਚ ਉੱਤਰ ਜਾਂਦੇ ਹਨ ਅਤੇ ਸੂਰਜ ਛਿਪਣ ਤੋਂ ਬਾਅਦ ਖਾਣ ਤੋਂ ਬਾਹਰ ਨਿੱਕਲਦੇ ਹਨ ਜੋ ਕਿ ਉਹਨਾਂ ਦੀ ਜ਼ਿੰਦਗੀ ਅਤੇ ਦਿਹਾੜੀ ਦੀ ਗਾਰੰਟੀ ਹੈ। ਮਕਰਾਨਾ ਵਿੱਚ ਪੱਥਰ ਦੀ ਢੋਆ-ਢੁਆਈ, ਪੱਥਰ ਦੀ ਪੁਟਾਈ, ਕਟਾਈ ਆਦਿ ਦੌਰਾਨ ਇੱਥੇ ਰੇਤ ਦੇ ਵੱਡੇ-ਵੱਡੇ ਗੁਬਾਰ ਉੱਠਦੇ ਹਨ ਜੋ ਸਿੱਧਾ ਇਹਨਾਂ ਥਾਵਾਂ ਉੱਪਰ ਕੰਮ ਕਰਦੇ ਲੋਕਾਂ ਦੀ ਸਿਹਤ ਲਈ ਹਾਨੀਕਾਰਕ ਹਨ, ਜਿਸ ਕਰਕੇ ਮਜ਼ਦੂਰਾਂ ਦਾ ਸਿਲੀਕੋਸਿਸ ਵਰਗੀਆਂ ਨਾ-ਮੁਰਾਦ ਬਿਮਾਰੀਆਂ ਨਾਲ ਮਰਨਾ ਇੱਕ ਆਮ ਗੱਲ ਹੈ। ਮਜ਼ਦੂਰਾਂ ਲਈ ਇੱਥੇ ਮੁੱਢਲੀ ਡਾਕਟਰੀ ਸਹਾਇਤਾ ਦਾ ਵੀ ਕੋਈ ਪ੍ਰਬੰਧ ਨਹੀਂ ਹੈ। ਬਾਕੀ ਸਭ ਥਾਵਾਂ ਦੀ ਤਰ੍ਹਾਂ ਇੱਥੇ ਵੀ ਕਿਰਤ ਵਿਭਾਗ, ਖਾਣ ਵਿਭਾਗ ਆਦਿ ਮਜ਼ਦੂਰਾਂ ਦੀ ਮੱਦਦ ਲਈ ਉਸਾਰੇ ਅਖੌਤੀ ਮਜ਼ਦੂਰ ਅਦਾਰੇ ਖਾਣ ਮਾਲਕਾਂ ਦੀ ਮੁੱਠੀ ਵਿੱਚ ਹਨ।

ਮਕਰਾਨਾ ਦੀਆਂ ਮਾਰਬਲ ਖਾਣਾਂ ਦੀ ਡੂੰਘਾਈ 250-400 ਫੁੱਟ ਤੱਕ ਹੈ। ਖਾਣਾਂ ਜ਼ਿਆਦਾ ਡੂੰਘੀਆਂ ਹੋਣ ਦਾ ਕਾਰਨ ਜ਼ਿਆਦਾ ਡੂੰਘਾਈ ਵਿੱਚ ਮਾਰਬਲ ਦੀ ਗੁਣਵੱਤਾ ਦਾ ਵਧੀਆ ਹੁੰਦੇ ਜਾਣਾ ਹੈ। ਖਾਣ ਦੇ ਡੂੰਘੇ ਹੁੰਦੇ ਜਾਣ ਨਾਲ ਜਿਉਂ-ਜਿਉਂ ਮਾਰਬਲ ਦੀ ਕੀਮਤ ਵਧਦੀ ਜਾਂਦੀ ਹੈ ਮਜ਼ਦੂਰ ਦੀ ਜ਼ਿੰਦਗੀ ਦੀ ਕੀਮਤ ਜਿਉਂ-ਜਿਉਂ ਘਟਦੀ ਜਾਂਦੀ ਹੈ। ਖਾਣ ਵਿੱਚ ਉਤਰਨ ਲਈ ਬਣਾਈਆਂ ਪੌੜੀਆਂ ਕੁੱਝ ਡੂੰਘਾਈ 'ਤੇ ਜਾ ਕੇ ਖਤਮ ਹੋ ਜਾਂਦੀਆਂ ਹਨ, ਇਸ ਤੋਂ ਅੱਗੇ ਮਜ਼ਦੂਰ ਰੱਸੀ ਰਾਹੀਂ ਹੇਠਾਂ ਉੱਤਰਦੇ ਹਨ, ਇਸਦੇ ਲਈ ਕੋਈ ਹੈਲਮਟ, ਦਸਤਾਨੇ, ਸੁਰੱਖਿਆ ਬੈਲਟ ਆਦਿ ਕੋਈ ਸੁਰੱਖਿਆ ਸਮੱਗਰੀ ਮੁਹੱਈਆ ਨਹੀਂ ਕਰਵਾਈ ਜਾਂਦੀ।

ਇਸ ਤੋਂ ਬਾਅਦ ਸ਼ੁਰੂ ਹੁੰਦਾ ਹੈ ਪੱਥਰ ਦੀ ਪੁਟਾਈ ਦਾ ਕੰਮ। ਖਾਣ ਵਿੱਚ ਪੱਥਰ ਦੀ ਪੁਟਾਈ ਲਈ ਮਸ਼ੀਨ ਰਾਹੀਂ ਪਹਿਲਾਂ ਪੱਥਰ ਵਿੱਚ ਸੁਰਾਖ ਕੀਤਾ ਜਾਂਦਾ ਹੈ, ਫਿਰ ਉਸ ਵਿੱਚ ਬਾਰੂਦ ਭਰ ਕੇ ਲੋਹੇ ਦੀ ਛੜ ਨਾਲ ਦੱਬਿਆ ਜਾਂਦਾ ਹੈ। ਇਹ ਪੂਰੀ ਪ੍ਰਕਿਰਿਆ ਬਹੁਤ ਖ਼ਤਰਨਾਕ ਹੋਣ ਦੇ ਬਾਵਜੂਦ ਇਸਦੇ ਲਈ ਮਜ਼ਦੂਰਾਂ ਨੂੰ ਕੋਈ ਸੁਰੱਖਿਆ ਔਜਾਰ ਨਹੀਂ ਦਿੱਤੇ ਜਾਂਦੇ ਜਿਸ ਕਾਰਨ ਆਮ ਤੌਰ 'ਤੇ ਹਾਦਸੇ ਵਾਪਰਦੇ ਰਹਿੰਦੇ ਹਨ। ਅਜਿਹੀ ਹੀ ਕਹਾਣੀ ਮਕਰਾਨਾ ਤੋਂ 16 ਕਿਲੋਮੀਟਰ ਦੂਰ ਕਿਨਸਰੀਆ ਪਿੰਡ ਵਿੱਚ ਰਹਿਣ ਵਾਲੇ ਰੇਖਾ ਰਾਮ ਦੀ ਹੈ ਜੋ ਮਾਰਬਲ ਦਾ ਬਲਾਕ ਤੋੜਣ ਲਈ ਖਾਣ ਦੀ ਡੂੰਘਾਈ ਵਿੱਚ ਕਿਸੇ ਪੱਥਰ ਵਿੱਚ ਬਾਰੂਦ ਭਰ ਰਿਹਾ ਸੀ ਪਰ ਬਾਰੂਦ ਨੂੰ ਛੜ ਨਾਲ ਦਬਾਉਣ ਸਮੇਂ ਨਿੱਕਲੀ ਚੰਗਿਆੜੀ ਨਾਲ ਬਾਰੂਦ ਫਟ ਗਿਆ। ਇਸ ਹਾਦਸੇ ਵਿੱਚ ਰੇਖਾ ਰਾਮ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਉਸਦੇ ਸਰੀਰ ਦੇ ਕਈ ਹਿੱਸੇ ਸੜ ਗਏ ਅਤੇ ਰੇਖਾ ਰਾਮ ਦੁਨੀਆਂ ਵੇਖਣ ਦੀ ਆਪਣੀ ਸਮਰੱਥਾ ਗਵਾ ਬੈਠਾ, ਭਾਵ ਉਸਦੀਆਂ ਦੋਵੇਂ ਅੱਖਾਂ ਦੀ ਰੌਸ਼ਨੀ ਚਲੀ ਗਈ। ਉਮਰ ਭਰ ਲਈ ਅਪਾਹਜ ਹੋ ਜਾਣ ਦੇ ਬਾਵਜੂਦ ਖਾਣ ਮਾਲਕ ਨੇ ਸਿਰਫ਼ ਇੱਕ ਲੱਖ ਰੁਪਏ ਦੇ ਕੇ ਬੁੱਤਾ ਸਾਰ ਦਿੱਤਾ। ਅਜਿਹੀ ਹਾਲਤ ਵਿੱਚ ਕਿਰਤ ਵਿਭਾਗ, ਖਾਣ ਵਿਭਾਗ ਆਦਿ ਵਰਗੇ ਅਖੌਤੀ ਮਜ਼ਦੂਰ ਅਦਾਰੇ ਮੌਨ ਧਾਰ ਕੇ ਨੰਗੇ-ਚਿੱਟੇ ਰੂਪ ਵਿੱਚ ਖਾਣ ਮਾਲਕਾਂ ਦੇ ਹੱਕ

ਵਿੱਚ ਜਾ ਖੜ੍ਹਦੇ ਹਨ। ਪਰ ਇਹ ਇੱਕ ਰੇਖਾ ਰਾਮ ਦੀ ਕਹਾਣੀ ਤਾਂ ਸਾਡੇ ਸਾਹਮਣੇ ਆ ਗਈ ਪਰ ਇਸ ਤੋਂ ਬਿਨ੍ਹਾਂ ਕਿੰਨੇ ਹੀ ਗੁੰਮਨਾਮ ਰੇਖਾ ਰਾਮ ਪੱਥਰਾਂ ਹੇਠ ਦਫ਼ਨ ਹੋ ਜਾਂਦੇ ਹਨ ਜਿਸਦਾ ਕਾਰਨ ਮੁਨਾਫ਼ੇ ਦੀ ਹਵਸ ਵਿੱਚ ਲਗਾਤਾਰ ਡੂੰਘੀਆਂ ਕੀਤੀਆਂ ਜਾ ਰਹੀਆਂ ਖਾਣਾਂ ਦਾ ਡਿੱਗਣਾ ਹੈ। ਸਾਲ ਵਿੱਚ ਲਗਭਗ 15-20 ਘਟਨਾਵਾਂ ਖਾਣ ਡਿੱਗਣ ਦੀਆਂ ਵਾਪਰ ਜਾਂਦੀਆਂ ਹਨ ਜਿਸ ਵਿੱਚ 25-30 ਮਜ਼ਦੂਰ ਪੱਥਰਾਂ ਹੇਠ ਦਬ ਕੇ ਮਰ ਜਾਂਦੇ ਹਨ। ਇਹਨਾਂ 25-30 ਮਜ਼ਦੂਰਾਂ ਦੀ ਪੁੱਛ-ਪੜਤਾਲ ਕਰਨ ਵਾਲਾ ਕੋਈ ਨਹੀਂ ਹੈ ਅਤੇ ਨਾ ਹੀ ਇਹ ਰੇਖਾ ਰਾਮ ਦੀ ਤਰ੍ਹਾਂ ਮੁਆਵਜ਼ੇ ਦੇ ਘੇਰੇ ਵਿੱਚ ਆਉਂਦੇ ਹਨ। ਇਸਦਾ ਕਾਰਨ ਮਕਰਾਨਾ ਵਿੱਚ ਪੱਥਰ ਤੋੜਨ ਦਾ ਕੰਮ ਕਰਦੇ 50 ਹਜ਼ਾਰ ਵਿੱਚੋਂ ਸਿਰਫ 12 ਹਜ਼ਾਰ ਦੇ ਕਰੀਬ ਮਜ਼ਦੂਰਾਂ ਦਾ ਰਜਿਸਟਰਡ ਹੋਣਾ ਹੈ ਬਾਕੀ ਬਚਦੇ 38 ਹਜ਼ਾਰ ਦਾ ਖਾਣ ਤੋਂ ਜਿਉਂਦਾ ਬਾਹਰ ਆਉਣਾ ਹੀ ਜ਼ਿੰਦਗੀ ਅਤੇ ਮਜ਼ਦੂਰੀ ਦੀ ਗਾਰੰਟੀ ਹੈ।

ਬੇਸ਼ਰਮੀ ਦੀ ਹੱਦ ਪਾਰ ਕਰਦੇ ਹੋਏ ਅੰਨ੍ਹੇ ਮੁਨਾਫੇ ਦੀ ਦੌੜ ਵਿੱਚ ਹੋ ਰਹੀਆਂ ਮੌਤਾਂ ਦਾ ਜ਼ਿੰਮੇਵਾਰ ਵੀ ਉਲਟਾ ਮਜ਼ਦੂਰਾਂ ਨੂੰ ਖ਼ੁਦ ਨੂੰ ਹੀ ਦੱਸਿਆ ਜਾਂਦਾ ਹੈ ਤਾਂ ਜੋ ਇਸ ਪ੍ਰਬੰਧ ਦੀਆਂ ਕਰਤੂਤਾਂ ਨੂੰ ਢਕਿਆ ਜਾ ਸਕੇ। ਖਾਣ ਵਿਭਾਗ ਦੇ ਇੰਜੀਨੀਅਰ ਦਾ ਬਿਆਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ, ਉਸ ਅਨੁਸਾਰ ਹਾਦਸੇ ਮਜ਼ਦੂਰਾਂ ਦੀ ਚੇਤਨਾ ਦੀ ਘਾਟ ਕਾਰਨ ਵਾਪਰਦੇ ਹਨ, ਮਜ਼ਦੂਰਾਂ ਨੂੰ ਸੁਰੱਖਿਆ ਔਜਾਰ ਦਿੱਤੇ ਜਾਂਦੇ ਹਨ ਪਰ ਚੇਤਨਾ ਦੀ ਘਾਟ ਕਾਰਨ ਉਹ ਪਹਿਨਦੇ ਨਹੀਂ। ਪਰ ਅਸਲੀਅਤ ਇਹ ਹੈ ਕਿ ਮਾਲਕਾਂ ਦੇ ਮੰਡੀ ਵਿੱਚ ਟਿਕੇ ਰਹਿਣ ਲਈ ਜ਼ਰੂਰੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਰਫ਼ਤਾਰ ਨਾਲ ਜ਼ਿਆਦਾ ਤੋਂ ਜ਼ਿਆਦਾ ਪੈਦਾਵਾਰ ਕੀਤੀ ਜਾਵੇ ਅਤੇ ਉਹ ਵੀ ਘੱਟੋ-ਘੱਟ ਲਾਗਤ ਨਾਲ। ਪਰ ਸੁਰੱਖਿਆ ਔਜਾਰ ਜਿੱਥੇ ਮਾਲਕਾਂ ਲਈ ਖਾਹ-ਮ-ਖਾਹ ਦੇ ਖਰਚੇ ਹਨ, ਉੱਥੇ ਇਹਨਾਂ ਦੀ ਵਰਤੋਂ ਨਾਲ ਪੈਦਾਵਾਰ ਦੀ ਰਫ਼ਤਾਰ ਵੀ ਘਟਦੀ ਹੈ ਜੋ ਮਾਲਕਾਂ ਲਈ ਅਸਹਿ ਹੈ।

ਮਕਰਾਨਾ ਦੀਆਂ ਇਹਨਾਂ ਖਾਣਾਂ ਵਿੱਚ ਔਰਤਾਂ ਦਾ ਵੀ ਇੱਕ ਵੱਡਾ ਹਿੱਸਾ ਮਜ਼ਦੂਰੀ ਕਰਦਾ ਹੈ ਜਿਹਨਾਂ ਦੀ ਹਾਲਤ ਮਰਦ ਮਜ਼ਦੂਰਾਂ ਨਾਲੋਂ ਵੀ ਜ਼ਿਆਦਾ ਭਿਆਨਕ ਹੈ। ਔਰਤ ਮਜ਼ਦੂਰਾਂ ਪਹਿਲਾਂ ਆਪਣੇ ਘਰ ਦੇ ਕੰਮ-ਧੰਦੇ ਸਮੇਟਦੀਆਂ ਹਨ ਅਤੇ ਫਿਰ ਇੱਥੇ ਖਾਣਾਂ ਵਿੱਚ ਕੰਮ ਕਰਨ ਲਈ ਆਉਂਦੀਆਂ ਹਨ ਅਤੇ ਫਿਰ ਸ਼ਾਮ ਨੂੰ ਘਰੇਲੂ ਕੰਮ ਫਿਰ ਇਹਨਾਂ ਦੀ ਉਡੀਕ ਵਿੱਚ ਹੁੰਦੇ ਹਨ। ਖਾਣ ਵਿੱਚ ਔਰਤ ਮਜ਼ਦੂਰਾਂ ਨੂੰ ਮਰਦ ਮਜ਼ਦੂਰਾਂ ਦੇ ਬਰਾਬਰ 12-12, 14-14 ਘੰਟੇ ਕੰਮ ਕਰਨਾ ਪੈਂਦਾ ਹੈ ਅਤੇ ਬਦਲੇ ਵਿੱਚ ਦਿਹਾੜੀ ਮਰਦ ਮਜ਼ਦੂਰਾਂ ਨਾਲੋਂ ਵੀ ਘੱਟ (ਸਿਰਫ 200-250 ਰੁਪਏ) ਦਿੱਤੀ ਜਾਂਦੀ ਹੈ। ਕੰਮ ਦੀਆਂ ਥਾਵਾਂ ਉੱਪਰ ਨਾ ਹੀ ਕੋਈ ਟਾਇਲਟ ਵਗੈਰਾ ਦਾ ਪ੍ਰਬੰਧ ਹੈ ਅਤੇ ਨਾ ਹੀ ਪੀਣ ਯੋਗ ਪਾਣੀ ਦਾ, ਡਾਕਟਰੀ ਸਹਾਇਤਾ ਤਾਂ ਦੂਰ ਦੀ ਗੱਲ ਹੈ।

ਟੀ.ਵੀ. 'ਤੇ ਨਿੱਤ ਵੱਖ-ਵੱਖ ਵੋਟ-ਵਟੋਰੂ ਪਾਰਟੀਆਂ ਦੇ ਨੁਮਾਇੰਦੇ ਸਰਕਾਰੀ ਯੋਜਨਾਵਾਂ ਦਾ ਚੀਕ-ਚਿਹਾੜਾ ਪਾਉਂਦੇ ਨਹੀਂ ਥੱਕਦੇ ਪਰ ਮਕਰਾਨਾ ਦੇ ਮਜ਼ਦੂਰਾਂ ਲਈ ਇਹਨਾਂ ਸਰਕਾਰੀ ਯੋਜਨਾਵਾਂ ਦੀ ਅਸਲੀਅਤ ਪੂਰੀ ਤਰ੍ਹਾਂ ਸਾਫ਼ ਹੈ। ਇਹਨਾਂ ਲਈ ਕਿਸੇ ਵੀ ਪਾਰਟੀ ਦਾ ਸੱਤਾ ਵਿੱਚ ਆਉਣਾ ਕੋਈ ਮਾਇਨੇ ਨਹੀਂ ਰੱਖਦਾ ਕਿਉਂਕਿ ਇਹਨਾਂ ਮਜ਼ਦੂਰਾਂ ਦੀਆਂ ਹਾਲਤਾਂ ਬਾਰੇ ਕਿਸੇ ਨੇ ਵੀ ਕਦੇ ਕੋਈ ਠੋਸ ਕਦਮ ਨਹੀਂ ਚੁੱਕਿਆ। ਇੱਥੋਂ ਤੱਕ ਕਿ ਆਮ ਅਖ਼ਬਾਰਾਂ ਵਿੱਚ ਵੀ ਇਸਦਾ ਬਹੁਤ ਘੱਟ ਜ਼ਿਕਰ ਮਿਲਦਾ ਹੈ। ਮਕਰਾਨਾ ਦੀਆਂ ਖਾਣਾਂ ਬਾਰੇ ਜੇਕਰ ਅਸੀਂ ਯੂ-ਟਿਊਬ ਵਗੈਰਾ 'ਤੇ ਖੋਜ-ਬੀਣ ਕਰੀਏ ਤਾਂ ਸਾਨੂੰ ਮਾਰਬਲ ਦੀ ਪੁਟਾਈ, ਫੈਕਟਰੀ ਅੰਦਰ ਇਸਦੀ ਕਟਾਈ ਬਾਰੇ ਕਾਫੀ ਜਾਣਕਾਰੀ ਮਿਲ ਜਾਵੇਗੀ ਪਰ ਉੱਥੋਂ ਦੇ ਮਜ਼ਦੂਰਾਂ ਬਾਰੇ ਕੁੱਝ ਨਹੀਂ ਮਿਲਦਾ। ਇਸਦਾ ਕਾਰਨ ਹੈ ਕਿ ਜਦੋਂ ਵੀ ਕੋਈ ਇਹਨਾਂ ਖਾਣਾਂ ਦੀ ਜਾਣਕਾਰੀ ਲੈਣ ਜਾਂਦਾ ਹੈ ਤਾਂ ਉਸ ਨੂੰ ਇੱਕ ਗਾਈਡ ਦਿੱਤਾ ਜਾਂਦਾ ਹੈ ਜੋ ਪੱਥਰ ਦੀ ਪੁਟਾਈ ਤੋਂ ਲੈ ਕੇ ਕਟਾਈ ਅਤੇ ਉਸ ਤੋਂ ਵੀ ਅੱਗੇ ਇਸਦੀ ਵੱਖ-ਵੱਖ ਥਾਵਾਂ 'ਤੇ ਸਪਲਾਈ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਾ ਹੈ ਪਰ ਜਦੋਂ ਹੀ ਕੋਈ ਮਜ਼ਦੂਰਾਂ ਬਾਰੇ ਗੱਲ ਕਰਦਾ ਹੈ ਤਾਂ ਇਸ ਵਿਸ਼ੇ ਨੂੰ ਨਾ ਚੁੱਕਣ ਲਈ ਆਖ ਦਿੱਤਾ ਜਾਂਦਾ ਹੈ।


ਮਜ਼ਦੂਰਾਂ ਦੀ ਹਾਲਤ ਬਾਰੇ ਗੱਲ ਨਾ ਕਰਨ ਦੇਣਾ ਸਾਫ਼ ਕਰਦਾ ਹੈ ਕਿ ਇਸ ਸਰਮਾਏਦਾਰਾ ਪ੍ਰਬੰਧ ਅੰਦਰ ਵੱਧ ਤੋਂ ਵੱਧ ਮੁਨਾਫ਼ੇ ਦੇ ਰੁਝਾਨ ਕਾਰਨ ਮਜ਼ਦੂਰਾਂ ਨੂੰ ਹੋਰ ਵੱਧ ਬੇਰਹਿਮੀ ਨਾਲ ਨਿਚੋੜ ਕੇ ਉਹਨਾਂ ਨੂੰ ਲਗਾਤਾਰ ਭਿਆਨਕ ਹੁੰਦੇ ਜੀਵਨ ਵੱਲ ਧੱਕਿਆ ਜਾ ਰਿਹਾ ਹੈ। ਉਸਦੇ ਨਾਲ ਹੀ ਮਜ਼ਦੂਰਾਂ ਵਿੱਚ ਇਸ ਸਰਮਾਏਦਾਰਾ ਪ੍ਰਬੰਧ ਪ੍ਰਤੀ ਗੁੱਸਾ ਵੀ ਲਗਾਤਾਰ ਵਧਦਾ ਜਾ ਰਿਹਾ ਹੈ। ਇਸੇ ਗੁੱਸੇ ਦੇ ਵਿਸਫੋਟ ਤੋਂ ਇਹ ਹਾਕਮ ਤ੍ਰਹਿੰਦੇ ਹਨ, ਇਹੀ ਇਹਨਾਂ ਦੀ ਫਿਕਰਮੰਦੀ ਦਾ ਅਸਲ ਵਿਸ਼ਾ ਹੈ। ਪਰ ਇਹੀ ਹਾਲਾਤ ਇੱਕ ਭਾਵੀ ਚੰਗੇ ਸਮਾਜ ਦੀ ਲੋੜ ਵੱਲ ਵੀ ਸਾਫ਼-ਸਾਫ਼ ਇਸ਼ਾਰਾ ਕਰ ਰਹੇ ਹਨ। **(98555-03174)**

ਜਦੋਂ ਬੰਦਾ ਧਰਮ ਤੋਂ ਆਜ਼ਾਦ ਹੋ ਜਾਂਦਾ ਹੈ ਤਾਂ ਉਸਦੇ ਇੱਕ ਸਾਵੀਂ ਪੱਧਰੀ ਤੇ ਭਰਪੂਰ ਜ਼ਿੰਦਗੀ ਮਾਨਣ ਦੇ ਮੌਕੇ ਵਧ ਜਾਂਦੇ ਹਨ।

...ਸਿਗਮੰਡ ਫਰਾਇਡ

ਅਧਿਆਪਕਾਂ ਲਈ ਚਿੰਤਨ ਮੁੱਦਾ

ਸੁਆਲ ਕਿ ਜਵਾਬ



ਯਸ਼ਪਾਲ

ਕੀ ਸੁਆਲ ਵਧੇਰੇ ਅਹਿਮੀਅਤ ਰਖਦੇ ਹਨ ਜਾਂ ਜੁਆਬ? ਸੁਆਲ ਵਧੇਰੇ ਅਹਿਮੀਅਤ ਰੱਖਦੇ ਹਨ ਕਿਉਂਕਿ ਉਹ ਨਵੇਂ ਮਾਰਗ ਅਤੇ ਚਿੰਤਨ ਦੀਆਂ ਨਵੀਆਂ ਦਿਸ਼ਾਵਾਂ ਦਿਖਾਉਂਦੇ ਹਨ। ਨਤੀਜ਼ਨ ਗਿਆਨ ਦਾ ਮਾਰਗ ਖੋਲ੍ਹਦੇ ਹਨ। ਚਿੰਤਨ, ਸੁਆਲਾਂ ਰਾਹੀਂ ਹੀ ਅੱਗੇ ਤੁਰਦਾ ਹੈ। ਜੁਆਬਾਂ ਰਾਹੀਂ ਤਾਂ ਕਦੇ ਕਦਾਈਂ ਹੀ।

• ਜੁਆਬ ਅਕਸਰ ਹੀ ਸੰਤੁਸ਼ਟੀ ਦਾ ਇਜ਼ਹਾਰ ਹੁੰਦੇ ਹਨ ਭਾਵ ਚਿੰਤਨ ਦੇ ਅਮਲ ਦਾ ਠੱਪ ਹੋਣਾ। ਇਹ ਤਾਂ ਉਦੋਂ ਹੀ ਚਿੰਤਨ ਦਾ ਅਮਲ ਅੱਗੇ ਤੁਰਦਾ ਹੈ ਜਦ ਜੁਆਬ ਨਵੇਂ ਸੁਆਲਾਂ ਤੇ ਨਵੇਂ ਖਿਆਲਾਂ ਦੀ ਚਿਣਗ ਲਾਉਂਦੇ ਹਨ। ਜਦ ਕਿ ਦੂਜੇ ਪਾਸੇ, ਸੁਆਲ ਹਮੇਸ਼ਾ ਹੀ ਚਿੰਤਨ ਦੀ ਦਿਸ਼ਾ ਵੱਲ ਧੱਕਦੇ ਹਨ, ਮੌਜੂਦਾ ਹਾਸਲ ਗਿਆਨ ਤੋਂ ਅੱਗੇ ਝਾਤੀ ਮਾਰਨ ਦੀ ਉਤਸੁਕਤਾ ਜਗਾਉਂਦੇ ਹਨ ਅਤੇ ਲੁਕੀਆਂ ਪਰਤਾਂ ਨੂੰ ਲੱਭਣ ਤੇ ਖੋਜਣ ਦੀ ਤਾਂਘ ਪੈਦਾ ਕਰਦੇ ਹਨ।

• ਵਿਗਿਆਨ ਅੰਦਰ ਬਹੁਤੀ ਤੱਰਕੀ ਸੁਆਲਾਂ ਦੇ ਪਹਿਲੂ ਰਾਹੀਂ ਹੀ ਹੋਈ ਹੈ। 'ਪੈਰਸੀ ਸਪੈਂਸਰ' ਨੇ ਦੇਖਿਆ ਕਿ ਕਾਰਜਸ਼ੀਲ 'ਰਾਡਾਰ' ਦੇ ਸਾਹਮਣੇ ਖੜ੍ਹਿਆਂ ਉਸਦੀ ਜੇਬ 'ਚ ਪਈ 'ਟੌਫੀ' ਪਿਘਲ ਗਈ। ਉਹ ਕੋਈ ਪਹਿਲਾਂ ਹੀ ਵਿਅਕਤੀ ਨਹੀਂ ਸੀ ਜਿਸਨੇ 'ਰਾਡਾਰ' ਰਾਹੀਂ ਅਜਿਹਾ ਦੇਖਿਆ ਹੋਵੇਗਾ। ਪਰੰਤੂ ਇਹ ਕਿਉਂ ਹੋਇਆ, ਇਹ ਸੁਆਲ ਪੁੱਛਣ ਵਾਲਾ ਉਹ ਪਹਿਲਾ ਹੀ ਸੀ। ਤੇ ਸਪੈਂਸਰ 'ਸੂਖਮ ਤਰੰਗੀ ਚੁੱਲ੍ਹੇ' (Microwave Oven) ਦੀ ਖੋਜ ਕਰਨ ਤੱਕ ਜਾ ਪਹੁੰਚਿਆ। ਅਜਿਹੀਆਂ ਹੋਰ ਕਿੰਨੀਆਂ ਹੀ ਮਿਸਾਲਾਂ ਹਨ।

• ਇਸੇ ਕਰਕੇ, 'ਕਲਾਸ ਰੂਮ' ਸਿੱਖਿਆ ਨੂੰ ਵੀ, ਵਿਸ਼ੇਸ਼ ਕਰਕੇ ਵਿਗਿਆਨ ਦੀ ਸਿੱਖਿਆ ਨੂੰ, ਉਸ ਵਿਧੀ ਤੋਂ ਹਟ ਕੇ ਸੋਚਣ ਦੀ ਲੋੜ ਹੈ ਜਿਸ ਵਿਧੀ ਅੰਦਰ ਸਿਰਫ ਅਧਿਆਪਕ ਹੀ ਸੁਆਲ ਪੁੱਛਦਾ ਹੈ ਅਤੇ ਵਿਦਿਆਰਥੀ ਜੁਆਬ ਹੀ ਦਿੰਦੇ ਹਨ। ਇਹ ਵਿਧੀ ਦੱਬੂ ਵਿਧੀ ਹੈ। ਵਿਦਿਆਰਥੀਆਂ ਤੋਂ ਜੁਆਬ ਦੀ ਤਵੱਕੋਂ ਰੱਖਣ ਦੀ ਬਜਾਇ ਸਗੋਂ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਧਿਐਨ ਸਮੱਗਰੀ ਸਬੰਧੀ ਸੁਆਲ ਪੁੱਛਣ ਲਈ ਪ੍ਰੇਰਿਤ ਤੇ ਉਤੇਜਿਤ ਕਰਨ। ਇਹ ਅਹਿਸਾਸ ਕਰਨ ਦੀ ਲੋੜ ਹੈ ਕਿ ਚਿੰਤਨ ਦੀ ਉਚੇਰੀ ਪੌੜੀ 'ਤੇ ਚੜ੍ਹਣ ਲਈ ਵਿਦਿਆਰਥੀਆਂ ਦੇ ਜੁਆਬ-ਹੁੰਗਾਰੇ ਦਾ ਅੰਕਣ ਕਰਨ ਦੀ ਬਜਾਇ, ਉਨ੍ਹਾਂ ਦੇ ਸੁਆਲਾਂ ਦੀ ਕਦਰ ਕਰਨੀ ਲਾਜ਼ਮੀ ਬਣਦੀ ਹੈ।


• ਇਸ ਗੱਲ ਦੀ ਬੇਹੱਦ ਅਹਿਮੀਅਤ ਹੈ ਕਿ ਵਿਦਿਆਰਥੀਆਂ ਨੂੰ ਇਹ ਸਮਝਾਇਆ ਜਾਵੇ ਕਿ ਕੋਈ ਵੀ ਸੁਆਲ ਮੂੜਮੱਤਾ ਜਾਂ ਉਜੱਡ ਨਹੀਂ ਹੁੰਦਾ। ਉਨ੍ਹਾਂ ਨੂੰ ਇਹ ਭਰੋਸਾ ਬੱਝਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸੁਆਲਾਂ ਨੂੰ ਅਧਿਆਪਕ ਵੱਲੋਂ ਸੁਣਿਆ ਜਾਵੇਗਾ ਤੇ ਸਵੀਕਾਰ ਕੀਤਾ ਜਾਵੇਗਾ। ਸੁਆਲ ਪੁੱਛਣਾ ਇੱਕ ਚੁਣੌਤੀ ਭਰਿਆ ਕਾਰਜ ਹੈ ਪਰੰਤੂ ਜੇ ਇਕ ਵਾਰ ਵਿਦਿਆਰਥੀਆਂ ਅੰਦਰ ਸੁਆਲ ਪੁੱਛਣ ਦਾ ਸਾਹਸ ਤੇ ਭਰੋਸਾ ਪੈਦਾ ਹੋ ਜਾਵੇ ਤਾਂ ਉਨ੍ਹਾਂ ਨੂੰ ਜਲਦੀ ਹੀ ਇਹ ਅਹਿਸਾਸ ਹੋ ਜਾਵੇਗਾ ਕਿ ਇਹ ਅਮਲ ਲਾਹੇਵੰਦਾ ਹੈ। ਉਨ੍ਹਾਂ ਨੂੰ 'ਫਰਾਂਸਿਸ ਬੇਕਨ' ਦਾ ਇਹ ਕਥਨ ਚੇਤੇ ਕਰਾਉਣ ਦੀ ਲੋੜ ਹੈ ਕਿ "ਜਿਹੜਾ ਵਧੇਰੇ ਸੁਆਲ ਪੁੱਛਦਾ ਹੈ, ਉਹ ਹੀ ਵਧੇਰੇ ਸਿਖਦਾ ਹੈ ਤੇ ਵਧੇਰੇ ਚੇਤੇ ਰਖਦਾ ਹੈ।"

• ਖੋਜਾਰਥੀਆਂ ਨੇ ਵੀ ਇਹ ਦਰਸਾਇਆ ਹੈ ਕਿ ਉੱਥੇ ਹੀ ਵਿਦਿਆਰਥੀਆਂ ਦਾ ਭਰਵਾਂ ਹੁੰਗਾਰਾ ਮਿਲਦਾ ਹੈ ਜਿੱਥੇ 'ਕਲਾਸ ਰੂਮ' ਦਾ ਮਾਹੌਲ ਅਜਿਹਾ ਹੁੰਦਾ ਹੈ ਕਿ ਵਿਦਿਆਰਥੀ ਸਹਿਜ ਮਹਿਸੂਸ ਕਰਦੇ ਹਨ ਅਤੇ ਉਹ ਇਹ ਜਾਣਦੇ ਹਨ ਕਿ ਉਨ੍ਹਾਂ ਵੱਲੋਂ ਗਲਤ ਸੁਆਲ ਪੁੱਛੇ ਜਾਣ 'ਤੇ, ਨਾ ਤਾਂ ਉਨ੍ਹਾਂ ਦੀ ਨੁਕਤਾਚੀਨੀ ਹੋਵੇਗੀ ਤੇ ਨਾ ਹੀ ਉਨ੍ਹਾਂ ਦੀ ਕੋਈ ਖਿੱਲੀ ਉਡਾਈ ਜਾਵੇਗੀ ਸਗੋਂ ਜਿੱਥੇ ਵਿਦਿਆਰਥੀਆਂ ਨੂੰ ਮੁੜ ਜੁਆਬ ਦੇਣ ਦੇ ਯਤਨ ਲਈ ਉਤਸਾਹਿਤ ਕੀਤਾ ਜਾਵੇਗਾ।

• ਸ਼ਾਇਦ, ਸਾਡੇ ਸਿਖਿਆ ਵਿਧੀ-ਸ਼ਾਸ਼ਤਰ ਅੰਦਰ ਅਜਿਹੇ ਸਿੱਖਿਆ ਮਾਪ-ਦੰਡ (Module) ਅਪਣਾਉਣ ਦੀ ਲੋੜ ਹੈ ਜਿੱਥੇ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਵੱਡੇ ਸੁਆਲ, ਸਿਰਜਾਨਤਮਿਕ ਸੁਆਲ ਤੇ ਚੁਣੌਤੀ ਭਰੇ ਸੁਆਲ ਪੁੱਛਣ ਲਈ ਵੰਗਾਰਨ ਤੇ ਉਕਸਾਉਣ। ਇੱਥੇ ਨੋਬਲ ਪੁਰਸਕਾਰ ਜੇਤੂ ਭੌਤਿਕ ਵਿਗਿਆਨੀ 'ਲਿਜੀਡੋਰ ਲਿਜ਼ਾਕ ਰਬੀ' ਦੇ ਇਸ ਸਬੰਧੀ ਕਹੇ ਇਨ੍ਹਾਂ ਸ਼ਬਦਾਂ ਨੂੰ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਉਹ ਵਿਗਿਆਨੀ ਕਿਵੇਂ ਬਣਿਆ, "ਮੇਰੀ ਮਾਂ ਨੇ ਮੈਨੂੰ ਅਣਜਾਣੇ 'ਚ ਹੀ ਵਿਗਿਆਨੀ ਬਣਾ ਦਿੱਤਾ। ਬਰੁਕਲਿਨ 'ਚ ਹਰ ਯਹੂਦੀ ਮਾਂ ਸਕੂਲੋਂ ਪਰਤਣ 'ਤੇ ਆਪਣੇ ਬੱਚੇ ਨੂੰ ਪੁੱਛਿਆ ਕਰਦੀ ਸੀ, 'ਅੱਛਾ? ਤੂੰ ਅੱਜ ਕੁੱਝ ਸਿੱਖਿਆ ਵੀ ਹੈ?' ਪਰ ਮੇਰੀ ਮਾਂ ਇਹ ਕਿਹਾ ਕਰਦੀ ਸੀ,

...ਬਾਕੀ ਸਫਾ 47 'ਤੇ

ਅਲਵਿਦਾ : ਮੁਖਵਿੰਦਰ ਭਾਅ ਜੀ ...



15-5-1954 ਤੋਂ
15-6-2019

ਤਰਕਸ਼ੀਲ ਲਹਿਰ ਦੇ ਅੰਗ ਸੰਗ ਜਿਉਣ ਵਾਲੇ ਮੁਖਵਿੰਦਰ ਚੋਹਲਾ ਜੀ ਸਾਡੇ ਦਰਮਿਆਨ ਨਹੀਂ ਰਹੇ। ਇੱਕ ਦੂਰਅੰਦੇਸ਼ ਆਗੂ, ਚਿੰਤਕ, ਲੇਖਕ ਤੇ ਜ਼ਿੰਦਾਦਿਲ ਇਨਸਾਨ ਵਜੋਂ ਵਿਗਿਆਨਕ ਸੋਚ ਦੇ ਪਸਾਰ ਲਈ ਉਹਨਾਂ ਦੇ ਕੀਤੇ ਕਾਰਜਾਂ ਨੂੰ ਸਲਾਮ ਕਰਦੇ ਹਾਂ। *...ਅਦਾਰਾ*

ਲਗਾਤਾਰ 12 ਸਾਲ ਕੈਂਸਰ ਵਰਗੀ ਬਿਮਾਰੀ ਨਾਲ ਜੂਝਦਿਆਂ ਅੰਤਿਮ ਸਮੇਂ ਤੱਕ ਸਮਾਜ ਦੇ ਭਲੇ ਲਈ ਵਿਗਿਆਨਕ ਚੇਤਨਾ ਦੇ ਕਾਰਜ ਵਿੱਚ ਡਟੇ ਰਹਿਣਾ ਆਪਣੇ ਆਪ ਵਿੱਚ ਮਹੱਤਵਪੂਰਨ ਗੱਲ ਹੈ। ਸਿਹਤ ਵਿਭਾਗ ਵਿੱਚ ਸਪਰੇਮੈਨ ਭਰਤੀ ਹੋ ਕੇ ਆਪਣੀ ਮਿਹਨਤ ਤੇ ਲਗਨ ਸਦਕਾ ਜਿਲਾ ਮਾਸ ਮੀਡੀਆ ਅਫ਼ਸਰ ਦੀ ਗਜ਼ਟਿਡ ਪੋਸਟ ਤੋਂ ਸੇਵਾ ਮੁਕਤ ਹੋਏ। ਸਾਵੇਂ ਸੁਖਾਵੇਂ ਸਮਾਜ ਲਈ ਪੰਜਾਬ ਸਟੂਡੈਂਟਸ ਯੂਨੀਅਨ, ਨੌਜਵਾਨ ਭਾਰਤ ਸਭਾ ਤੇ ਦੇਸ਼ ਭਗਤ ਯਾਦਗਾਰ ਕਮੇਟੀ ਵਿੱਚ ਕੰਮ ਕਰਦੇ ਰਹੇ। ਪਿਛਲੇ ਦੋ ਦਹਾਕਿਆਂ ਤੋਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਅੰਮ੍ਰਿਤਸਰ ਜ਼ੋਨ ਵਿੱਚ ਵੱਖ ਵੱਖ ਅਹੁਦਿਆਂ ਤੇ ਕੰਮ ਕੀਤਾ। ਖ਼ਰਾਬ ਸਿਹਤ ਦੇ ਚਲਦਿਆਂ ਵੀ ਇਕਾਈ ਚੋਹਲਾ ਸਾਹਿਬ ਵਿੱਚ ਸਰਗਰਮੀਆਂ ਨਾਲ ਜੁੜੇ ਰਹੇ। ਆਪਣੇ ਜੀਵਨ ਪੰਧ ਦੇ ਅੰਤ ਤੱਕ ਲਿਖਣ, ਪੜ੍ਹਨ ਤੇ ਚਿੰਤਨ ਦਾ ਕਾਰਜ ਸੁਹਿਰਦਤਾ ਨਾਲ ਕੀਤਾ। ਸ਼ੋਸ਼ਲ ਮੀਡੀਆ ਤੇ ਉਹਨਾਂ ਦੇ ਆਪਣੇ ਕਈ ਗਰੁੱਪ ਸਨ, ਜਿਨ੍ਹਾਂ ਵਿੱਚ ਉਹ ਵਿਗਿਆਨਕ ਚੇਤਨਾ ਦੇ ਪ੍ਰਚਾਰ ਲਈ ਲਿਖਤਾਂ ਲਿਖ ਕੇ ਪਾਇਆ ਕਰਦੇ ਸਨ। 'ਅੱਜ ਦਾ ਵਿਚਾਰ' ਕਾਲਮ ਲਗਾਤਾਰ ਲਿਖਿਆ। ਹਰ ਦਿਨ ਦਾ ਇਤਿਹਾਸ, ਦੇਸ਼ ਭਗਤਾਂ ਬਾਰੇ, ਤਰਕਸ਼ੀਲਾਂ ਦੀਆਂ ਰਿਪੋਰਟਾਂ ਮਿਹਨਤ ਨਾਲ ਲਿਖੀਆਂ। ਸਕੂਲ ਸੈਮੀਨਾਰ, ਚੇਤਨਾ ਪ੍ਰੀਖਿਆ,ਤਰਕਸ਼ੀਲ ਸਾਹਿਤ ਵੈਨ ਤੇ ਮੈਗਜ਼ੀਨ ਰਾਹੀਂ ਚੇਤਨਾ ਦੀ ਲੋਅ ਫੈਲਾਉਣ ਵਾਸਤੇ ਤਰਕਸ਼ੀਲ ਮਿੱਤਰਾਂ ਨਾਲ ਤੁਰਦੇ ਰਹੇ।ਉਹਨਾਂ ਦਾ ਬੇਵਕਤ ਚਲੇ ਜਾਣਾ ਅਤਿਅੰਤ ਦੁਖਦਾਈ ਹੈ ਤੇ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਵੀ।

ਤਰਕਸ਼ੀਲ ਆਗੂ ਮੁਖਵਿੰਦਰ ਚੋਹਲਾ ਦੀ ਅੰਤਿਮ ਵਿਦਾਇਗੀ 16 ਜੂਨ ਨੂੰ ਸ਼ੋਕ ਤੇ ਵਿਛੋੜੇ ਦੇ ਦਰਦ ਨਾਲ ਭਰੀ ਹੋਈ ਸੀ। ਉਹਨਾਂ ਦੇ ਘਰ ਜੁੜੇ ਪਰਿਵਾਰ, ਸਨੇਹੀਆਂ, ਰਿਸ਼ਤੇਦਾਰਾਂ ਤੇ ਤਰਕਸ਼ੀਲ ਮਿੱਤਰਾਂ ਨੇ ਵਿਦਾਇਗੀ ਤੋਂ ਪਹਿਲਾਂ ਸ਼ੋਕ ਸਭਾ ਕੀਤੀ ਜਿਸਨੂੰ ਸੰਬੋਧਨ ਕਰਦਿਆਂ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਨੇ ਮੁਖਵਿੰਦਰ ਚੋਹਲਾ ਦੇ ਤੁਰ ਜਾਣ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦਸਦਿਆਂ, ਵਿਗਿਆਨਕ ਚੇਤਨਾ ਲਈ ਉਹਨਾਂ ਦੇ ਯੋਗਦਾਨ ਨੂੰ ਸਰਾਹਿਆ। ਇਸ ਮੌਕੇ ਕੌਂਸਲਰ ਸਤਨਾਮ ਸਿੰਘ, ਸੁਮੀਤ ਸਿੰਘ, ਮੁਖਤਿਆਰ ਗੋਪਾਲਪੁਰਾ, ਰਾਜਵੰਤ ਬਾਗੜੀਆਂ, ਸੁਰਜੀਤ ਟਿੱਬਾ, ਨਰਿੰਦਰ ਸ਼ੇਖ ਚੱਕ, ਮਾਸਟਰ ਜਸਬੀਰ ਸਿੰਘ, ਜਸਪਾਲ ਬਾਸਰਕੇ, ਜਸਬੀਰ ਖਿਲਚੀਆਂ, ਸੰਜੀਵ ਧਾਰੀਵਾਲ, ਦਲਬੀਰ ਸਿੰਘ ਚੰਬਾ, ਪ੍ਰਿੰਸੀਪਲ ਮਦਨ ਪਠਾਣੀਆਂ ਆਦਿ ਆਗੂ, ਅੰਮ੍ਰਿਤਸਰ ਜ਼ੋਨ ਦੀ ਸਮੁੱਚੀ ਟੀਮ, ਸੁਖਵਿੰਦਰ ਬਾਗਪੁਰ ਤੇ ਸੈਂਕੜੇ ਸਨੇਹੀ ਮੌਜੂਦ ਸਨ। ਮੁਖਵਿੰਦਰ ਚੋਹਲਾ ਦੀ ਜੀਵਨ ਸਾਥਣ ਪਰਮਜੀਤ ਕੌਰ, ਬੇਟੇ ਰੂਬਲਪ੍ਰੀਤ ਤੇ ਬੇਟੀ ਨਵਪ੍ਰੀਤ ਨੇ ਉਹਨਾਂ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਘਰੋਂ ਰਵਾਨਾ ਕੀਤਾ। ਸਲਾਮ, ਸਤਿਕਾਰ ਤੇ ਜ਼ਿੰਦਾਬਾਦ ਨਾਲ ਸਾਥੀ ਮੁਖਵਿੰਦਰ ਚੋਹਲਾ ਦੀ ਮ੍ਰਿਤਕ ਦੇਹ ਵਾਲੀ ਐਂਬੂਲੈਂਸ ਵਾਲਾ ਕਾਫ਼ਲਾ ਬਜ਼ਾਰ ਵਿੱਚੋਂ ਲੰਘਿਆ। ਸਭਨਾਂ ਨੇ ਸਾਥੀ ਚੋਹਲਾ ਦੇ ਜੀਵਨ ਸੰਘਰਸ਼ ਤੇ ਸਮਾਜ ਦੇ ਭਲੇ ਲਈ ਪਾਏ ਯੋਗਦਾਨ ਨੂੰ ਨਮਨ ਕੀਤਾ।

ਮ੍ਰਿਤਕ ਦੇਹ ਪ੍ਰਦਾਨ ਤੇ ਸਤਿਕਾਰ ਸਭਾ:

ਬਾਅਦ ਦੁਪਹਿਰ ਐਂਬੂਲੈਂਸ ਦੇ ਬਠਿੰਡਾ ਪੁੱਜਣ ਤੇ ਆਦੇਸ਼ ਹਸਪਤਾਲ ਭੁੱਚੋ ਵਿਖੇ ਸਾਥੀ ਚੋਹਲਾ ਦੀ ਮ੍ਰਿਤਕ ਦੇਹ ਖੋਜ ਕਾਰਜਾਂ ਲਈ ਬਠਿੰਡਾ ਜ਼ੋਨ ਦੀਆਂ ਸਮੂਹ ਇਕਾਈਆਂ ਤੇ ਪਰਿਵਾਰ ਦੀ ਹਾਜ਼ਰੀ ਵਿੱਚ ਸੌਂਪੀ ਗਈ। ਆਦੇਸ਼ ਮੈਡੀਕਲ ਕਾਲਿਜ ਵੱਲੋਂ ਡਾ. ਅੰਕੁਸ਼ ਨੇ ਮਾਨਵਤਾ ਦੇ ਭਲੇ ਲਈ ਮੈਡੀਕਲ ਖੋਜਾਂ ਹਿਤ ਮ੍ਰਿਤਕ ਦੇਹ ਭੇਟ ਕਰਨ ਤੇ ਪਰਿਵਾਰ ਤੇ ਮੁਖਵਿੰਦਰ ਚੋਹਲਾ ਦੀ ਸੋਚ ਨੂੰ ਸਲਾਮ ਕੀਤਾ। ਬਠਿੰਡਾ ਜ਼ੋਨ ਦੀਆਂ ਇਕਾਈਆਂ, ਤਰਕਸ਼ੀਲ ਕਾਮਿਆਂ ਨੇ ਵਿਛੜੇ ਸਾਥੀ ਦੀ ਯਾਦ ਵਿੱਚ ਰਾਜ ਪੈਲੇਸ ਦੇ ਹਾਲ ਵਿੱਚ ਸ਼ੋਕ/ਸਤਿਕਾਰ ਸਭਾ ਕੀਤੀ। ਇੱਥੇ ਬੋਲਦਿਆਂ ਜ਼ੋਨ ਮੁਖੀ ਰਾਮ ਸਿੰਘ ਨਿਰਮਾਣ, ਬਲਦੇਵ ਬਠਿੰਡਾ, ਸੂਬਾ ਮੀਡੀਆ ਮੁਖੀ ਅਜਾਇਬ ਜਲਾਲਆਣਾ ਤੇ ਰਾਮ ਸਵਰਨ ਲੱਖੇਵਾਲੀ ਨੇ ਸਾਥੀ ਚੋਹਲਾ ਦੇ ਕਾਰਜਾਂ, ਕੈਂਸਰ ਨਾਲ ਜੂਝਣ ਦੇ ਬੁਲੰਦ ਇਰਾਦੇ ਤੇ ਤਰਕਸ਼ੀਲ ਲਹਿਰ ਵਿੱਚ ਪਾਏ ਯੋਗਦਾਨ ਨੂੰ ਸਰਾਹਿਆ। ਬੁਲਾਰਿਆਂ ਨੇ ਸਮੁੱਚੇ ਪਰਿਵਾਰ ਵੱਲੋਂ ਤਰਕਸ਼ੀਲ ਵਿਚਾਰਾਂ ਤੇ ਡਟ ਕੇ ਖੜਨ ਨੂੰ ਵੀ ਦਾਦ ਦਿੱਤੀ। ਮਹਿਮਾਨਾਂ ਦੀ ਸੇਵਾ ਸੰਭਾਲ ਦਾ ਫਰਜ਼ ਭੁੱਚੋ ਇਕਾਈ ਨੇ ਬਾਖ਼ੂਬੀ ਨਿਭਾਇਆ।

ਬਾਲ ਪੰਨਾ-1



ਮਿਸਰ ਦੇ ਪਿਰਾਮਿਡ

-ਬੂਟਾ ਸਿੰਘ ਵਾਕਫ਼

ਕੀ ਹੈ ਪਿਰਾਮਿਡ ?

ਪਿਰਾਮਿਡ ਵਿਸ਼ਾਲ ਇਮਾਰਤਾਂ ਹਨ। ਇਹ ਭਵਨ ਕਲਾ ਦੇ ਵਿਲੱਖਣ ਨਮੂਨੇ ਹਨ। ਇਨ੍ਹਾਂ ਦਾ ਨਿਰਮਾਣ ਭਵਨ ਨਿਰਮਾਣ ਕਲਾ ਤੋਂ ਇਲਾਵਾ ਖਗੋਲ ਵਿਗਿਆਨ, ਭੂਗੋਲ ਵਿਗਿਆਨ ਤੇ ਗਣਿਤ ਵਿਗਿਆਨ ਦੇ ਸੁਮੇਲ ਨਾਲ ਕੀਤਾ ਗਿਆ ਹੈ। ਇੱਕ ਪਿਰਾਮਿਡ ਦਾ ਆਧਾਰ ਚੌੜਾ ਹੁੰਦਾ ਹੈ ਜਦਕਿ ਸਿਖਰ ਸਿਰਫ ਇੱਕ ਬਿੰਦੂ ਹੋ ਨਿਬੜਦਾ ਹੈ। ਪਿਰਾਮਿਡ ਦਾ ਆਧਾਰ ਤਿਕੋਣਾ, ਵਰਗਾਕਾਰ, ਪੰਜ-ਭੁਜ ਆਕਾਰ ਜਾਂ ਬਹੁ-ਭੁਜ ਆਕਾਰ ਦਾ ਹੋ ਸਕਦਾ ਹੈ। ਤਿਕੋਣੇ ਆਧਾਰ ਵਾਲੇ ਪਿਰਾਮਿਡ ਵਿਚ ਤਿੰਨ ਕੰਧਾਂ, ਵਰਗਾਕਾਰ ਪਿਰਾਮਿਡ ਵਿਚ ਚਾਰ ਕੰਧਾਂ ਤੇ ਬਹੁਭੁਜ ਆਧਾਰ ਵਾਲੇ ਪਿਰਾਮਿਡ ਵਿਚ ਬਹੁ ਕੰਧਾਂ ਹੁੰਦੀਆਂ ਹਨ। ਇਸ ਦੀ ਹਰ ਬਾਹਰੀ ਕੰਧ/ਸਤਾਹ ਢਾਲਵੀਂ ਤਿਕੋਣ ਦੇ ਰੂਪ ਵਿਚ ਹੁੰਦੀ ਹੈ। ਇਨ੍ਹਾਂ ਸਾਰੀਆਂ ਤਿਕੋਣੀ ਕੰਧਾਂ ਦੇ ਸਿਖਰ ਇੱਕ ਸਾਂਝੇ ਬਿੰਦੂ ਤੇ ਮਿਲਦੇ ਹਨ। ਪਿਰਾਮਿਡਾਂ ਅੰਦਰ ਸਿਰਫ਼ ਕਬਰਾਂ ਦਾ ਨਿਰਮਾਣ ਹੀ ਨਹੀਂ ਕੀਤਾ ਗਿਆ ਹੈ ਸਗੋਂ ਕਮਰਿਆਂ, ਤਹਿਖਾਨਿਆਂ, ਸੁਰੰਗਾਂ ਆਦਿ ਵੀ ਬਣਾਏ ਗਏ ਹਨ। ਅੰਦਰਲੇ ਪਾਸਿਓਂ ਕੰਧਾਂ ਤੇ ਚਿਤਰਕਾਰੀ ਤੇ ਰੰਗ ਰੋਗਨ ਵੀ ਕੀਤਾ ਹੋਇਆ ਮਿਲਦਾ ਹੈ।



ਪੁਰਾਤਨ ਮਿਸਰ, ਸੁਡਾਨ, ਈਥੋਪੀਆ, ਪੱਛਮੀ ਏਸ਼ੀਆ, ਗ੍ਰੀਸ, ਸਾਈਪਰਸ, ਇਟਲੀ, ਥਾਈਲੈਂਡ, ਮੈਕਸੀਕੋ, ਦੱਖਣੀ ਅਮਰੀਕਾ ਅਤੇ ਪ੍ਰਸ਼ਾਂਤ ਮਹਾਂਸਾਗਰ ਦੇ ਕਈ ਟਾਪੂਆਂ ਤੇ ਇਨ੍ਹਾਂ ਪਿਰਾਮਿਡਾਂ ਦਾ ਸਮੇਂ ਸਮੇਂ ਤੇ ਨਿਰਮਾਣ ਕੀਤਾ ਜਾਂਦਾ ਰਿਹਾ ਹੈ। ਮਿਸਰ ਅਤੇ ਦੱਖਣੀ ਅਮਰੀਕਾ ਦੇ ਪਿਰਾਮਿਡ ਸੰਸਾਰ ਪ੍ਰਸਿੱਧ ਪਿਰਾਮਿਡ ਹਨ। ਸਭ ਤੋਂ ਪ੍ਰਾਚੀਨ ਪਿਰਾਮਿਡ ਸਟੈਪ ਪਿਰਾਮਿਡ ਹੈ ਜਿਹੜਾ ਕਾਇਰੋ ਮਿਸਰ ਦੇ ਨਜ਼ਦੀਕ ਉਸਾਰਿਆ ਗਿਆ ਸੀ।

ਵਰਤੋਂ : ਪਿਰਾਮਿਡਾਂ ਦੀ ਵਰਤੋਂ ਆਮ ਤੌਰ ਤੇ ਮਰ ਚੁੱਕੇ ਰਾਜੇ ਰਾਣੀਆਂ ਤੇ ਹੋਰ ਮਹਾਨ ਲੋਕਾਂ ਦੀਆਂ ਮ੍ਰਿਤਕ ਦੇਹਾਂ ਨੂੰ ਸੁਰੱਖਿਅਤ ਰੱਖਣ ਲਈ ਕੀਤੀ ਜਾਂਦੀ ਸੀ। ਮ੍ਰਿਤਕ ਦੇਹਾਂ ਨੂੰ ਮੰਮੀ ਕਿਹਾ ਜਾਂਦਾ ਸੀ। ਜਦੋਂ ਕੋਈ ਰਾਜਾ/ਰਾਣੀ ਮਰ ਜਾਂਦੀ ਸੀ ਤਾਂ ਉਸ ਦੇ ਮ੍ਰਿਤਕ ਸਰੀਰ ਨੂੰ ਇਨ੍ਹਾਂ ਪਿਰਾਮਿਡਾਂ ਵਿਚ ਦਫਨਾ ਦਿੱਤਾ ਜਾਂਦਾ ਸੀ। ਉਸ ਦੇ ਮ੍ਰਿਤਕ ਸਰੀਰ ਨਾਲ ਖਾਣ ਪੀਣ ਦਾ ਸਮਾਨ, ਕੱਪੜੇ, ਗਹਿਣੇ, ਬਰਤਨ, ਹਥਿਆਰ, ਜਾਨਵਰ, ਤੇ ਕਈ ਵਾਰ ਦਾਸੀਆਂ ਨੂੰ ਵੀ ਨਾਲ ਹੀ ਦਫ਼ਨਾ ਦਿੱਤਾ ਜਾਂਦਾ ਸੀ।

ਗੀਜਾ ਦਾ ਪਿਰਾਮਿਡ : ਮਿਸਰ ਦੇਸ਼ ਵਿਚ ਪਿਰਾਮਿਡਾਂ ਦਾ ਨਿਰਮਾਣ ਕਰੀਬ 2700 ਸਾਲ ਪਹਿਲਾਂ ਹੋਣਾ ਸ਼ੁਰੂ ਹੋਇਆ ਸੀ। ਮਿਸਰ ਵਿਚ ਇਨ੍ਹਾਂ ਦੀ ਗਿਣਤੀ 138 ਦੇ ਕਰੀਬ ਹੈ। ਇਨ੍ਹਾਂ ਸਾਰੇ ਪਿਰਾਮਿਡਾਂ ਵਿਚੋਂ ਗੀਜਾ ਦਾ ਗ੍ਰੇਟ ਪਿਰਾਮਿਡ ਸੰਸਾਰ ਦੇ ਸੱਤ ਅਜੂਬਿਆਂ ਵਿਚ ਸ਼ਾਮਿਲ ਹੈ। ਗੀਜਾ ਦੇ ਪਿਰਾਮਿਡ ਦਾ ਨਿਰਮਾਣ ਕਰੀਬ 2650 ਈਸਵੀ ਪੂਰਵ ਵਿਚ ਮਿਸਰ ਦੇ ਸ਼ਾਸ਼ਕ ਫੈਰੋਹ ਖੁਫੂ ਨੇ ਆਪਣੀ ਕਬਰ ਦੇ ਰੂਪ ਵਿਚ ਕਰਵਾਇਆ ਸੀ। ਇਸ ਵਿਸ਼ਾਲ ਪਿਰਾਮਿਡ ਦੀ ਉਚਾਈ 480 ਫੁੱਟ ਦੇ ਕਰੀਬ ਹੈ। ਇਸ ਪਿਰਾਮਿਡ ਨੂੰ ਮੁਕੰਮਲ ਕਰਨ ਵਿਚ ਕਰੀਬ 27 ਤੋਂ 30 ਸਾਲ ਦਾ ਸਮਾਂ ਲੱਗਾ। ਇਸ ਪਿਰਾਮਿਡ ਦੇ ਨਿਰਮਾਣ ਲਈ ਕਰੀਬ 27 ਲੱਖ ਚੂਨਾ ਪੱਥਰਾਂ ਦੀ ਵਰਤੋਂ ਕੀਤੀ ਗਈ। ਹਰ ਪੱਥਰ ਦਾ ਵਜ਼ਨ 2 ਟਨ ਦੇ ਕਰੀਬ ਹੈ ਤੇ ਉਚਾਈ ਵੱਲ ਨੂੰ ਜਾਂਦੇ ਪੱਥਰਾਂ ਦਾ ਵਜ਼ਨ ਲਗਾਤਾਰ ਘਟਦਾ ਜਾਂਦਾ ਹੈ। ਪਿਰਾਮਿਡ ਦੇ ਸਾਰੇ ਪੱਥਰ ਇਸ ਢੰਗ ਨਾਲ ਆਪਸ ਵਿਚ ਫਿੱਟ ਕੀਤੇ ਗਏ ਹਨ ਕਿ ਹਵਾ ਵੀ ਅੰਦਰ ਨਹੀਂ ਲੰਘ ਸਕਦੀ।

ਵਿਸ਼ਵਾਸ/ਅਵਿਸ਼ਵਾਸ : ਪਿਰਾਮਿਡਾਂ ਵਿਚ ਮ੍ਰਿਤਕ ਸਰੀਰਾਂ ਦੇ ਨਾਲ ਧਨ ਦੌਲਤ ਦੇ ਖਜ਼ਾਨੇ ਰੱਖੇ ਜਾਂਦੇ ਸਨ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਮ੍ਰਿਤਕ ਨੂੰ ਮੌਤ ਪਿੱਛੋਂ ਵੀ ਧਨ ਦੌਲਤ ਦੀ ਲੋੜ ਪੈਂਦੀ ਹੈ ਜਦ ਕਿ ਇਸ ਗੱਲ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਉਨ੍ਹਾਂ ਸਮਿਆਂ ਵਿਚ ਵੀ ਲੁਟੇਰੇ ਕਬਰਾਂ ਵਿਚੋਂ ਧਨ ਦੌਲਤ ਲੁੱਟ ਲੈਂਦੇ ਸਨ। ਕਬਰਾਂ ਨੂੰ ਲੁਟੇਰਿਆਂ ਤੋਂ ਬਚਾਉਣ ਲਈ ਗੁਪਤ ਸੁਰੰਗਾਂ ਨੂੰ ਗਰੇਨਾਈਟ ਨਾਲ ਬੰਦ ਕੀਤਾ ਜਾਂਦਾ ਸੀ। ਜੇਕਰ ਕੋਈ ਲੁਟੇਰਾ ਅਜਿਹਾ ਕਰਦਾ ਫੜਿਆ ਜਾਂਦਾ ਸੀ ਤਾਂ ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਦੀ ਸੀ। ਅੱਜ ਤੱਕ ਬਹੁਤੇ ਪਿਰਾਮਿਡਾਂ ਵਿਚ ਦੱਬੇ ਖ਼ਜ਼ਾਨੇ ਲੁੱਟੇ ਜਾ ਚੁੱਕੇ ਹਨ। (98762-24461)

ਬੋਲ ਸਦੀਵੀਂ

ਡਰ

ਮੈਂ ਇਕੱਲਾ ਸਾਂ
ਡਰਿਆ ਹੋਇਆ ਸਾਂ ਬਹੁਤ
ਉਹ ਕਹਿਣ ਲੱਗੇ–
'ਇਕ ਰੱਬ ਸਿਰਜ ਲੈ
ਜਿਹੜਾ ਸਦਾ ਤੇਰੇ ਅੰਗ ਸੰਗ ਰਹੇ!'
ਮੈਂ ਉਵੇਂ ਹੀ ਕੀਤਾ...
ਕੁਝ ਦਿਨਾਂ ਬਾਅਦ ਫੇਰ ਆਏ ਉਹ
ਡਰ ਮੇਰਾ ਹਾਲੇ ਵੀ ਨਹੀਂ ਸੀ ਗਿਆ
ਕਹਿਣ ਲੱਗੇ
'ਰੱਬ ਨੂੰ ਤਕੜਾ ਕਰ ਦੇਹ
ਸਭ ਤੋਂ ਤਾਕਤਵਰ
ਕੁੱਲ ਦੁਨੀਆਂ ਤੋਂ ਉੱਪਰ
ਆਪਣੇ ਆਪ ਤੋਂ ਵੀ ਉੱਪਰ'
ਮੈਂ ਕੀਤਾ
ਤੇ ਡਰ ਜਾਂਦਾ ਰਿਹਾ
ਹੁਣ ਆਖਦੇ ਨੇ
'ਰੱਬ' ਤੋਂ ਡਰ
ਉਹ ਤੇਰੇ ਤੋਂ
ਸਭ ਦੁਨੀਆਂ ਤੋਂ
ਤਾਕਤਵਰ ਏ
ਅਸੀਂ ਨੇੜੇ ਹਾਂ ਉਸਦੇ
ਸਾਡੇ ਤੋਂ ਵੀ ਡਰ!'
ਪਹਿਲਾ ਮੈਂ ਇਕੱਲ ਤੋਂ ਡਰਦਾ ਸਾਂ
ਹੁਣ ਰੱਬ ਤੋਂ ਵੀ ਡਰਦਾ ਹਾਂ
ਤੇ ਉਨ੍ਹਾਂ ਤੋਂ ਵੀ......

ਸੁਖਪਾਲ

ਅਰਦਾਸ

ਅਰਦਾਸਾਂ ਵਿੱਚ ਸਮਾਂ ਨਸ਼ਟ ਕਰਨ ਵਾਲੇ ਹਰਗਿਜ਼ ਨਹੀਂ ਜਾਣਦੇ, ਕਿ ਪਰਿਵਰਤਨ ਕੁੱਝ ਕੀਤਿਆਂ ਵਾਪਰਦਾ ਹੈ। ਅਰਦਾਸਾਂ ਨਾਲ ਨਹੀਂ।

ਮੈਕਸਿਮ ਗੋਰਕੀ

ਜਾਣੋ ਵੇ ਲੋਕੋ...

ਉੱਤੋਂ ਹੋਰ ਤੇ ਅੰਦਰੋਂ ਹੋਰਾਂ ਨੂੰ,
ਜਾਣੋ ਵੇ ਲੋਕੋ ਚੰਗੀ ਤਰ੍ਹਾਂ।
ਚੌਂਕੀਦਾਰ, ਚਲਾਕਾਂ ਚੋਰਾਂ ਨੂੰ,
ਜਾਣੋ ਵੇ ਲੋਕੋ ਚੰਗੀ ਤਰ੍ਹਾਂ।

ਹੀਰਿਆਂ ਜੇਹੇ ਪੁੱਤ ਗੁਆ ਲਿਆਂ ਨੂੰ,
ਹੱਡਾਂ ਦੇ ਉੱਤੇ ਹੰਢਾ ਲਿਆਂ ਨੂੰ,
ਫਿਰਕੂ ਤੇ ਤਖਤ ਦਿਆਂ ਜੋਰਾਂ ਨੂੰ।
ਜਾਣੋ............................।

ਕਿਨ੍ਹਾਂ ਦੀ ਹੈ ਪਸੰਦ ਲੋਕੋ ,
ਹੱਦਾਂ ਤੇ ਛਿੜੇ ਜੋ ਜੰਗ ਲੋਕੋ ।
ਜੰਗ ਬਾਜ ਮੁਨਾਫੇ ਖ਼ੋਰਾਂ ਨੂੰ,
ਜਾਣੋ............................ ।

ਕੀ ਹੁੰਦੇ ਹਨ 'ਪ੍ਰੇਤ' ਯਾਰੋ ?
ਚਰੀ ਜਾਂਦੇ ਜਿਹੜੇ ਖੇਤ ਯਾਰੋ ।
ਮੰਡੀ ਜਾਏ ਵਿਹਲੜ ਢੋਰਾਂ ਨੂੰ
ਜਾਣੋ............................।

ਹੱਥੀਂ ਚੁਣੇ ਪੰਚ ਸਰਪੰਚਾਂ ਨੂੰ,
ਡੇਰਿਆਂ ਤੇ ਸਾਂਈ ਸੰਤਾਂ ਨੂੰ ।
ਮਸਤਾਂ, ਮਸਤੀ ਦੀਆਂ ਲੋਰਾਂ ਨੂੰ।
ਜਾਣੋ..............................।

ਮਜ਼੍ਹਬਾਂ ਤੇ ਜਾਤਾਂ ਪਾਤਾਂ ਨੂੰ,
ਕਠ ਪੁਤਲੀ ਵਾਲੇ ਨਾਚਾਂ ਨੂੰ।
ਹੱਥਾਂ ਵਿੱਚ ਬਿਗਾਨੇ ਡੋਰਾਂ ਨੂੰ,
ਜਾਣੋ ਵੇ ਲੋਕੋ ਚੰਗੀ ਤਰ੍ਹਾਂ।

ਅੰਮ੍ਰਿਤ ਪਾਲ ਬੰਗੇ

ਧੂੰਆਂ

ਝੀਲ ਦੇ ਕੰਢੇ
ਰੁੱਖ ਦੇ ਹੇਠਾਂ
ਉਹ ਨਿੱਕਾ ਜਿਹਾ ਘਰ
ਤੇ ਉਹਦੀ ਛੱਤ ਚੋਂ ਉਠਦਾ ਧੂੰਆਂ
ਬਿਨਾਂ ਧੂੰਏਂ ਦੇ ਕਿੰਨੇ ਉਜਾੜ ਹੁੰਦੇ
ਉਹ ਘਰ, ਰੁੱਖ ਤੇ ਝੀਲ


ਬ੍ਰਤੋਲਤ ਬਰੈਖ਼ਤ

ਪੈੜਾਂ

ਪੂਜਾ ਬਨਾਮ ਖੋਜ



ਭਾਰਤ ਵਿੱਚ ਸ਼ੀਤਲਾ ਮਾਤਾ ਦੇ ਅਨੇਕਾਂ ਮੰਦਰ ਤੇ ਉਹਨਾਂ ਵਿੱਚ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵੀ ਘੱਟ ਨਹੀਂ। ਸਾਲਾਂ ਤੋਂ ਸ਼ੀਤਲਾ ਦੇ ਵਾਇਰਸ ਨੇ ਲੱਖਾਂ ਲੋਕਾਂ ਦੀਆਂ ਜਾਨਾਂ ਲਈਆਂ। ਯੂਨਾਨ ਦੇ ਪਿਰਾਮਿਡਾਂ ਵਿੱਚ ਪਈਆਂ ਮੰਮੀਜ਼ (ਸੁਰਖਿਅਤ ਰੱਖੀਆਂ ਮ੍ਰਿਤਕ ਦੇਹਾਂ) ਵਿੱਚ ਕੁਝ ਚਿਹਰਿਆਂ ਤੇ ਚੇਚਕ ਦੇ ਦਾਗ਼ ਵੇਖੇ ਗਏ ਸਨ। ਏਥਨਜ਼ ਵਿੱਚ ਇੱਕ ਵਾਰ ਇਸ ਬਿਮਾਰੀ ਨਾਲ 30 ਹਜ਼ਾਰ ਲੋਕਾਂ ਦੀ ਜਾਨ ਚਲੀ ਗਈ ਸੀ। ਉਦੋਂ ਉੱਥੋਂ ਦੀ ਜਨਸੰਖਿਆ ਵਿੱਚ 20 ਪ੍ਰਤੀਸ਼ਤ ਗਿਰਾਵਟ ਵੇਖੀ ਗਈ ਸੀ। ਪੂਰੀ ਦੁਨੀਆਂ ਇਸ ਬਿਮਾਰੀ ਤੋਂ ਡਰੀ ਹੋਈ ਸੀ। ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਅਸੀਂ ਪੂਜਾ ਕਰ ਰਹੇ ਸਾਂ, ਪਰ ਕੋਈ ਖੋਜ ਵਿੱਚ ਜੁਟਿਆ ਹੋਇਆ ਸੀ। 1749 ਈਸਵੀ ਵਿੱਚ ਜਨਮੇ ਮਹਾਨ ਵਿਗਿਆਨੀ ਏਡਵਰਡ ਜੇਨਰ ਜਿਸਨੇ ਚਿਕਨ ਪੌਕਸ (ਚੇਚਕ) ਦੇ ਖ਼ਾਤਮੇ ਲਈ ਕਈ ਸਾਲਾਂ ਦੀ ਸਖ਼ਤ ਮਿਹਨਤ ਨਾਲ 1796 ਵਿੱਚ ਦੁਨੀਆਂ ਦੀ ਪਹਿਲੀ ਵੈਕਸੀਨ ਬਣਾਈ। ਲੱਖਾਂ ਜਾਨਾਂ ਲੈਣ ਵਾਲੀ ਇਸ ਬਿਮਾਰੀ ਦੀ ਵੈਕਸੀਨ ਖੋਜਣ ਬਦਲੇ ਏਡਵਰਡ ਦਾ ਸ਼ੁਮਾਰ 100 ਮਹਾਨਤਮ ਬਰਤਾਨਵੀਆਂ ਵਿੱਚ ਕੀਤਾ ਗਿਆ। ਕਮਾਲ ਦੀ ਗੱਲ ਹੈ ਕਿ ਏਡਵਰਡ ਜੇਨਰ ਦੀ ਜਨਮ ਭੂਮੀ ਇੰਗਲੈਂਡ ਵਿੱਚ ਉਸਦੇ ਨਾਂ ਤੇ ਕੋਈ ਮੰਦਰ ਜਾਂ ਚਰਚ ਨਹੀਂ ਹੈ। ਨਾ ਹੀ ਉਸ ਲਈ ਕੋਈ ਤਿਉਹਾਰ ਮਨਾਇਆ ਜਾਂਦਾ ਹੈ। ਤੁਸੀਂ ਕਿਸਨੂੰ ਨਮਨ ਕਰਨਾ ਚਾਹੋਗੇ, ਸ਼ੀਤਲਾ ਮਾਤਾ ਨੂੰ ਜਾਂ ਫ਼ਿਰ ਏਡਵਰਡ ਜੇਨਰ ਨੂੰ ? *(ਹਿੰਮਾਸ਼ੂ ਕੁਮਾਰ)*



ਉਹਨਾਂ ਦਾ ਵੀ ਤੁਹੀਓਂ 'ਰੱਬ' ਐਂ, ਇਹਦਾ ਅੱਜ ਜਵਾਬ ਤਾਂ ਦੇ
ਈਦਾਂ ਵਾਲੇ ਦਿਨ ਵੀ ਜਿਹੜੇ ਕਰਨ ਦਿਹਾੜੀ ਜਾਂਦੇ ਨੇ।

...ਬਾਬਾ ਨਜ਼ਮੀ

ਮਿਹਨਤਾਂ ਦੇ ਚੰਨ ਤੂੰ ਪੋਟਿਆਂ ਤੇ ਚਾੜ੍ਹ ਲੈ, ਜੁਆਨਾ ਹਾਰ ਨਾ ਮੰਨੀ...



ਮੇਰੀ ਸੋਹਣੀ ਧਰਤ ਤੇ ਝੁਲਿਆ
ਬੜਾ ਕੁਲਹਿਣਾ ਤੰਤਰ ਹੈ
ਹਾਰ ਜਾਣਾ ਤੇ ਹਾਰ ਮੰਨਣਾ
ਦੋਹਾਂ ਵਿੱਚ ਅੰਤਰ ਹੈ
ਚੇਤੰਨ ਰਹੀਂ ਤੂੰ ਹੱਕਾਂ ਖ਼ਾਤਰ
ਪਿਆ ਹਾਕਮ ਲਾਉਂਦਾ ਦਾ
ਜੁਆਨਾਂ ਹਾਰ ਨਾ ਮੰਨੀ
ਪਈ ਉਲਟੀ ਵਗਦੀ ਵਾਅ
ਦੇਖੀਂ ਕਿਧਰੇ ਡੋਲ ਨਾ ਜਾਵੀਂ
ਪੈਂਡਾ ਬੜਾ ਲੰਮੇਰਾ ਏ
ਹੁਣ ਜੇ ਵੇਲਾ ਸਾਂਭ ਲਿਆ
ਫ਼ਿਰ ਆਉਣ ਵਾਲਾ ਵੀ ਤੇਰਾ ਏ
ਅੰਦਰੋਂ ਚਾਨਣ ਕਰਕੇ ਰੱਖੀਂ
ਬਾਹਰ ਭਾਵੇਂ ਹਨੇਰਾ ਏ
ਰਹੀਂ ਜੂਝਦਾ, ਦਮ ਨਾ ਛੱਡੀਂ
ਆਖ਼ਰ ਆਉਣਾ ਸੁਖ ਦਾ ਸਾਹ
ਜੁਆਨਾਂ ਹਾਰ ਨਾ ਮੰਨੀ

ਟੱਪੇ

ਜਦੋਂ ਕੀੜੀਆਂ ਦੇ ਆਟੇ ਡੁੱਲ੍ਹ ਗਏ,
ਡਿੱਗਿਆਂ ਨੂੰ ਉੱਠਣਾ ਪਿਆ।

***

ਸਿਰ ਚੁੱਕ ਕੇ ਧਮਾਲਾਂ ਪਾਈਏ,
ਝੁਕਿਆਂ ਨੂੰ ਕੌਣ ਪੁਛਦਾ।

***

ਧੀਆਂ ਲੇਖਾਂ ਦੇ ਹਵਾਲੇ ਕਰਕੇ,
ਵੇ ਪੁੱਤਰਾਂ ਤੇ ਕਰੇ ਮਾਣ ਬਾਬਲਾ।

***

ਸਾਡਾ ਜੰਮਣਾ ਮਰਨ ਤੋਂ ਔਖਾ,
ਕੁੱਖ ਵਿੱਚ ਚਾਅ ਮੁੱਕ ਗਏ।

***


ਮਾਏ ਚੁੰਨੀ ਦੀਆਂ ਵੱਟੀਆਂ ਵਟਾ ਦੇ,
ਇਹ ਦੀਵਾ ਸਾਰੀ ਰਾਤ ਜਗਣਾ।



ਤਾਹਿਰਾ ਸਰਾ

ਲੋੜ ਫ਼ਿਰ ਨਾ ਰਹਿਣੀ ਮਣਕਿਆਂ ਦੇ ਜਾਪ ਦੀ।...ਹਰਿਭਜਨ ਸਿੰਘ ਰੈਣੂ

ਆਈਨਸਟਾਈਨ ਦਾ ਤਰਕ



ਪ੍ਰਸਿੱਧ ਵਿਗਿਆਨੀ ਅਲਬਰਟ ਆਈਨਸਟਾਈਨ ਦੀ ਇੱਕ ਜਾਣੂ ਔਰਤ ਚਾਹੁੰਦੀ ਸੀ ਕਿ ਉਸਦਾ ਬੇਟਾ ਵਿਗਿਆਨੀ ਬਣੇ। ਇੱਕ ਦਿਨ ਉਹ ਆਈਨਸਟਾਈਨ ਨੂੰ ਮਿਲਣ ਗਈ ਤੇ ਉਹਨਾਂ ਤੋਂ ਸਲਾਹ ਮੰਗੀ ਕਿ ਉਸਦਾ ਬੇਟਾ ਕੀ ਪੜ੍ਹੇ, ਤਾਂ ਜੋ ਉਸਨੂੰ ਵਿਗਿਆਨੀ ਬਣਾਉਣ ਵਿੱਚ ਮਦਦਗਾਰ ਹੋਵੇ। ਉਸਨੂੰ ਹੈਰਾਨ ਕਰਦੇ ਹੋਏ ਵਿਗਿਆਨੀ ਨੇ ਜੁਆਬ ਦਿੱਤਾ, "ਪਰੀ ਕਹਾਣੀਆਂ ਤੇ ਹੋਰ ਜਿਆਦਾ ਪਰੀ ਕਹਾਣੀਆਂ।" ਮਾਂ ਨੇ ਵਿਰੋਧ ਕੀਤਾ ਤੇ ਆਖਿਆ ਕਿ ਉਹ ਗੰਭੀਰਤਾ ਨਾਲ ਗੱਲ ਕਰ ਰਹੀ ਹੈ ਤੇ ਇੱਕ ਸੰਜੀਦਾ ਜੁਆਬ ਚਾਹੁੰਦੀ ਹੈ। ਆਈਨਸਟਾਈਨ ਆਪਣੀ ਗੱਲ 'ਤੇ ਅੜੇ ਰਹੇ ਤੇ ਆਪਣੀ ਗੱਲ ਵਿੱਚ ਇਹ ਆਖ ਕੇ ਵਾਧਾ ਕੀਤਾ ਕਿ "ਇੱਕ ਸੱਚੇ ਵਿਗਿਆਨੀ ਦੀ ਦਿਮਾਗੀ ਸਮਰੱਥਾ ਵਿੱਚ ਰਚਨਾਤਮਕ ਕਲਪਨਾਸ਼ੀਲਤਾ ਅਹਿਮ ਸਥਾਨ ਰੱਖਦੀ ਹੈ ਅਤੇ ਪਰੀ ਕਹਾਣੀਆਂ ਬਚਪਨ ਵਿੱਚ ਇਸ ਗੁਣ ਨੂੰ ਨਿਖਾਰਦੀਆਂ ਹਨ।"

ਨੋਟ: (ਪਰੀ ਕਹਾਣੀਆਂ ਦਾ ਮਤਲਬ ਸਿਰਫ ਉਹ ਕਹਾਣੀਆਂ ਨਹੀਂ ਹੁੰਦੀਆਂ ਜਿਹਨਾਂ ਵਿੱਚ ਪਰੀਆਂ ਹੋਣ, ਸਗੋਂ ਉਹ ਸਭ ਕਹਾਣੀਆਂ ਹੁੰਦੀਆਂ ਹਨ ਜਿਹਨਾਂ ਵਿੱਚ ਕੁਦਰਤ ਤੇ ਜਾਨਵਰਾਂ ਨੂੰ ਮਨੁੱਖੀ ਗੁਣ ਦਿੱਤੇ ਜਾਂਦੇ ਹਨ ਤੇ ਕਾਲਪਨਿਕ ਪਾਤਰ ਘੜੇ ਜਾਂਦੇ ਹਨ।)


(ਗਿਆਨ ਪ੍ਰਸਾਰ ਸਮਾਜ)

ਧਰਮ ਦੀ ਕਗਾਰ



ਨਿਊਯਾਰਕ ਪਤ੍ਰਿਕਾ ਵਿੱਚ ਛਪੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਦੇ ਨੌਂ ਦੇਸ਼ਾਂ ਵਿੱਚ ਧਰਮ ਖ਼ਤਮ ਹੋਣ ਦੀ ਕਗਾਰ ਤੇ ਹੈ। ਅਮਰੀਕਾ ਫਿਜ਼ੀਕਲ ਸੁਸਾਇਟੀ ਦੀ ਬੈਠਕ ਵਿੱਚ ਜਾਰੀ ਖੋਜ ਰਿਪੋਰਟ ਅਨੁਸਾਰ ਆਸਟਰੇਲੀਆ, ਕੈਨੇਡਾ, ਚੈੱਕ ਰਿਪਬਲਿਕ, ਆਇਰਲੈਂਡ, ਨੀਦਰਲੈਂਡ, ਸਵਿਟਜ਼ਰਲੈਂਡ ਤੇ ਆਸਟਰੀਆ ਆਦਿ ਦੇਸ਼ਾਂ ਦੇ ਨਾਗਰਿਕਾਂ ਵਿੱਚ ਧਰਮ ਤੋਂ ਦੂਰੀ ਦਾ ਰੁਝਾਨ ਤੇਜੀ ਨਾਲ ਪਨਪ ਰਿਹਾ ਹੈ।

ਨਾਇਕ ਦਾ ਅਹਿਸਾਸ



ਮੈਂ ਵੇਖਿਆ ਕਿ ਕਿਵੇਂ ਮਾਂ ਬਾਪ ਪੈਸੇ ਦੀ ਥੁੜ ਕਾਰਨ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਸਕਦੇ। ਮੈਂ ਮਨੁੱਖੀ ਨਿਘਾਰ ਨੂੰ ਨਿਰੰਤਰ ਦੀ ਭੁੱਖ ਅਤੇ ਦੁੱਖ ਕਾਰਨ ਏਨਾ ਵਹਿਸ਼ਤ ਤੱਕ ਗਿਰਿਆ ਦੇਖਿਆ ਕਿ ਬਾਪ ਉੱਤੇ ਬੱਚੇ ਦੀ ਮੌਤ ਦਾ ਕੋਈ ਖਾਸ ਅਸਰ ਨਹੀਂ ਹੁੰਦਾ ਸੀ। ਅਤੇ ਮੈਂ ਅਨੁਭਵ ਕੀਤਾ ਕਿ ਇਹਨਾਂ ਲੋਕਾਂ ਦੀ ਮਦਦ ਲਈ ਅੱਗੇ ਆਉਣ ਦਾ ਵੀ ਇੱਕ ਮਿਸ਼ਨ ਹੈ ਤੇ ਇਹ ਮਿਸ਼ਨ ਪ੍ਰਸਿੱਧ ਖੋਜਕਾਰ ਬਣਨ ਨਾਲੋਂ ਜਾਂ ਡਾਕਟਰੀ ਵਿਗਿਆਨ ਵਿੱਚ ਵੱਡਾ ਯੋਗਦਾਨ ਪਾਉਣ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਮਹੱਤਵਪੂਰਨ ਨਹੀਂ।

ਅਰਨੈਸਟੋ ਚੀ ਗੁਵੇਰਾ

ਨਸ਼ਤਰਾਂ

ਨੋਟ ਬੰਦੀ ਤੇ ਬੇਅਦਬੀ ਨੂੰ ਭੁੱਲ ਗਏ
ਚੋਰਾਂ ਨੂੰ ਚੌਕੀਦਾਰ ਰੱਖਿਆ ।

***

ਅਸੀਂ ਸੌਂਹ ਅੰਗਰੇਜ਼ੀ ਵਿੱਚ ਚੁੱਕੀ ਹੈ
ਸੜਕਾਂ ਤੇ ਬਿੱਗ ਟੋਏ ਨੇ।

***

ਲਾਸ਼ ਪੁੱਤ ਦੀ ਮਿਲੀ ਨਾ ਚੈੱਕ ਮਿਲੂਗਾ,
ਇਹ ਕਿਹੜਾ ਇਨਸਾਫ਼ ਰਾਜਿਆ ।


***

ਕਿਹੜੇ ਖੂਹ ਚ ਗਈਆਂ ਅਰਦਾਸਾਂ
ਹੁਣ ਕਹਿੰਦੇ ਭਾਣਾ ਮੰਨ ਲਓ।

***

ਪੋਤੇ ਲੀਡਰਾਂ ਦੇ ਲੀਡਰੀ ਸੰਭਾਲਦੇ
ਦਰੀਆਂ ਵਿਛਾਉਣ ਵਾਲਿਓ।

***



ਦਿਲ ਜਿੱਤਣਾ ਸਾਨੂੰ ਨਹੀਂ ਆਇਆ,
ਵੋਟਾਂ ਵੇਲੇ ਜਿੱਤ ਜਾਈਦਾ।

ਜਗਸੀਰ ਜੀਦਾ (94173-33203)

ਇਤਿਹਾਸਕ ਵਿਗਿਆਨਕ ਲਿਖਤ



ਬ੍ਰਹਿਮੰਡ ਸੰਬੰਧੀ ਸਾਡੀ ਤਸਵੀਰ

ਸਟੀਫਨ ਹਾਕਿੰਗ

ਇੱਕ ਜਾਣ-ਪਛਾਣੇ ਵਿਗਿਆਨੀ (ਬਰਟਰੈਂਡ ਰਸਲ) ਇੱਕ ਵਾਰ 'ਤਾਰਾ ਵਿਗਿਆਨ' ਉੱਪਰ ਇੱਕ ਲੈਕਚਰ ਦੇ ਰਹੇ ਸਨ। ਉਹਨਾਂ ਕਿਹਾ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਅਤੇ ਸੂਰਜ 'ਤਾਰਿਆਂ ਦੇ ਇੱਕ ਸਮੂਹ', ਜਿਸ ਨੂੰ ਗਲੈਕਸੀ ਕਿਹਾ ਜਾਂਦਾ ਹੈ, ਦੁਆਲੇ ਘੁੰਮਦਾ ਹੈ। ਜਦ ਲੈਕਚਰ ਖਤਮ ਹੋਇਆ ਤਾਂ ਲੈਕਚਰ ਹਾਲ ਦੇ ਪਿਛਲੇ ਪਾਸੇ ਜਿਹੇ ਬੈਠੀ ਇੱਕ ਬੁੱਢੀ ਔਰਤ ਉੱਠੀ ਤੇ ਕਹਿਣ ਲੱਗੀ, "ਬਕਵਾਸ ਕਰ ਰਹੇ ਹੋ! ਸਭ ਜਾਣਦੇ ਹਨ ਕਿ ਧਰਤੀ ਇੱਕ ਪੱਧਰੀ ਪਲੇਟ ਵਾਂਗ ਹੈ ਤੇ ਇਹ ਇੱਕ ਕੱਛੂਕੁੰਮੇ ਦੀ ਪਿੱਠ 'ਤੇ ਖੜ੍ਹੀ ਹੈ।" ਇਹ ਸੁਣ ਕੇ ਉਹ ਵਿਗਿਆਨੀ ਭੇਦਪੂਰਨ ਢੰਗ ਨਾਲ ਮੁਸਕਰਾਇਆ ਤੇ ਕਿਹਾ, "ਤਾਂ ਉਹ ਕੱਛੂਕੁੰਮਾ ਕਿਸ ਚੀਜ਼ 'ਤੇ ਖੜ੍ਹਾ ਹੈ?" ਬੁੱਢੀ ਔਰਤ ਨੇ ਕਿਹਾ, "ਤੁਸੀਂ ਬਹੁਤ ਚਾਲਾਕ ਹੋ! ਪਰ ਇਹ ਕੱਛੂਕੁੰਮਿਆਂ ਦੀ ਇੱਕ ਲੰਬੀ ਲਾਈਨ ਵੀ ਤਾਂ ਹੋ ਸਕਦੀ ਹੈ।"

ਸਾਰੇ ਬ੍ਰਹਿਮੰਡ ਨੂੰ ਕੱਛੂਕੁੰਮਿਆਂ ਦੇ ਇੱਕ ਖੰਭੇ 'ਤੇ ਆਧਾਰਿਤ ਮੰਨਣਾ ਇੱਕ ਹਾਸੋਹੀਣੀ ਗੱਲ ਹੈ ਜਿਸ ਤਰ੍ਹਾਂ ਬਹੁਤ ਸਾਰੇ ਲੋਕ ਮੰਨਦੇ ਹਨ। ਪਰ ਜੋ ਲੋਕ ਇਸ ਗੱਲ ਨੂੰ ਨਕਾਰਦੇ ਹਨ, ਕੀ ਉਹਨਾਂ ਕੋਲ ਆਪਣੇ ਪੱਖ ਵਿੱਚ ਇਸ ਤੋਂ ਵਧੀਆ ਕੋਈ ਬਦਲ ਹੈ? ਇਹਨਾਂ ਲੋਕਾਂ ਨੂੰ ਇਹ ਦੱਸਣਾ ਪਵੇਗਾ ਕਿ ਅਸੀਂ ਇਸ ਬ੍ਰਹਿਮੰਡ ਬਾਰੇ ਕੀ ਸੋਚਦੇ ਹਾਂ ਤੇ ਸਾਡੇ ਇਸ ਤਰ੍ਹਾਂ ਸੋਚਣ ਦਾ ਆਧਾਰ ਕੀ ਹੈ? ਬ੍ਰਹਿਮੰਡ ਕਿੱਥੋਂ ਆਇਆ ਹੈ ਤੇ ਇਹ ਕਿੱਥੇ ਜਾ ਰਿਹਾ ਹੈ? ਕੀ ਬ੍ਰਹਿਮੰਡ ਦੀ ਕਦੇ ਸ਼ੁਰੂਆਤ ਹੋਈ ਸੀ, ਜੇ ਹਾਂ ਤਾਂ ਇਸ ਸ਼ੁਰੂਆਤ ਤੋਂ ਪਹਿਲਾਂ ਕੀ ਸੀ? ਇਸ ਵਿੱਚ 'ਸਮੇਂ' ਦੀ ਕੀ ਭੂਮਿਕਾ ਹੈ? ਕੀ ਬ੍ਰਹਿਮੰਡ ਤੇ ਸਮਾਂ ਕਿਸੇ ਦਿਨ ਖਤਮ ਹੋ ਜਾਣਗੇ? ਕੀ ਅਸੀਂ ਸਮੇਂ ਨੂੰ ਪੁੱਠਾ ਗੇੜਾ ਦੇ ਸਕਦੇ ਹਾਂ? ਭੌਤਿਕ ਵਿਗਿਆਨ ਨੇ ਨਵੀਆਂ ਖੋਜਾਂ ਤੇ ਆਧੁਨਿਕ ਤਕਨੀਕਾਂ ਦੇ ਆਧਾਰ 'ਤੇ ਇਹਨਾਂ ਵਿੱਚੋਂ ਕੁੱਝ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਕਿਸੇ ਨਾ ਕਿਸੇ ਸਮੇਂ ਇਹ ਜਵਾਬ ਇੰਨੇ ਆਮ ਹੋ ਸਕਦੇ ਹਨ ਜਿੰਨਾ ਕਿ ਅੱਜ ਅਸੀਂ ਕਹਿੰਦੇ ਹਾਂ ਕਿ ਧਰਤੀ ਘੁੰਮਦੀ ਹੈ ਜਾਂ ਇੰਨੇ ਹਾਸੋਹੀਣੇ ਹੋ ਸਕਦੇ ਹਨ ਜਿੰਨਾ ਕਿ ਇਹ ਕਹਿਣਾ ਕਿ ਧਰਤੀ ਕੱਛੂਕੁੰਮੇ ਦੀ ਪਿੱਠ 'ਤੇ ਖੜ੍ਹੀ ਹੈ। ਪਰ ਖੈਰ! ਇਹ ਸਭ ਤਾਂ ਭਵਿੱਖ ਵਿੱਚ ਹੀ ਛੁਪਿਆ ਪਿਆ ਹੈ।

ਲਗਭਗ 340 ਈਸਾ ਪੂਰਵ ਵਿੱਚ ਅਰਸਤੂ, ਜੋ ਕਿ ਇੱਕ ਯੂਨਾਨੀ ਵਿਦਵਾਨ ਸੀ, ਨੇ ਆਪਣੀ ਲਿਖਤ On the Heavens ਵਿੱਚ ਦੋ ਮਹੱਤਵਪੂਰਨ ਦਲੀਲਾਂ ਦਿੱਤੀਆਂ ਜਿਹਨਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਸੀ ਕਿ ਧਰਤੀ ਇੱਕ ਗੋਲਾ ਹੈ ਨਾ ਕਿ ਕੋਈ ਪੱਧਰੀ ਸਤ੍ਹਾ। ਪਹਿਲਾਂ ਤਾਂ ਉਸ ਨੇ ਅਨੁਭਵ ਕੀਤਾ ਕਿ ਚੰਨ ਗ੍ਰਹਿਣ ਧਰਤੀ ਦੇ ਸੂਰਜ ਤੇ ਚੰਦਰਮਾ ਦੇ ਵਿਚਕਾਰ ਆਉਣ ਨਾਲ ਲੱਗਦੇ ਹਨ। ਧਰਤੀ ਦਾ ਪਰਛਾਵਾਂ ਚੰਨ 'ਤੇ ਹਮੇਸ਼ਾ ਗੋਲ ਹੁੰਦਾ ਹੈ ਤੇ ਇਹ ਤਾਂ ਹੀ ਸੰਭਵ ਹੈ ਜੇ ਧਰਤੀ ਗੋਲਾਈਦਾਰ ਹੋਵੇ। ਜੇ ਧਰਤੀ ਨੂੰ ਇੱਕ ਚਪਟੀ ਜਾਂ ਪੱਧਰੀ ਸਤ੍ਹਾ ਮੰਨੀਏ ਤਾਂ ਇਹ ਪਰਛਾਵਾਂ ਕਦੇ ਨਾ ਕਦੇ ਚੰਨ ਦੇ ਵਿਚਕਾਰ ਵੀ ਹੋਣਾ ਸੀ ਅਤੇ ਅਜਿਹੀ ਸਥਿਤੀ ਵਿੱਚ ਸਾਨੂੰ ਚੰਦਰਮਾ ਦੋਵੇਂ ਸਾਈਡਾਂ ਤੋਂ ਚਮਕਦਾਰ ਅਤੇ ਵਿਚਕਾਰੋਂ ਕਾਲਾ ਨਜ਼ਰ ਆਉਣਾ ਸੀ, ਪਰ ਅਜਿਹਾ ਕਦੇ ਵੀ ਨਹੀਂ ਵਾਪਰਦਾ। ਧਰੂ ਤਾਰੇ ਦੀ ਸਥਿਤੀ ਉੱਤਰੀ ਤੇ ਦੱਖਣੀ ਧਰੁਵ ਤੋਂ ਅਲੱਗ-ਅਲੱਗ ਨਜ਼ਰ ਆਉਂਦੀ ਹੈ ਤੇ ਇਹ ਵੀ ਧਰਤੀ ਦੇ ਗੋਲ ਹੋਣ ਦਾ ਪ੍ਰਮਾਣ ਹੈ। ਇਸ ਦੇ ਉਲਟ ਜੇ ਧਰਤੀ ਨੂੰ ਪੱਧਰੀ ਮੰਨੀਏ ਤਾਂ ਇਹ ਸਥਿਤੀ ਹਮੇਸ਼ਾ ਇੱਕੋ ਜਿਹੀ ਹੋਣੀ ਚਾਹੀਦੀ ਹੈ। ਹਾਲਾਂਕਿ ਯੂਨਾਨੀਆਂ ਕੋਲ ਇਸ ਲਈ ਇੱਕ ਹੋਰ ਵੀ ਦਲੀਲ ਸੀ। ਕਿਉਂਕਿ ਯੂਨਾਨੀ ਲੋਕ ਯਾਤਰਾਵਾਂ ਵਿੱਚ ਬਹੁਤ ਸਮਾਂ ਬਤੀਤ ਕਰਦੇ ਸਨ ਇਸ ਲਈ ਇੱਕ ਸਵਾਲ ਉਹਨਾਂ ਦੇ ਮਨ ਨੂੰ ਵਾਰ-ਵਾਰ ਟੁੰਬਦਾ ਸੀ ਕਿ ਸਮੁੰਦਰ ਵਿੱਚ ਦੂਰ ਤੋਂ ਆਉਂਦੇ ਜਹਾਜ ਦਾ ਉਪਰਲਾ ਸਿਰਾ ਪਹਿਲਾਂ ਦਿਖਾਈ ਦਿੰਦਾ ਹੈ ਤੇ ਹੇਠਲਾ ਹਿੱਸਾ ਬਾਅਦ 'ਚ!

ਇਸ ਸਭ ਦੇ ਬਾਵਜੂਦ ਅਰਸਤੂ ਇਹ ਮੰਨਦਾ ਸੀ ਕਿ ਧਰਤੀ ਇੱਕ ਥਾਂ 'ਤੇ ਖੜ੍ਹੀ ਹੈ ਤੇ ਬ੍ਰਹਿਮੰਡ ਦਾ ਕੇਂਦਰ ਹੈ ਤੇ ਸੂਰਜ, ਚੰਦਰਮਾ ਸਮੇਤ ਸਾਰੇ ਗ੍ਰਹਿ ਇਸ ਦੁਆਲੇ ਚੱਕਰ ਕੱਟਦੇ ਹਨ। ਉਸਦੇ ਅਜਿਹਾ ਸੋਚਣ ਦੇ ਕੁੱਝ ਗੁੱਝੇ ਕਾਰਨ ਹੋ ਸਕਦੇ ਹਨ। ਇਹ ਵਿਚਾਰ ਹੀ ਈਸਾ ਤੋਂ ਬਾਅਦ ਦੂਸਰੀ ਸਦੀ ਵਿੱਚ ਟਾਲੇਮੀ (Ptolemy) ਨੇ ਮੁੜ ਤੋਂ ਦੁਹਰਾਏ ਤੇ ਪੂਰਾ ਇੱਕ 'ਖਗੋਲੀ ਮਾਡਲ' ਪੇਸ਼ ਕੀਤਾ। ਉਸ ਨੇ ਇਸ ਵਿਚਾਰ ਦਾ ਵਿਸਥਾਰ ਕਰਦੇ ਹੋਏ ਸਾਰੇ ਗ੍ਰਹਿਆਂ ਦੀ ਧਰਤੀ ਦੇ ਅਨੁਸਾਰ

ਸਥਿਤੀ ਵੀ ਦੱਸੀ। ਜਿਹਨਾਂ ਵਿੱਚ ਧਰਤੀ ਤੋਂ ਦੂਰੀ ਅਨੁਸਾਰ ਚੰਦਰਮਾ, ਬੁੱਧ, ਸ਼ੁੱਕਰ, ਸੂਰਜ, ਮੰਡਲ, ਬ੍ਰਹਿਸਪਤੀ, ਸਨੀ ਅਤੇ 'ਸਥਾਈ ਤਾਰੇ' ਸੀ। ਭਾਵੇਂ ਕਿ ਇਸ ਬਾਰੇ ਸਪੱਸ਼ਟ ਨਹੀਂ ਸੀ ਕੀਤਾ ਗਿਆ ਕਿ ਇਹਨਾਂ 'ਸਥਾਈ ਤਾਰਿਆਂ' ਤੋਂ ਪਰ੍ਹੇ ਕੀ ਹੈ? ਪਰ ਇਹ ਮਨੁੱਖੀ ਦ੍ਰਿਸ਼ਟਾਂਤ ਤੋਂ ਪਰ੍ਹੇ ਦੀ ਗੱਲ ਮੰਨੀ ਗਈ ਸੀ।

ਭਾਵੇਂ ਕਿ Ptolemy ਦਾ ਮਾਡਲ ਖਗੋਲੀ ਪਿੰਡਾਂ ਬਾਰੇ ਲਗਭਗ ਸਹੀ ਜਾਣਕਾਰੀ ਦਿੰਦਾ ਸੀ ਪਰ ਇਹ ਸਭ ਉਸ ਦੀਆਂ ਸਿਰਫ ਮਾਨਤਾਵਾਂ ਜਾਂ ਕਲਪਨਾਵਾਂ 'ਤੇ ਹੀ ਆਧਾਰਿਤ ਸੀ ਅਤੇ ਉਸਨੇ ਇਹਨਾਂ ਸੰਬੰਧੀ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ ਸੀ। ਉਸ ਦੀਆਂ ਮਾਨਤਾਵਾਂ ਅਨੁਸਾਰ ਤਾਂ ਚੰਦਰਮਾ ਸੂਰਜ ਤੋਂ ਦੁੱਗਣਾ ਵੱਡਾ ਹੋਣਾ ਚਾਹੀਦਾ ਸੀ। ਪਰ ਇਹਨਾਂ ਕਮੀਆਂ ਨੂੰ ਖ਼ੁਦ ਉਸ ਨੇ ਵੀ ਮਹਿਸੂਸ ਕੀਤਾ। ਸ਼ਾਇਦ ਇਸੇ ਕਰਕੇ ਹੀ ਉਸਦੇ ਮਾਡਲ ਨੂੰ ਕਦੇ ਵੀ ਕਿਸੇ ਨੇ ਵੀ ਪੂਰੀ ਤਰ੍ਹਾਂ ਸਵੀਕਾਰ ਨਾ ਕੀਤਾ। ਈਸਾਈ ਚਰਚ ਨੇ ਵੀ ਇਸ ਨੂੰ ਉਸ ਹੱਦ ਤੱਕ ਹੀ ਅਪਣਾਇਆ ਜਿੱਥੋਂ ਤੱਕ ਇਹ ਉਹਨਾਂ ਦੀਆਂ ਧਾਰਮਿਕ ਪੁਸਤਕਾਂ ਦੇ ਅਨੁਸਾਰ ਫਿੱਟ ਬੈਠਦਾ ਸੀ। ਭਾਵ ਕਿ 'ਸਥਾਈ ਤਾਰਿਆਂ' ਤੋਂ ਪਾਰ ਬਾਰੇ ਚੁੱਪ ਧਾਰਨੀ ਹੀ ਉੱਥੇ ਅਖੌਤੀ ਸਵਰਗ ਤੇ ਨਰਕ ਹੋਣ ਦੀ ਕਲਪਨਾ ਕਰਨ ਲਈ ਕਾਫੀ ਸੀ।



ਪੋਲੈਂਡ ਨਿਵਾਸੀ ਨਿਕੋਲਸ ਕਾਪਰਨਿਕਸ ਨੇ 1514 ਈਸਵੀ ਵਿੱਚ ਇਸ ਤੋਂ ਕਿਤੇ ਵੱਧ ਸਾਧਾਰਣ ਮਾਡਲ ਪੇਸ਼ ਕੀਤਾ। (ਪਹਿਲਾਂ-ਪਹਿਲਾਂ ਕਾਪਰਨਿਕਸ ਨੇ ਸਾਇਦ ਇਸ ਡਰੋਂ ਕਿ ਚਰਚ ਉਸ ਨੂੰ ਨਾਸਤਿਕ ਘੋਸ਼ਿਤ ਨਾ ਕਰ ਦੇਵੇ, ਆਪਣਾ ਮਾਡਲ ਆਪਣਾ ਨਾਂ ਗੁਪਤ ਰੱਖ ਕੇ ਪ੍ਰਚਾਰਿਆ)। ਉਸਦਾ ਵਿਚਾਰ ਸੀ ਕਿ ਸੂਰਜ ਇੱਕ ਥਾਂ ਖੜ੍ਹਾ ਹੈ ਅਤੇ ਧਰਤੀ ਸਮੇਤ ਬਾਕੀ ਸਾਰੇ ਗ੍ਰਹਿ ਇਸ ਦੁਆਲੇ ਚੱਕਰ ਲਗਾਉਂਦੇ ਹਨ। ਸੂਰਜ ਹੀ ਪੂਰੇ ਬ੍ਰਹਿਮੰਡ ਦਾ ਕੇਂਦਰ ਹੈ ਜਦੋਂ ਕਿ ਬਾਕੀ ਸਾਰੇ ਗ੍ਰਹਿ ਇੱਕ ਨਿਸਚਿਤ ਗ੍ਰਹਿ ਪਥ 'ਤੇ ਘੁੰਮਦੇ ਹਨ। ਲਗਭਗ ਇੱਕ ਸਦੀ ਬਾਅਦ ਇਸ ਵਿਚਾਰ ਨੂੰ ਉਸ ਸਮੇਂ ਬਲ ਮਿਲਿਆ ਜਦ ਦੋ ਵਿਗਿਆਨੀਆਂ (ਜਰਮਨ ਨਿਵਾਸੀ ਕੈਪਲਰ ਅਤੇ ਇਟਲੀ ਨਿਵਾਸੀ ਗੈਲੀਲਿਓ ਗੈਲੀਲੀ) ਨੇ ਕਾਪਰਨਿਕਸ ਦੇ ਸਿਧਾਂਤ ਨੂੰ ਖੁੱਲ੍ਹੇਆਮ ਪ੍ਰਚਾਰਿਆ। ਭਾਵੇਂ ਕਿ ਉਸ ਦੁਆਰਾ ਦੱਸੇ ਗਏ ਗ੍ਰਹਿ ਪਥਾਂ ਤੇ ਅਜੋਕੇ ਸਮੇਂ ਵਿਚਕਾਰ ਥੋੜ੍ਹਾ ਫਰਕ ਸੀ ਪਰ ਇਹ ਸਿਧਾਂਤ ਚਿਰਾਂ ਤੋਂ ਪ੍ਰਚਾਰੇ ਜਾਂਦੇ ਅਰਸਤੂ ਅਤੇ Ptolemy ਦੇ ਵਿਚਾਰਾਂ ਨੂੰ ਖੰਡਿਤ ਕਰਦਾ ਸੀ। ਇਹਨਾਂ ਦੇ ਵਿਚਾਰਾਂ ਨੂੰ ਉਸ ਸਮੇਂ ਮਾਰੂ ਸੱਟ ਵੱਜੀ ਜਦੋਂ 1609 ਈਸਵੀ ਦੇ ਕਰੀਬ ਗੈਲੀਲਿਓ ਨੇ ਦੂਰਬੀਨ ਦੀ ਕਾਢ ਸਦਕਾ ਬ੍ਰਹਿਸਪਤੀ ਨੂੰ ਦੇਖਦੇ ਹੋਏ ਇਹ ਮਹਿਸੂਸ ਕੀਤਾ ਕਿ ਬ੍ਰਹਿਸਪਤੀ ਦੇ ਆਲੇ-ਦੁਆਲੇ ਚੰਦਰਮਾ ਵਰਗੇ ਉਪਗ੍ਰਹਿ ਮੌਜੂਦ ਹਨ ਜੋ ਬ੍ਰਹਿਸਪਤੀ ਦੀ ਪਰਿਕਰਮਾ ਕਰਦੇ ਹਨ। ਇਸ ਤਰ੍ਹਾਂ ਟੈਲੀਸਕੋਪ ਦੀ ਮੱਦਦ ਨਾਲ ਗੈਲੀਲਿਓ ਨੇ ਆਪਣੇ ਪੱਖ ਵਿੱਚ ਠੋਸ ਸਬੂਤ ਪੇਸ਼ ਕੀਤੇ। ਇਸ ਦਾ ਸਾਫ ਮਤਲਬ ਇਹ ਬਣਦਾ ਸੀ ਕਿ ਬ੍ਰਹਿਮੰਡ ਦੀ ਹਰੇਕ ਚੀਜ਼ ਧਰਤੀ ਦੁਆਲੇ ਚੱਕਰ ਨਹੀਂ ਲਗਾਉਂਦੀ ਸੀ ਜਿਸ ਤਰ੍ਹਾਂ ਕਿ ਅਰਸਤੂ ਤੇ Ptolemy ਦੇ ਦਾਅਵਾ ਕੀਤਾ ਸੀ। (ਪਰ ਇਹ ਯਕੀਨ ਕਰਨਾ ਕੁੱਝ ਲੋਕਾਂ ਲਈ ਅਜੇ ਵੀ ਸੰਭਵ ਸੀ ਕਿ ਹੋ ਸਕਦਾ ਹੈ ਕਿ ਇਹ ਉਪਗ੍ਰਹਿ ਬ੍ਰਹਿਸਪਤੀ ਦੇ ਨਾਲ-ਨਾਲ ਧਰਤੀ ਦੁਆਲੇ ਵੀ ਚੱਕਰ ਲਾਉਂਦੇ ਹਨ!) ਕੈਪਲਰ ਨੇ ਕਾਪਰਨਿਕਸ ਦੇ ਸਿਧਾਂਤਾਂ ਵਿੱਚ ਹੋਰ ਵੀ ਸੁਧਾਰ ਕੀਤਾ ਕਿ ਸਾਰੇ ਗ੍ਰਹਿ ਗੋਲ ਨਾ ਹੋ ਕੇ ਅੰਡਾਕਾਰ ਗ੍ਰਹਿ ਪਥਾਂ 'ਤੇ ਚੱਲਦੇ ਹਨ। ਇਹ ਭਵਿੱਖ ਬਾਣੀਆਂ ਹੁਣ ਸੱਚਾਈ ਨਾਲ ਮੇਲ ਖਾਂਦੀਆਂ ਹਨ।

ਜਿੱਥੋਂ ਤੱਕ ਕੈਪਲਰ ਦਾ ਸੰਬੰਧ ਹੈ, ਉਸਦੇ ਦੁਆਰਾ ਸੁਝਾਏ ਗਏ 'ਅੰਡਾਕਾਰ ਗ੍ਰਹਿ ਪਥ' ਸਿਰਫ ਇੱਕ ਵਿਚਾਰ ਹੀ ਸੀ। ਇਹ ਅਚਾਨਕ ਕੱਢਿਆ ਗਿਆ ਨਤੀਜਾ ਹੀ ਸੀ ਕਿਉਂਕਿ ਕੈਪਲਰ ਕਦੇ ਵੀ 'ਉਹਨਾਂ' ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਨਾ ਕਰਵਾ ਸਕਿਆ ਕਿ ਗ੍ਰਹਿ ਚੁੰਬਕੀ ਬਲਾਂ ਕਰਕੇ ਸੂਰਜ ਦੁਆਲੇ ਘੁੰਮਦੇ ਹਨ। ਇਸ ਬਾਰੇ ਹੋਰ ਵਿਸਥਾਰ ਕੁੱਝ ਸਮਾਂ ਬਾਅਦ ਵਿੱਚ 1687 ਵਿੱਚ ਸਰ ਈਸਾਕ ਨਿਊਟਨ ਨੇ ਆਪਣੀ ਕਿਤਾਬ ਵਿੱਚ ਦਿੱਤਾ। ਇਹ ਭੌਤਿਕ ਵਿਗਿਆਨ ਵਿੱਚ ਸਭ ਤੋਂ ਮਹੱਤਵਪੂਰਨ ਕੰਮ ਸੀ। ਇਸ ਵਿੱਚ ਨਿਊਟਨ ਨੇ ਨਾ ਸਿਰਫ ਇਹ ਦੱਸਿਆ ਕਿ ਖਗੋਲੀ ਪਿੰਡ ਆਕਾਸ਼ ਵਿੱਚ ਕਿਵੇਂ ਘੁੰਮਦੇ ਹਨ ਬਲਕਿ ਇਹਨਾਂ ਗਤੀਆਂ ਨੂੰ ਮਾਪਣ ਲਈ ਇੱਕ ਨਵੇਂ ਗਣਿਤ ਦੀ ਵੀ ਪੇਸ਼ਕਾਰੀ ਕੀਤੀ। ਇਸਦੇ ਨਾਲ ਹੀ ਨਿਊਟਨ ਨੇ ਆਪਣਾ 'ਗੁਰੂਤਾ ਖਿੱਚ ਦਾ ਸਿਧਾਂਤ' ਵੀ ਪੇਸ਼ ਕੀਤਾ ਕਿ ਸਾਰੇ ਆਕਾਸ਼ੀ ਪਿੰਡ ਇੱਕ-ਦੂਜੇ ਵੱਲ ਇੱਕ ਖਾਸ

ਖਿੱਚ ਦੁਆਰਾ ਖਿੱਚੇ ਜਾਂਦੇ ਹਨ ਅਤੇ ਇਹ ਖਿੱਚ ਉਹਨਾਂ ਦੇ ਪੁੰਜ ਅਤੇ ਉਹਨਾਂ ਦੀ ਆਪਸੀ ਦੂਰੀ 'ਤੇ ਨਿਰਭਰ ਕਰਦੀ ਹੈ। ਇਹਨਾਂ ਖਗੋਲੀ ਪਿੰਡਾਂ ਦਾ ਪੁੰਜ ਜਿੰਨਾ ਵੱਧ ਹੋਵੇਗਾ, ਇਹ ਖਿੱਚ ਉਨੀ ਹੀ ਵੱਧ ਹੋਵੇਗੀ ਤੇ ਇਹਨਾਂ ਦੀ ਆਪਸੀ ਦੂਰੀ ਜਿੰਨੀ ਘੱਟ ਹੋਵੇਗੀ, ਖਿੱਚ ਉਨੀ ਵੱਧ ਹੋਵੇਗੀ। (ਇਸ ਲਈ ਇਸ ਕਹਾਣੀ 'ਤੇ ਵਿਸ਼ਵਾਸ ਕਰਨਾ ਕੋਈ ਸੇਬ ਆ ਕੇ ਨਿਊਟਨ ਦੇ ਸਿਰ 'ਤੇ ਵੱਜਾ ਤੇ ਇਸ ਕਾਰਨ ਹੀ ਗੁਰੂਤਾ ਖਿੱਚ ਦੀ ਖੋਜ ਹੋਈ, ਇਹ ਪੂਰੀ ਤਰ੍ਹਾਂ ਸ਼ੱਕੀ ਹੈ ਕਿਉਂਕਿ ਨਿਊਟਨ ਨੇ ਕਦੇ ਵੀ ਤੇ ਕਿਤੇ ਵੀ ਇਹ ਗੱਲ ਨਹੀਂ ਕਹੀ।) ਨਿਊਟਨ ਨੇ ਇਹ ਵੀ ਕਿਹਾ ਕਿ ਧਰਤੀ ਦੀ ਗੁਰੂਤਾ ਖਿੱਚ ਸਦਕਾ ਹੀ ਚੰਦਰਮਾ ਅੰਡਾਕਾਰ ਗ੍ਰਹਿ ਪਥ ਤੇ ਧਰਤੀ ਦੁਆਲੇ ਘੁੰਮਦਾ ਹੈ ਤੇ ਸੂਰਜ ਦੀ ਗੁਰੂਤਾ ਖਿੱਚ ਸਦਕਾ ਹੀ ਸਾਰੇ ਗ੍ਰਹਿ ਅੰਡਾਕਾਰ ਸ਼ਕਲ ਵਿੱਚ ਸੂਰਜ ਦੁਆਲੇ ਚੱਕਰ ਲਾਉਂਦੇ ਹਨ।

ਕਾਪਰਨਿਕਸ ਨੇ Ptolemy ਦੇ ਸਿਧਾਂਤ ਨੂੰ ਰੱਦ ਕਰਦੇ ਹੋਏ ਕਿਹਾ ਸੀ ਕਿ ਬ੍ਰਹਿਮੰਡ ਦੀ ਕੁਦਰਤੀ ਸੀਮਾ ਵੀ ਹੈ ਜਦਕਿ Ptolemy ਨੇ ਸਥਾਈ ਤਾਰਿਆਂ ਤੋਂ ਬਾਅਦ ਚੁੱਪ ਵੱਟ ਲਈ ਸੀ। ਉਸ ਨੇ ਇਹ ਵੀ ਕਿਹਾ ਸੀ ਕਿ ਸਥਾਈ ਤਾਰੇ ਸਥਾਈ ਨਹੀਂ ਹਨ ਅਤੇ ਧਰਤੀ ਦੀ ਗਤੀ ਕਰਕੇ ਇਹ ਵੀ ਆਪਣੀ ਥਾਂ ਬਦਲਦੇ ਹਨ। ਇਸ ਤਰ੍ਹਾਂ ਇਹ ਪਹਿਲਾਂ ਹੀ ਸਪੱਸ਼ਟ ਹੋ ਗਿਆ ਸੀ ਕਿ ਸਥਾਈ ਤਾਰੇ ਸੂਰਜ ਵਾਂਗ ਹੀ ਤਾਰੇ ਹਨ ਪਰ ਇਹ ਸਾਡੇ ਤੋਂ ਬਹੁਤ ਜ਼ਿਆਦਾ ਦੂਰੀ 'ਤੇ ਹਨ।

ਨਿਊਟਨ ਅਨੁਸਾਰ ਤਾਰਿਆਂ ਨੂੰ ਵੀ ਇੱਕ-ਦੂਸਰੇ ਵੱਲ ਖਿੱਚਿਆ ਜਾਣਾ ਚਾਹੀਦਾ ਹੈ ਇਸ ਲਈ ਉਹਨਾਂ ਨੂੰ ਵੀ ਸਥਿਰ ਨਹੀਂ ਮੰਨਿਆ ਜਾ ਸਕਦਾ। ਕੀ ਉਹ ਇੱਕ ਖਾਸ ਸਮੇਂ 'ਤੇ ਜਾ ਕੇ ਹੇਠਾਂ ਵੱਲ ਨੂੰ ਡਿੱਗ ਪੈਂਦੇ ਹੋਣਗੇ ? 1691 ਵਿੱਚ ਨਿਊਟਨ ਨੇ ਉਹਨਾਂ ਸਮਿਆਂ ਦੇ ਪ੍ਰਸਿੱਧ ਵਿਗਿਆਨੀ ਰਿਚਰਡ ਬੈਂਟਲੇ ਨੂੰ ਇੱਕ ਪੱਤਰ ਲਿਖਿਆ ਤੇ ਇਸ ਪਹੇਲੀ ਦੇ ਹੱਲ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਕਿਹਾ ਕਿ 'ਇਹ ਤਾਂ ਹੀ ਸੰਭਵ ਹੈ ਜੇ ਤਾਰਿਆਂ ਦੀ ਸੰਖਿਆ ਨਿਸਚਿਤ ਹੋਵੇ ਅਤੇ ਇਹ ਕਿਸੇ ਨਿਸਚਿਤ ਥਾਂ 'ਤੇ ਹੀ ਹੋਣ ਭਾਵ ਹੋਰ ਕਿਤੇ ਇਹਨਾਂ ਦੀ ਅਣਹੋਂਦ ਹੋਵੇ। ਪਰ ਤਾਰੇ ਤਾਂ ਅਣਗਿਣਤ ਹਨ ਤੇ ਇਹ ਅਸੀਮ ਬ੍ਰਹਿਮੰਡ ਵਿੱਚ ਫੈਲੇ ਹੋਏ ਹਨ, ਇਸ ਲਈ ਇਹ ਨਹੀਂ ਵਾਪਰੇਗਾ ਕਿਉਂਕਿ ਉਹਨਾਂ ਦੇ ਕਿਸੇ ਪਾਸੇ ਡਿੱਗਣ ਲਈ ਜ਼ਰੂਰੀ ਹੈ ਕਿ ਦੂਜੇ ਪਾਸੇ ਤੋਂ ਗੁਰੂਤਾ ਖਿੱਚ ਬਿਲਕੁਲ ਨਾ ਹੋਵੇ ਜਦਕਿ ਅਜਿਹਾ ਹੋ ਹੀ ਨਹੀਂ ਸਕਦਾ। ਅਸੀਮ ਬ੍ਰਹਿਮੰਡ ਵਿੱਚ ਤੁਸੀਂ ਕਿਸੇ ਵੀ ਥਾਂ ਨੂੰ ਬ੍ਰਹਿਮੰਡ ਦਾ ਕੇਂਦਰ ਮੰਨ ਸਕਦੇ ਹੋ ਇਸਦੇ ਕਿਸੇ ਵੀ ਪਾਸੇ ਅਣਗਿਣਤ ਸਿਤਾਰੇ ਹਨ। ਹਾਲਾਂਕਿ ਪੂਰੀ ਗੱਲ ਸਾਹਮਣੇ ਆਉਣ ਨੂੰ ਕੁੱਝ ਸਮਾਂ ਲੱਗਿਆ ਤੇ ਹੁਣ ਅਸੀਂ ਇਹ ਕਹਿ ਸਕਦੇ ਹਾਂ ਕਿ ਪੂਰੇ ਬ੍ਰਹਿਮੰਡ ਦਾ ਸਥਾਈ ਮਾਡਲ ਪੇਸ਼ ਕਰਨਾ ਤਾਂ ਲਗਭਗ ਅਸੰਭਵ ਹੈ। ਬੀਹਵੀਂ ਸਦੀ ਤੱਕ ਇਹ ਇੱਕ ਆਮ ਮੰਨਿਆ ਜਾਣ ਵਾਲਾ ਵਿਚਾਰ ਸੀ ਜਦ ਤੱਕ ਕਿਸੇ ਨੇ ਵੀ ਇਹ ਵਿਚਾਰ ਪੇਸ਼ ਨਹੀਂ ਕੀਤਾ ਸੀ ਕਿ ਬ੍ਰਹਿਮੰਡ ਫੈਲ ਰਿਹਾ ਹੈ ਜਾਂ ਸੁੰਗੜ ਰਿਹਾ ਹੈ। ਇਸ ਲਈ ਇਹ ਇੱਕ ਆਮ ਧਾਰਣਾ ਸੀ ਕਿ ਬ੍ਰਹਿਮੰਡ ਇੱਕ ਕਦੇ ਨਾ ਬਦਲਣ ਵਾਲਾ ਸਥਾਈ ਵਰਤਾਰਾ ਹੈ ਤੇ ਭੂਤ ਕਾਲ ਵਿੱਚ ਇਸ ਦਾ ਕਦੇ ਨਾ ਕਦੇ ਨਿਰਮਾਣ ਹੋਇਆ ਹੈ। ਉਸ ਸਮੇਂ ਤੱਕ ਉਹਨਾਂ ਨੂੰ ਇਹ ਧਾਰਣਾ ਕਾਫੀ ਹੱਦ ਤੱਕ ਮੰਨਣੀ ਸੌਖੀ ਲੱਗਦੀ ਸੀ ਕਿ ਅਸੀਂ ਤਾਂ ਵਿਕਾਸ ਕਰਦੇ ਹਾਂ ਤੇ ਅਖੀਰ ਮਰ ਜਾਂਦੇ ਹਾਂ ਪਰ ਬ੍ਰਹਿਮੰਡ ਸਦੀਵੀ ਤੇ ਕਦੇ ਨਾ ਬਦਲਣ ਵਾਲਾ ਹੈ।

ਇੱਥੋਂ ਤੱਕ ਕਿ ਜੋ ਨਿਊਟਨ ਦੇ ਗੁਰੂਤਾ ਸਿਧਾਂਤ ਨੂੰ ਸਮਝਦੇ ਸਨ ਤੇ ਮਾਨਤਾ ਦਿੰਦੇ ਸਨ, ਉਹ ਵੀ ਇਹ ਕਹਿੰਦੇ ਸਨ ਕਿ ਬ੍ਰਹਿਮੰਡ ਸਥਾਈ ਨਹੀਂ ਹੋ ਸਕਦਾ। ਉਹ ਵੀ ਇਹ ਨਾ ਕਹਿ ਸਕੇ ਕਿ ਬ੍ਰਹਿਮੰਡ ਸਦਾ ਵਿਕਾਸ ਕਰ ਰਿਹਾ ਹੈ। ਇਸਦੇ ਬਾਵਜੂਦ ਇਸ ਗੱਲ ਦਾ ਵੀ ਪ੍ਰਚਾਰ ਕੀਤਾ ਜਾਂਦਾ ਰਿਹਾ ਕਿ ਬਹੁਤ ਜ਼ਿਆਦਾ ਦੂਰੀ 'ਤੇ ਜਾ ਕੇ ਗੁਰੂਤਾ ਖਿੱਚ ਉਲਟਾ ਪ੍ਰਭਾਵ ਦੇਣ ਲੱਗਦੀ ਹੈ, ਭਾਵ ਚੀਜ਼ਾਂ ਇੱਕ-ਦੂਜੇ ਵੱਲ ਆਕਰਸ਼ਿਤ ਹੋਣ ਦੀ ਬਜਾਏ ਇੱਕ-ਦੂਜੇ ਤੋਂ ਦੂਰ ਜਾਣ ਲੱਗਦੀਆਂ ਹਨ। ਇਹ ਵਿਚਾਰ ਕਿਸੇ ਵੀ ਤਰ੍ਹਾਂ ਗ੍ਰਹਿਆਂ ਦੀ ਗਤੀ ਨੂੰ ਪ੍ਰਭਾਵਿਤ ਤਾਂ ਨਾ ਕਰ ਸਕੇ ਪਰ ਤਾਰਿਆਂ ਦੀ ਅਸੀਮ ਵੰਡ ਨੂੰ ਇੱਕ ਸਮਤੋਲ ਵਿੱਚ ਰੱਖਣ ਦਾ ਯਤਨ ਜ਼ਰੂਰ ਸਿੱਧ ਹੋਏ। ਕਿਉਂਕਿ ਇਸ ਅਨੁਸਾਰ ਨੇੜੇ ਦੇ ਤਾਰਿਆਂ ਵਿੱਚ ਤਾਂ ਖਿੱਚ ਬਣੀ ਰਹਿੰਦੀ ਹੈ ਤੇ ਦੂਰ ਦੇ ਤਾਰੇ ਇੱਕ-ਦੂਜੇ ਤੋਂ ਦੂਰ ਜਾ ਰਹੇ ਹਨ। ਭਾਵੇਂ ਕਿ ਹੁਣ ਸਾਨੂੰ ਪਤਾ ਹੈ ਕਿ ਅਜਿਹਾ ਸਮਤੋਲ ਸਥਾਈ ਨਹੀਂ ਹੋ ਸਕਦਾ ਕਿਉਂਕਿ ਜੇ ਕਿਸੇ ਖਿੱਤੇ ਦੇ ਤਾਰੇ ਇੱਕ-ਦੂਜੇ ਦੇ ਬਹੁਤ ਨੇੜੇ ਹਨ ਤੇ ਦੂਜੇ ਖਿੱਤੇ ਦੇ ਤਾਰੇ ਇਹਨਾਂ ਤੋਂ ਬਹੁਤ ਦੂਰ ਹਨ ਤਾਂ ਅਜਿਹੀ ਸਥਿਤੀ ਵਿੱਚ ਇਹ ਤੈਅ ਨਹੀਂ ਹੋ ਸਕਦਾ ਕਿ ਇਹਨਾਂ 'ਤੇ ਕਿਹੜਾ ਨਿਯਮ ਲਾਗੂ ਹੋਵੇਗਾ ?

ਇਸ ਬਾਰੇ ਇੱਕ ਹੋਰ ਇਤਰਾਜ਼ ਇੱਕ ਜਰਮਨ ਵਿਗਿਆਨਕ ਹੈਨਰਿਖ ਆਲਬਰਸ ਨੇ ਆਪਣੀ ਕਿਤਾਬ ਵਿੱਚ 1823 ਵਿੱਚ ਉਠਾਇਆ। ਅਸਲ 'ਚ ਨਿਊਟਨ ਦੇ ਕੁੱਝ ਸਮਕਾਲੀਆਂ ਨੇ ਵੀ ਇਸ ਮੁਸ਼ਕਿਲ ਵੱਲ ਧਿਆਨ ਦਿਵਾਇਆ ਸੀ। ਇਸ ਲਈ ਹੈਨਰਿਖ ਇਹ ਮੁੱਦਾ ਉਠਾਉਣ ਵਾਲਾ ਪਹਿਲਾ ਵਿਅਕਤੀ ਨਹੀਂ ਸੀ। ਪਰ ਉਹ ਇਸ ਪੱਖ ਦੀ ਇੰਨੇ ਵਿਸਥਾਰ ਨਾਲ ਆਲੋਚਨਾ ਕਰਨ ਵਾਲਾ ਪਹਿਲਾ ਵਿਅਕਤੀ ਸੀ। ਮੁਸ਼ਕਿਲ ਇਹ ਸੀ ਕਿ ਜੇ ਅਸੀਮ ਤੇ ਸਥਾਈ ਬ੍ਰਹਿਮੰਡ ਨੂੰ ਮੰਨ ਲਈਏ ਤਾਂ ਆਸਮਾਨ ਵਿੱਚ ਮਾਰੀ ਹੋਈ ਹਰੇਕ ਨਜ਼ਰ ਕਿਸੇ

ਨਾ ਕਿਸੇ ਤਾਰੇ 'ਤੇ ਜਾ ਕੇ ਰੁਕੇਗੀ। ਇਸ ਲਈ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਰਾਤ ਨੂੰ ਵੀ ਸਾਰਾ ਆਸਮਾਨ ਇੰਨਾ ਚਮਕਦਾਰ ਹੋਵੇਗਾ ਜਿੰਨਾ ਕਿ ਸੂਰਜ। ਇਸ ਸੰਬੰਧੀ ਹੈਨਰਿਖ ਨੇ ਇੱਕ ਦਲੀਲ ਇਹ ਦਿੱਤੀ ਕਿ ਦੂਰ ਦੇ ਤਾਰਿਆਂ ਤੋਂ ਆਉਂਦਾ ਪ੍ਰਕਾਸ਼ ਕਿਸੇ ਨਾ ਕਿਸੇ ਪਦਾਰਥ ਦੁਆਰਾ ਸੋਖ ਲਿਆ ਜਾਂਦਾ ਹੋਵੇਗਾ ਇਸ ਲਈ ਇਹ ਪ੍ਰਕਾਸ਼ ਸਾਡੇ ਤੱਕ ਪਹੁੰਚਦਾ ਹੀ ਨਹੀਂ ਹੈ। ਪਰ ਜੇ ਇਸ ਤਰ੍ਹਾਂ ਹੁੰਦਾ ਤਾਂ ਰਸਤੇ ਵਿਚਲਾ ਇਹ ਪਦਾਰਥ ਗਰਮ ਹੋ ਕੇ ਤਾਰਿਆਂ ਵਾਂਗ ਹੀ ਚਮਕਣ ਲੱਗ ਪੈਂਦਾ। ਇਸ ਵਿਚਾਰ ਤੋਂ ਨਿਜ਼ਾਤ ਪਾਉਣ ਦਾ ਇੱਕੋ-ਇੱਕ ਤਰੀਕਾ ਇਹ ਸੀ ਕਿ ਰਾਤ ਵੇਲੇ ਵੀ ਸਾਰਾ ਆਸਮਾਨ ਇਸ ਤਰ੍ਹਾਂ ਚਮਕਦਾ ਹੈ ਜਿਸ ਤਰ੍ਹਾਂ ਕਿ ਸੂਰਜ ਆਪਦੀ ਸਤ੍ਹਾ 'ਤੇ ਚਮਕਦਾ ਹੈ। ਇਸ ਤੋਂ ਦੂਸਰੀ ਮਾਨਤਾ ਇਹ ਬਣਦੀ ਹੈ ਕਿ ਕੁੱਝ ਤਾਰੇ ਹਮੇਸ਼ਾ ਤੋਂ ਨਹੀਂ ਚਮਕ ਰਹੇ ਸਗੋਂ ਇਹ ਤਾਂ ਕਿਸੇ ਹੋਰ ਤਾਰੇ ਦੇ ਪ੍ਰਕਾਸ਼ ਦੇ ਰਸਤੇ ਵਿੱਚ ਆਉਣ ਵਾਲਾ ਪਦਾਰਥ ਹੈ। ਇਸ ਲਈ ਇਸ ਦੀ ਕੋਈ ਨਾ ਕੋਈ ਖਾਸ ਸਮਾਂ ਸੀਮਾ ਤੈਅ ਕੀਤੀ ਜਾ ਸਕਦੀ ਹੈ। ਇੱਥੇ ਇੱਕ ਹੋਰ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਇਹ ਦੂਰ ਵਾਲੇ ਤਾਰੇ ਕਿਸ ਤਰ੍ਹਾਂ ਚਮਕਦਾਰ ਬਣੇ ?


'ਬ੍ਰਹਿਮੰਡ ਦੀ ਸ਼ੁਰੂਆਤ' ਦਾ ਰਹੱਸ ਬਹੁਤ ਸਮੇਂ ਪਹਿਲਾਂ ਤੋਂ ਇੱਕ ਗੁੰਝਲਦਾਰ ਬੁਝਾਰਤ ਰਿਹਾ ਹੈ, ਜਿਸ ਨੂੰ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਦਾਰਸ਼ਨਿਕਾਂ ਨੇ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ। ਸ਼ੁਰੂਆਤੀ ਬ੍ਰਹਿਮੰਡ ਸੰਬੰਧੀ ਜਾਣਕਾਰੀ ਅਤੇ ਯਹੂਦੀ, ਈਸਾਈ ਅਤੇ ਮੁਸਲਿਮ ਮਾਨਤਾਵਾਂ ਅਨੁਸਾਰ ਬ੍ਰਹਿਮੰਡ ਦੀ ਉਤਪਤੀ ਇੱਕ ਨਿਸਚਿਤ ਸਮੇਂ 'ਤੇ ਹੋਈ ਜੋ ਕਿ ਬਹੁਤ ਸਮਾਂ ਪਹਿਲਾਂ ਨਹੀਂ ਮੰਨੀ ਜਾ ਸਕਦੀ। ਅਜਿਹੀ ਸ਼ੁਰੂਆਤ ਲਈ ਇੱਕ ਪ੍ਰਸ਼ਨ ਇਹ ਸੀ ਕਿ ਇਸ ਸ਼ੁਰੂਆਤ ਲਈ ਕੋਈ 'ਪਹਿਲਾ ਕਾਰਨ' ਹੋਣਾ ਜ਼ਰੂਰੀ ਸੀ। (ਬ੍ਰਹਿਮੰਡ ਵਿਚਲੀ ਹਰੇਕ ਘਟਨਾ ਲਈ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ ਪਰ ਸਿਰਫ ਬ੍ਰਹਿਮੰਡ ਦੀ ਉਤਪਤੀ ਸੰਬੰਧੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਇਹ ਹੀ ਸਭ ਘਟਨਾਵਾਂ ਲਈ ਇੱਕ ਸ਼ੁਰੂਆਤ ਸੀ।) ਸੇਂਟ ਆਗਸਟਾਈਨ ਨੇ ਆਪਣੀ ਰਚਨਾ The City of God ਵਿੱਚ ਇਹ ਦਲੀਲ ਪੇਸ਼ ਕੀਤੀ ਕਿ ਜੇਕਰ ਸੱਭਿਅਤਾ ਵਿਕਾਸ ਕਰ ਰਹੀ ਹੈ ਤਾਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਚਲਣ ਜਾਂ ਇਸ ਤਕਨੀਕ ਨੂੰ ਕਿਸ ਨੇ ਵਿਕਸਿਤ ਕੀਤਾ। ਇਸ ਜਵਾਬ ਯਕੀਨਨ ਹੀ ਇਹ ਮਿਲਦਾ ਹੈ ਕਿ ਆਦਮੀ ਜਾਂ ਬ੍ਰਹਿਮੰਡ ਹਮੇਸ਼ਾ ਤੋਂ ਇਸ ਤਰ੍ਹਾਂ ਨਹੀਂ ਮੰਨਿਆ ਜਾ ਸਕਦਾ। ਉਸ ਨੇ ਬ੍ਰਹਿਮੰਡ ਦੀ ਉਤਪਤੀ ਲਈ 5000 ਈਸਵੀ ਪੂਰਵ ਦੀ ਤਾਰੀਖ ਮਿਥੀ ਸੀ (ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਇਹ ਅਖੀਰਲੇ ਬਰਫ ਯੁੱਗ ਜੋ ਕਿ ਵਿਗਿਆਨੀਆਂ ਅਨੁਸਾਰ 10000 ਈਸਵੀ ਪੂਰਵ ਹੈ, ਤੋਂ ਬਹੁਤੀ ਦੂਰ ਨਹੀਂ ਹੈ।) ਪਰ ਬਹੁਤੇ ਯੂਨਾਨੀ ਵਿਦਵਾਨਾਂ ਨੇ ਇਹ ਦਲੀਲ ਨਾ ਮੰਨੀ ਕਿਉਂਕਿ ਇਸ ਨਾਲ ਕਿਸੇ ਅਖੌਤੀ ਦੈਵੀ ਸ਼ਕਤੀ ਦੀ ਹੋਂਦ ਦੀ ਕਲਪਨਾ ਨੂੰ ਬਲ ਮਿਲਦਾ ਸੀ। ਕਾਫੀ ਸੰਕੇਤ ਮਿਲਦੇ ਸਨ। ਉਹਨਾਂ ਦਾ ਮੰਨਣਾ ਸੀ ਕਿ ਮਨੁੱਖ ਜਾਤੀ ਹਮੇਸ਼ਾ ਤੋਂ ਹੀ ਹੋਂਦ ਵਿੱਚ ਹੈ ਤੇ ਰਹੇਗੀ। ਪੁਰਾਤਨ ਮਨੁੱਖ ਨੂੰ ਸੱਭਿਅਕ ਮਨੁੱਖ ਵਜੋਂ ਵਿਕਸਿਤ ਹੋਣ ਲਈ ਕਈ ਕੁਦਰਤੀ ਵਰਤਾਰਿਆਂ ਦਾ ਜਿਵੇਂ ਕਿ ਹੜ੍ਹਾਂ ਦਾ ਘਟਨਾਚੱਕਰ ਹੈ।

1781 ਵਿੱਚ ਇਮੈਨੂਅਲ ਕਾਂਟ ਨੇ ਇਸ ਪ੍ਰਸ਼ਨ ਦਾ ਡੂੰਘਾਈ ਨਾਲ ਅਧਿਐਨ ਕੀਤਾ ਕਿ ਬ੍ਰਹਿਮੰਡ ਦੀ ਉਤਪਤੀ ਵਿੱਚ 'ਸਮੇਂ' ਦੀ ਕੀ ਭੂਮਿਕਾ ਹੈ ਅਤੇ ਪੁਲਾੜ ਵਿੱਚ ਇਸ ਦੀ ਕੀ ਸੀਮਤਾਈ ਹੈ ? ਉਸ ਨੇ ਇਹਨਾਂ ਪ੍ਰਸ਼ਨਾਂ ਨੂੰ 'ਸ਼ੁੱਧ ਸੱਚ' ਦੀ ਵਿਰੋਧਤਾਈ ਦੱਸਿਆ। ਕਿਉਂਕਿ ਉਸ ਅਨੁਸਾਰ ਦੋਹਾਂ ਧਾਰਨਾਵਾਂ ਭਾਵ ਕਿ ਬ੍ਰਹਿਮੰਡ ਦੀ ਸ਼ੁਰੂਆਤ ਦਾ ਕੋਈ ਨਿਸਚਿਤ ਸਮਾਂ ਹੈ ਅਤੇ ਦੂਜੀ ਕਿ ਬ੍ਰਹਿਮੰਡ ਹਮੇਸ਼ਾ ਤੋਂ ਹੋਂਦ ਵਿੱਚ ਹੈ, ਇਹਨਾਂ ਦੋਹਾਂ ਨੂੰ ਮੰਨਣ ਜਾਂ ਨਕਾਰਨ ਦੇ ਬਰਾਬਰ ਕਾਰਨ ਹਨ। ਪਹਿਲੀ ਗੱਲ ਜੇ ਇਹ ਮੰਨ ਲਈਏ ਕਿ ਬ੍ਰਹਿਮੰਡ ਸਦੀਵੀ ਹੈ ਤਾਂ ਇਹ ਮੰਨਣਾ ਪਵੇਗਾ ਕਿ ਹਰੇਕ ਘਟਨਾ ਦੇ ਪਿੱਛੇ ਅਸੀਮਿਤ ਸਮਾਂ ਵਾਪਰਿਆ ਹੈ ਇਹ ਧਾਰਨਾ ਕਾਂਟ ਦੇ ਸ਼ਬਦਾਂ ਵਿੱਚ ਬਕਵਾਸ ਹੈ। ਦੂਜੀ ਗੱਲ ਜਿਸ ਅਨੁਸਾਰ ਬ੍ਰਹਿਮੰਡ ਦੀ ਸ਼ੁਰੂਆਤ ਇੱਕ ਖਾਸ ਸਮੇਂ ਤੋਂ ਹੋਈ ਤਾਂ ਇਸ 'ਖਾਸ ਸਮੇਂ' ਤੋਂ ਪਹਿਲਾਂ ਸਮੇਂ ਦੀ ਕੀ ਭੂਮਿਕਾ ਸੀ, ਇਹ ਪ੍ਰਸ਼ਨ ਲਾਜਵਾਬ ਹੋ ਜਾਂਦਾ ਹੈ। ਕਿਉਂਕਿ ਬ੍ਰਹਿਮੰਡ ਤੋਂ ਪਹਿਲਾਂ ਸਮੇਂ ਦੀ ਉਤਪਤੀ ਮੰਨੀ ਨਹੀਂ ਜਾ ਸਕਦੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਸਦੀਆਂ ਦੋਹਾਂ ਦਲੀਲਾਂ ਵਿੱਚ ਇੱਕ ਸਮਾਨਤਾ ਸੀ। ਉਸਦੀਆਂ ਦੋਵੇਂ ਮਾਨਤਾਵਾਂ ਸਮੇਂ ਦੀ ਗਤੀਸ਼ੀਲਤਾ ਨਾਲ ਸੰਬੰਧਤ ਸਨ। ਜਿਵੇਂ ਕਿ ਅਸੀਂ ਸਮਝ ਸਕਦੇ ਹਾਂ ਕਿ ਬ੍ਰਹਿਮੰਡ ਦੀ ਉਤਪਤੀ ਤੋਂ ਪਹਿਲਾਂ ਸਮੇਂ ਦੀ ਉਤਪਤੀ ਦੇ ਕੋਈ ਅਰਥ ਨਹੀਂ ਹਨ। ਇਸ ਬਾਰੇ ਸੇਂਟ ਆਗਸਟਾਈਨ ਨੇ ਕਿਹਾ ਸੀ ਕਿ ਸਮਾਂ ਬ੍ਰਹਿਮੰਡ ਦੀ ਇੱਕ ਵਿਸ਼ੇਸਤਾ ਹੈ ਜੋ ਕਿ 'ਰੱਬ' ਦੁਆਰਾ ਨਿਰਮਿਤ ਹੈ। ਇਸ ਲਈ ਬ੍ਰਹਿਮੰਡ ਤੋਂ ਪਹਿਲਾਂ ਸਮਾਂ ਹੋਂਦ ਵਿੱਚ ਨਹੀਂ ਸੀ।

ਜਦੋਂ ਜ਼ਿਆਦਾਤਰ ਲੋਕਾਂ ਦਾ ਇਹ ਵਿਚਾਰ ਸੀ ਕਿ ਬ੍ਰਹਿਮੰਡ ਸਥਾਈ ਜਾਂ ਨਾ ਬਦਲਣਯੋਗ ਵਰਤਾਰਾ ਹੈ ਤਾਂ ਉਸ ਵੇਲੇ ਇਹ ਪ੍ਰਸ਼ਨ ਕਿ ਬ੍ਰਹਿਮੰਡ ਦੀ ਕੋਈ ਨਿਸਚਿਤ ਸ਼ੁਰੂਆਤ ਹੈ ਜਾਂ ਨਹੀਂ, ਕੁੱਝ ਲੋਕਾਂ ਲਈ ਇਹ ਪ੍ਰਸ਼ਨ ਇੱਕ ਸੂਖਮ ਵਿਚਾਰ ਹੋ ਸਕਦਾ ਸੀ ਜਦਕਿ ਬਾਕੀ ਲੋਕਾਂ ਲਈ ਇਹ ਇੱਕ ਧਾਰਮਿਕ ਵਿਚਾਰ ਸੀ। ਕੋਈ ਵੀ ਕਿਸੇ ਵੀ ਸਿਧਾਂਤ ਨੂੰ ਆਪਣੇ ਤਰੀਕੇ

...ਬਾਕੀ ਸਫਾ 33 'ਤੇ

ਨਿਸ਼ੰਕ ਦਾ 'ਸ਼ੰਖਨਾਦ'



ਸੁਰਜੀਤ ਦੌਧਰ

ਜਦੋਂ ਇਟਲੀ ਸੰਸਾਰ ਜੰਗ 'ਚ ਫਸ ਗਿਆ ਤਾਂ ਉਸਨੇ ਆਪਣੀ ਬਸਤੀ ਲੀਬੀਆ ਦੇ ਬਾਗ਼ੀ ਆਗੂ ਉਮਰ ਮੁਖਤਾਰ ਨਾਲ਼ ਉਸ ਦੀਆਂ ਕੁੱਝ ਮੰਗਾਂ ਮੰਨਕੇ ਸਮਝੌਤਾ ਕਰਨ ਬਾਰੇ ਸੋਚਿਆ। ਦੋਵੇਂ ਧਿਰਾਂ ਸਮਝੌਤੇ ਦੀ ਮੇਜ਼ ਤੇ ਬੈਠ ਗਈਆਂ ਤੇ ਗੱਲ ਆਪਣੇ ਆਪਣੇ ਹੱਕਾਂ ਬਾਰੇ ਚੱਲ ਪਈ। ਇਟਲੀ ਹਕੂਮਤ ਨੇ ਉਮਰ ਮੁਖਤਾਰ ਨੂੰ ਆਪਣੀ ਪਾਰਟੀ ਨਾਲ਼ ਗੱਲ ਕਰਕੇ ਮਹਿਕਮੇ ਲੈਣ ਦੀ ਪੇਸ਼ਕਸ਼ ਕਰ ਦਿੱਤੀ। ਜਦੋਂ ਕੁੱਝ ਦਿਨਾਂ ਬਾਅਦ ਦੁਬਾਰਾ ਮੇਜ਼ 'ਤੇ ਬੈਠੇ ਤਾਂ ਉਮਰ ਮੁਖਤਾਰ ਨੇ ਸਿਰਫ ਇੱਕੋ ਮਹਿਕਮੇ ਦੀ ਮੰਗ ਕੀਤੀ ਤੇ ਉਹ ਸੀ 'ਸਿੱਖਿਆ ਦਾ ਮਹਿਕਮਾ'। ਪਰ ਦੋਵੇਂ ਧਿਰਾਂ ਹੀ ਇਸ ਮਹਿਕਮੇ ਦੀ ਅਹਿਮੀਅਤ ਨੂੰ ਸਮਝਦੀਆਂ ਹੋਣ ਕਰਕੇ ਕਾਬਜ਼ ਹਕੂਮਤ ਨੇ ਇਹ ਮਹਿਕਮਾ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਹੋਰ ਕੋਈ ਵੀ ਮਹਿਕਮਾ ਲੈ ਲਵੋ ਪਰ ਇਹ ਨਹੀਂ ਮਿਲੇਗਾ। ਤੇ ਫਾਸ਼ੀਵਾਦੀ ਮੋਦੀ ਸਰਕਾਰ ਵੀ ਸਮਝਦੀ ਹੈ ਕਿ ਇਸ ਮਹਿਕਮੇ 'ਚ ਸਭ ਕੁੱਝ ਬਦਲ ਕੇ ਰੱਖ ਦੇਣ ਦੀ ਤਾਕਤ ਹੈ। ਏਸੇ ਲਈ ਇਸ ਮਹਿਕਮੇ ਲਈ ਸੋਚ-ਸਮਝ ਕੇ ਚੋਣ ਕੀਤੀ ਜਾਂਦੀ ਹੈ। ਹਰ ਸਰਕਾਰ ਦੀ ਅੱਖ ਬੱਚਿਆਂ ਨੂੰ ਪੜ੍ਹਾਏ ਜਾਣ ਵਾਲ਼ੇ ਸਿਲੇਬਸ 'ਤੇ ਰਹਿੰਦੀ ਹੈ। ਇਸ ਦੀ ਮਿਸਾਲ ਅਸੀਂ ਰਾਜਸਥਾਨ 'ਚ ਪੜ੍ਹਾਈ ਜਾਣ ਵਾਲ਼ੀ ਇੱਕ 'ਜੀਵਨੀ' ਦੇ ਸਿਲੇਬਸੀ ਕਰਨ 'ਚੋਂ ਲੈ ਸਕਦੇ ਹਾਂ ਕਿ ਕਿਵੇਂ ਭਾਜਪਾ ਨੇ ਆਪਣੇ ਰਾਜ 'ਚ "ਵੀਰ ਸਾਵਰਕਰ" ਨੂੰ ਦੇਸ਼ ਭਗਤ ਦੇ ਤੌਰ 'ਤੇ ਪੜ੍ਹਾਇਆ। ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਨੂੰ ਬਾਰ੍ਹਵੀਂ ਕਲਾਸ ਦੇ ਸਿਲੇਬਸ 'ਚੋਂ ਕਢਵਾਉਣ ਲਈ ਕਿਵੇਂ ਸ਼ੁਸ਼ਮਾ ਸਵਰਾਜ ਤੇ ਮੁਰਲੀ ਮਨੋਹਰ ਜੋਸ਼ੀ ਨੇ ਰਾਜ ਸਭਾ 'ਚ ਧਮੱਚੜ ਪਾਇਆ ਸੀ, ਅਸੀਂ ਭੁੱਲੇ ਨਹੀਂ।

ਰਮੇਸ਼ ਪੋਖਰੀਅਲ ਨਿਸ਼ੰਕ ਦੀ ਸਿੱਖਿਆ ਦੇ ਮਹਿਕਮੇ (ਐੱਮ.ਐੱਚ.ਆਰ.ਡੀ.) ਦੀ ਚੋਣ ਲਈ ਪ੍ਰੀਖਿਆ ਤਾਂ ਪਿਛਲੀ ਪਾਰਲੀਮੈਂਟ ਦੇ ਇੱਕ ਪਾਰਲੀਮੈਂਟ ਇਜ਼ਲਾਸ 'ਚ ਹੀ ਹੋ ਗਈ ਸੀ ਜਦੋਂ ਇਸ ਵਿਗਿਆਨੀ (?) ਨੇ ਪਾਰਲੀਮੈਂਟ 'ਚ ਇੱਕ ਬਿਆਨ ਦਿੱਤਾ ਸੀ ਕਿ ਜੋਤਿਸ਼ ਵਿਗਿਆਨਾਂ ਦਾ ਵੀ ਮਹਾਂ ਵਿਗਿਆਨ ਹੈ। ਇਸ ਨੂੰ ਮਾਨਤਾ ਨਾ ਦੇਣਾ ਹੀ ਸਾਡੇ ਲਈ ਘਾਤਕ ਹੈ ਕਿਉਂਕਿ ਇਹ ਹੀ ਇੱਕ ਅਜਿਹਾ ਵਿਗਿਆਨ ਹੈ ਜਿਹੜਾ ਸੁਨਾਮੀ, ਭੂਚਾਲ ਤੇ ਹੋਰ ਮਨੁੱਖੀ ਆਫਤਾਂ ਦੀ ਸਟੀਕ ਭਵਿੱਖਬਾਣੀ ਕਰ ਸਕਦਾ ਹੈ। ਪਰ ਯਾਦ ਰਹੇ ਇਸ 'ਮਹਾਨ' ਵਿਗਿਆਨੀ ਦੇ ਇਸ ਬਿਆਨ ਤੋਂ ਇਸ ਦੇ ਹੀ ਆਕਾਵਾਂ ਨੇ ਪੱਲਾ ਝਾੜ ਲਿਆ ਸੀ ਭਾਵੇਂ ਕਿ ਇਸ ਦੇ ਆਕਾ ਵੀ ਸਮੇਂ ਸਮੇਂ 'ਤੇ 'ਗਣੇਸ਼ ਦੀ ਸਰਜਰੀ' 'ਮਨਸੂਈ ਗਰਭਧਾਰਨ' ਅਤੇ ਇੰਟਰਨੈੱਟ ਦੇ ਪਹਿਲਾਂ ਹੀ ਮੌਜੂਦ ਹੋਣ ਦੀਆਂ ਗੱਲਾਂ ਸਟੇਜਾਂ ਤੋਂ ਕਰਦੇ ਰਹੇ ਹਨ।ਪਰ ਭਾਵੇਂ ਉਸ ਸਮੇਂ ਉਹਨਾਂ ਪੱਲਾ ਝਾੜ ਲਿਆ ਪਰ ਇਹ ਸ਼ਖ਼ਸ਼ ਇਸ ਮਹਾਨ ਉਪਲਬਧੀ ਕਰਕੇ ਆਪਣੇ ਆਕਾਵਾਂ ਦੀ ਨਿਗ੍ਹਾ 'ਚ ਸਿੱਖਿਆ ਵਰਗੇ ਮਹਾਨ ਮਹਿਕਮੇ ਦੀ ਚੋਣ ਲਈ ਚੜ੍ਹ ਜ਼ਰੂਰ ਗਿਆ ਸੀ, ਕਿਉਂਕਿ ਫਾਸ਼ੀਵਾਦ ਨੂੰ ਜ਼ਾਇਜ਼ ਠਹਿਰਾਉਣ ਲਈ ਇਸ ਪ੍ਰਬੰਧ ਨੂੰ ਅਜਿਹੇ 'ਸਿੱਖਿਆ ਮਾਹਿਰਾਂ' ਦੀ ਬੜੀ ਹੀ ਲੋੜ ਹੈ। ਇਹ ਸਿੱਖਿਆ ਮਾਹਿਰ 40 ਕੁ ਕਿਤਾਬਾਂ ਦਾ ਲੇਖਕ ਵੀ ਹੈ ਤੇ ਇਸ ਦੀ ਇਹ 'ਮਹਾਨ ਖੋਜ਼' ਹੁਣ ਭਾਰਤ ਦੀਆਂ ਸਰਕਾਰੀ ਲਾਇਬ੍ਰੇਰੀਆਂ ਦੀ ਸ਼ਾਨ ਵੀ ਬਣੇਗੀ। ਯਾਦ ਰਹੇ ਕਿ ਜੋਤਿਸ਼ ਦੀਆਂ 'ਚੇਅਰਾਂ' ਸਥਾਪਿਤ ਕਰਵਾਉਣ ਵਾਲ਼ੇ ਮੁਰਲੀ ਮਨੋਹਰ ਜੋਸ਼ੀ ਨੂੰ ਕਿਸੇ ਜੋਤਸ਼ੀ ਨੇ ਨਹੀਂ ਦੱਸਿਆ ਕਿ ਤੁਸੀਂ 'ਮਾਰਗ ਦਰਸ਼ਕ' ਦੀਆਂ ਕੁਰਸੀਆਂ 'ਤੇ ਬੈਠਣ ਵਾਲ਼ੇ ਹੋ। ਤੇ ਨਾ ਹੀ ਸ਼ੁਸ਼ਮਾ ਜੀ ਨੂੰ ਦੱਸਿਆ ਕਿ ਆਪ ਜੀ ਦੀ ਪਾਰੀ ਸਮਾਪਤ ਹੋਣ ਵਾਲ਼ੀ ਹੈ। ਇਹਨਾਂ ਦੋਵਾਂ ਦੀ ਇਸ ਦੁਰ-ਦਸ਼ਾ ਨੂੰ ਜੋਤਿਸ਼ ਵਿਗਿਆਨ ਦੀ ਮਹਾਨ 'ਉਪਾਅ' ਵਿਧੀ ਨਾਲ਼ ਬਚਾਇਆ ਜਾ ਸਕਦਾ ਸੀ।

ਇਸ 'ਮਹਾਨ' ਮਨਿਸਟਰ ਨੂੰ ਇੱਕ ਵਾਰ ਸੂਬੇ ਦਾ ਮੁੱਖ ਮੰਤਰੀ (2009-2011) ਵੀ ਬਣਾਇਆ ਗਿਆ ਸੀ ਪਰ ਇਸ ਦੇ ਆਕਾਵਾਂ ਦੇ ਇਹ ਫਿੱਟ ਨੀ ਸੀ ਆਇਆ ਕਿਉਂਕਿ "ਅੱਗੇ ਚੋਣ ਪ੍ਰੀਖਿਆ" ਸੀ ਤੇ ਇਹ ਮਹਾਨ ਜੋਤਿਸ਼ ਅਚਾਰੀਆ ਇਸ ਪ੍ਰੀਖਿਆ ਚੋਂ ਪਾਸ ਨਹੀਂ ਸੀ ਹੁੰਦਾ ਦਿਸਦਾ। ਜਦੋਂ ਕਿ ਇਸ ਵਿੱਚ ਵੀ ਜੋਤਿਸ਼ ਅਨੁਸਾਰ 'ਉਪਾਅ' ਦੀ ਗੁੰਜਾਇਸ਼ ਹੈ ਸੀ।ਪਰ ਅਖੌਤੀ ਉਪਾਵਾਂ ਦੇ ਬਾਵਜੂਦ ਵੀ ਨਿਸ਼ੰਕ ਦਾ ਸ਼ੰਖਨਾਦ ਕਿਸੇ ਨਾ ਸੁਣਿਆਂ ਤੇ ਕੋਈ ਵੀ ਜੋਤਿਸ਼ ਵਿਗਿਆਨ ਦਾ ਜਾਣਕਾਰ ਇਸ ਮਹਾਨ "ਨੇਤਾ" ਦੀ ਕੁੰਡਲੀ 'ਚ ਆਈ ਖ਼ਰਾਬੀ ਦਾ ਦੋਸ਼ 'ਦੋਸ਼-ਮੁਕਤ' ਕਰਨ ਮੈਦਾਨ ਵਿੱਚ ਨਾ ਆਇਆ। ਇਸ ਮਹਾਨ ਜੋਤਿਸ਼ ਅਚਾਰੀਆ ਨੇ ਆਪਣੀ ਜਨਮ ਤਾਰੀਖ ਵਿੱਚ ਮਹੀਨੇ ਕੁ ਦੇ ਅੰਤਰਾਲ ਦੀ

ਤਬਦੀਲੀ ਕਿਉਂ ਤੇ ਕਿਸ ਤੋਂ ਪੁੱਛ ਕੇ ਕੀਤੀ ਇਹ ਤਾਂ ਇਹੀ 'ਮਹਾਨ ਆਤਮਾ' ਦੱਸ ਸਕਦੀ ਹੈ। ਤੇ ਜੇਕਰ ਇਹਨਾਂ ਦਾ ਤਰਕ ਜਨਮ ਮਿਤੀ ਬਦਲਣ ਬਾਰੇ ਆਪਣੀ ਕਾਮਯਾਬੀ ਦੇ ਰਾਜ਼ ਦਾ ਹੈ ਤਾਂ ਇਹਨਾਂ ਨੂੰ ਹੁਣ ਕੋਈ 'ਮੰਤਰਾਲਾ' ਹੀ ਖੋਲ੍ਹਣਾ ਚਾਹੀਦਾ ਹੈ ਜਿਸ ਨਾਲ ਭਾਰਤ 'ਚ ਜੰਮੇ ਹਰ ਬੱਚੇ ਦੀ 'ਜਾਂਚ ਕੁੰਡਲੀ' ਇਸ ਵਿਭਾਗ ਦੇ ਹਵਾਲੇ ਕਰਕੇ ਹਰ ਕਿਸੇ ਨੂੰ 'ਨਿਸ਼ੰਕ' ਵਾਂਗ ਸਫਲਤਾ ਦੀਆਂ ਪੌੜੀਆਂ ਚੜ੍ਹਾਈਆਂ ਜਾ ਸਕਣ।

ਹੁਣ ਗੱਲ ਕਰੀਏ ਜੋਤਿਸ਼ ਵਿਗਿਆਨ (?) ਦੀ। ਜੋਤਿਸ਼ ਜਦੋਂ ਦਾ ਹੋਂਦ ਵਿੱਚ ਆਇਆ ਹੈ ਓਦੋਂ ਤੋਂ ਹੀ ਇਸਦਾ ਵਿਰੋਧ ਹੋ ਰਿਹਾ ਹੈ। ਪੁਰਾਣਾ ਵਿਰੋਧ ਦਾ ਤਰੀਕਾ ਭਾਵੇਂ ਇੱਕ ਰਸਮੀ ਬਿਆਨਾਂ ਤੱਕ ਸੀਮਤ ਸੀ। ਪਰ ਅਠਾਰਵੀਂ ਸਦੀ ਤੋਂ ਤਾਂ ਇਸ ਨੂੰ ਚੈਲਿੰਜ਼ ਵੀ ਹੋ ਰਹੇ ਹਨ। ਜੋਤਿਸ਼ ਦੀ ਅੰਦਰੂਨੀ ਜਾਣਕਾਰੀ ਰੱਖਣ ਵਾਲਿਆਂ ਨੇ ਆ ਮੈਦਾਨ ਮੱਲਿਆ ਪਰ ਕੋਈ ਵੀ ਜੋਤਿਸ਼ੀ ਅਜੇ ਤੱਕ ਆਪਣੇ ਇਸ "ਮਹਾਨ ਫਲਸਫੇ" ਦੀ ਸ਼ਰੇ ਬਜ਼ਾਰ ਹੁੰਦੀ ਬੇਇੱਜ਼ਤੀ ਨੂੰ ਰੋਕਣ ਲਈ ਮੁਕਾਬਲੇ 'ਚ ਹੀ ਨਹੀਂ ਆਇਆ। ਹੁਣ ਤਾਂ ਮੰਤਰੀ ਸਾਹਿਬ ਨੂੰ ਮਹਿਕਮਾ ਹੀ ਅਜਿਹਾ ਮਿਲ਼ ਗਿਆ ਜਿਸ 'ਚ ਇਹ ਆਪਣੇ ਬਲਬੂਤੇ ਕਈ ਮਹਿਕਮਿਆਂ ਨੂੰ ਬੰਦ ਕਰਵਾ ਕੇ ਸਾਰਾ ਕੰਮ ਜੋਤਸ਼ੀਆਂ ਦੀ ਟੀਮ ਤੋਂ ਹੀ ਕਰਵਾ ਸਕਦੇ ਹਨ। ਕਿਉਂਕਿ ਹਰ ਮਨੁੱਖੀ ਆਫਤ, ਨੌਕਰੀਆਂ ਦਾ ਨਾ ਮਿਲਣਾ, ਘਾਟੇ ਤੇ ਜਾ ਰਹੇ ਅਦਾਰਿਆਂ ਦਾ 'ਸ਼ੁੱਧੀਕਰਨ' ਕਰਵਾ ਕੇ ਸਾਰੀਆਂ ਬਿਮਾਰੀਆਂ ਦਾ ਹੱਲ ਕਰ ਸਕਦੇ ਹਨ।

ਦੇਖਣ ਵਾਲ਼ੀ ਗੱਲ ਤਾਂ ਇਹੋ ਹੈ ਕਿ ਜੋਤਿਸ਼ ਨੂੰ ਚੈਲਿੰਜ਼ ਕਰਨ ਵਾਲਿਆਂ ਦਾ ਜਵਾਬ ਦੇਣ ਲਈ ਇਹ ਜੋਤਸ਼ੀਆਂ ਦੀ ਟੀਮ ਦੀ ਨਿਯੁਕਤੀ ਕਦੋਂ ਕਰਦੇ ਆ?

94174-36156


ਤਵਾਰੀਖ ਦਾ ਹਿੱਸਾ ਬਣੇ ਦਿਨ

17 ਅਗਸਤ	:	ਸ਼ਹੀਦ ਮਦਨ ਲਾਲ ਢੀਂਗਰਾ ਨੂੰ ਲੰਡਨ ਵਿੱਚ ਫਾਂਸੀ (1909)
18 ਅਗਸਤ	:	ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਹਵਾਈ ਹਾਦਸੇ ਵਿੱਚ ਸੰਭਾਵੀ ਮੌਤ (1945)
23 ਅਗਸਤ	:	ਪਥਰਾਟ ਵਿਗਿਆਨੀ ਜਾਰਜ ਕੂਵੀਅਰ ਦਾ ਜਨਮ (1769)
29 ਅਗਸਤ	:	ਕੌਮੀ ਖੇਡ ਦਿਵਸ

ਸਫਾ 31 ਦਾ ਬਾਕੀ...

ਨਾਲ ਮੰਨਦਾ ਸੀ। ਪਰ 1929 ਵਿੱਚ ਐਡਵਿਨ ਹਬਲ ਨੇ ਇਸ ਖੇਤਰ ਵਿੱਚ ਇੱਕ ਵਰਨਣਯੋਗ ਧਾਰਨਾ ਪੇਸ਼ ਕੀਤੀ ਕਿ ਸਾਡੇ ਤੋਂ ਬਹੁਤ ਦੂਰ ਗੈਲੇਕਸੀਆਂ ਸਾਡੇ ਤੋਂ ਬਹੁਤ ਤੇਜ਼ ਗਤੀ ਨਾਲ ਦੂਰ ਹੋ ਰਹੀਆਂ ਹਨ, ਦੂਸਰੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਬ੍ਰਹਿਮੰਡ ਲਗਾਤਾਰ ਫੈਲ ਰਿਹਾ ਹੈ। ਇਸ ਦਾ ਅਰਥ ਇਹ ਨਿਕਲਦਾ ਹੈ ਕਿ ਸਾਰੇ ਹੀ ਪਦਾਰਥ ਕਿਸੇ ਸਮੇਂ ਬਹੁਤ ਨੇੜੇ ਸਨ। ਅਸਲ ਵਿੱਚ ਇਹ ਜਾਪਦਾ ਹੈ ਕਿ 10-20 ਮਿਲੀਅਨ ਸਾਲ ਪਹਿਲਾਂ ਜਦੋਂ ਬ੍ਰਹਿਮੰਡ ਇੱਕ ਬਿੰਦੂ 'ਤੇ ਕੇਂਦਰਿਤ ਸੀ, ਉਸ ਸਮੇਂ ਬ੍ਰਹਿਮੰਡ ਦੀ ਘਣਤਾ ਅਸੀਮ ਸੀ। ਇਸ ਖੋਜ ਨੇ ਇਸ ਗੁੰਝਲਦਾਰ ਸਮੱਸਿਆ ਨੂੰ ਵਿਗਿਆਨ ਦੇ ਖੇਤਰ ਵਿੱਚ ਲਿਆ ਖੜ੍ਹਾ ਕੀਤਾ ਸੀ।

ਹਬਲ ਨੇ ਇਹ ਵੀ ਸੁਝਾਇਆ ਕਿ ਸਮੇਂ ਦੀ ਸ਼ੁਰੂਆਤ ਬਿਗ ਬੈਂਗ ਨਾਂ ਦੇ ਧਮਾਕੇ ਤੋਂ ਬਾਅਦ ਹੀ ਹੋਈ। ਉਸ ਤੋਂ ਪਹਿਲਾਂ ਬ੍ਰਹਿਮੰਡ ਅਸੀਮ ਰੂਪ ਵਿੱਚ ਛੋਟਾ ਸੀ ਅਤੇ ਸੰਘਣਾ ਸੀ। ਅਜਿਹੀ ਸਥਿਤੀ ਵਿੱਚ ਵਿਗਿਆਨ ਦੇ ਸਾਰੇ ਨਿਯਮ ਫੇਲ੍ਹ ਹੋ ਜਾਂਦੇ ਹਨ ਤੇ ਕੋਈ ਵੀ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ। ਜੇ ਉਸ ਤੋਂ ਵੀ ਪਹਿਲਾਂ ਸਮੇਂ ਦੀ ਕਲਪਨਾ ਕਰੀਏ ਤਾਂ ਇਹ ਮੰਨਣਾ ਪਵੇਗਾ ਕਿ ਇਹ ਅਜੋਕੇ ਕਿਸੇ ਵੀ ਵਰਤਾਰੇ 'ਤੇ ਕੋਈ ਪ੍ਰਭਾਵ ਪਾਉਣ ਤੋਂ ਅਸਮਰੱਥ ਸੀ। ਇਸ ਲਈ ਬਿਗ ਬੈਂਗ ਧਮਾਕੇ ਤੋਂ ਪਹਿਲਾਂ ਦੀ ਕਿਸੇ ਵੀ ਘਟਨਾ ਬਾਰੇ ਸਪੱਸ਼ਟਤਾ ਨਾਲ ਨਹੀਂ ਕਿਹਾ ਜਾ ਸਕਦਾ। ਇਸ ਲਈ ਬਿਗ ਬੈਂਗ ਤੋਂ ਪਹਿਲਾਂ ਦੀਆਂ ਘਟਨਾਵਾਂ ਅਤੇ ਇਸ ਤੋਂ ਬਾਅਦ ਦੀਆਂ ਘਟਨਾਵਾਂ ਨੂੰ ਬਿਲਕੁਲ ਹੀ ਵੱਖਰੇ ਤਰੀਕੇ ਨਾਲ ਦੇਖਣਾ ਚਾਹੀਦਾ ਹੈ। ਨਾ-ਬਦਲਣਯੋਗ ਬ੍ਰਹਿਮੰਡ ਮੰਨਣ ਦੀ ਸੂਰਤ ਵਿੱਚ ਇਹ ਮੰਨਣਾ ਪਵੇਗਾ ਕਿ ਸਮੇਂ ਦੀ ਸ਼ੁਰੂਆਤ ਕਿਸੇ ਬਾਹਰੀ ਸ਼ਕਤੀ ਦੁਆਰਾ ਠੋਸੀ ਗਈ ਹੈ। ਪਰ ਜੇ ਇਹ ਮੰਨੀਏ ਕਿ ਬ੍ਰਹਿਮੰਡ ਲਗਾਤਾਰ ਫੈਲ ਰਿਹਾ ਹੈ ਤਾਂ ਹਰ ਇੱਕ ਘਟਨਾ ਨੂੰ ਵਿਗਿਆਨਕ ਤਰੀਕੇ ਨਾਲ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਪਰ ਕਿਸੇ ਵੱਲੋਂ ਅਜੇ ਵੀ ਇਹ ਮੰਨਿਆ ਜਾ ਸਕਦਾ ਹੈ ਕਿ ਬਿਗ ਬੈਂਗ ਵੀ 'ਪਰਮਾਤਮਾ' ਨੇ ਹੀ ਕਰਵਾਇਆ ਸੀ ਭਾਵ 'ਪਰਮਾਤਮਾ' ਬਿਗ ਬੈਂਗ ਹੋਣ ਤੋਂ ਪਹਿਲਾਂ ਹੀ ਮੌਜੂਦ ਸੀ ਪਰ ਬਿਗ ਬੈਂਗ ਤੋਂ ਪਹਿਲਾਂ ਤਾਂ ਕਿਸੇ ਚੀਜ਼ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।




(ਸ੍ਰੋਤ : ਪੁਸਤਕ 'A Brief History of Time) (ਚਲਦਾ)

ਪੰਜਾਬੀ ਅਨੁਵਾਦ : ਪਰਵਿੰਦਰ ਉੱਭਾਵਾਲ

98148-29005

ਵਿਦਿਆਰਥੀਆਂ ਲਈ

ਆਓ ਵਿਗਿਆਨਕ ਕਾਰਣ ਜਾਣੀਏ



ਰਣਧੀਰ ਗਿੱਲਪੱਤੀ

ਬੱਚਿਓ, ਅਸੀਂ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਆਪਣੇ ਆਲੇ-ਦੁਆਲੇ ਅਨੇਕਾਂ ਛੋਟੀਆਂ-ਵੱਡੀਆਂ ਕ੍ਰਿਆਵਾਂ ਤੇ ਵਰਤਾਰੇ ਵਾਪਰਦੇ ਦੇਖਦੇ ਹਾਂ। ਇਹਨਾਂ ਕ੍ਰਿਆਵਾਂ ਤੇ ਵਰਤਾਰਿਆਂ ਦੇ ਪਿੱਛੇ ਕੰਮ ਕਰਦੇ ਕਾਰਨਾਂ ਜਾਂ ਨਿਯਮਾਂ ਤੋਂ ਅਸੀਂ ਅਕਸਰ ਹੀ ਅਣਜਾਣ ਤੇ ਅਵੇਸਲੇ ਹੁੰਦੇ ਹਾਂ। ਕਈ ਵਾਰ ਅਸੀਂ ਸੁਣੀਆਂ-ਸੁਣਾਈਆਂ ਧਾਰਨਾਵਾਂ 'ਤੇ ਬਿਨ੍ਹਾਂ ਪਰਖੇ ਯਕੀਨ ਕਰ ਲੈਂਦੇ ਹਾਂ ਤੇ ਇਹਨਾਂ ਕ੍ਰਿਆਵਾਂ/ਵਰਤਾਰਿਆਂ ਦੇ ਵਾਪਰਨ ਬਾਰੇ ਗਲਤ ਸਮਝ ਬਣਾ ਬੈਠਦੇ ਹਾਂ। ਆਓ ਅਜਿਹੇ ਵਰਤਾਰਿਆਂ ਪਿੱਛੇ ਕੰਮ ਕਰਦੇ ਵਿਗਿਆਨਕ ਨਿਯਮਾਂ ਨੂੰ ਸਮਝਣ ਅਤੇ ਆਪਣੀ ਜਾਣਕਾਰੀ ਨੂੰ ਦਰੁਸਤ ਕਰਨ ਦਾ ਯਤਨ ਕਰੀਏ।

ਖੁੱਲ੍ਹੀ ਹਵਾ ਨਾਲੋਂ ਕੰਬਲ ਵਿੱਚ ਲਪੇਟੀ ਬਰਫ਼ ਘੱਟ ਪਿਘਲਦੀ ਹੈ, ਕਿਉਂ?

ਅਸੀਂ ਜਾਣਦੇ ਹਾਂ ਕਿ ਕੰਬਲ ਤਾਪ ਦਾ ਕੁਚਾਲਕ ਹੈ। ਇਹ ਬਾਹਰਲੀ ਗਰਮੀ ਨੂੰ ਅੰਦਰ ਜਾਣ ਤੋਂ ਅਤੇ ਅੰਦਰਲੀ ਗਰਮੀ ਨੂੰ ਬਾਹਰ ਆਉਣ ਤੋਂ ਰੋਕਦਾ ਹੈ। ਇਸ ਲਈ ਕੰਬਲ ਵਿੱਚ ਲਪੇਟੀ ਬਰਫ਼ ਬਾਹਰਲੇ ਤਾਪ ਦੇ ਸੰਚਾਰ-ਸੰਪਰਕ ਤੋਂ ਕੱਟੀ ਜਾਂਦੀ ਹੈ। ਇਸ ਨਾਲ ਬਰਫ਼ ਨੂੰ ਗੁਪਤ ਤਾਪ ਵਜੋਂ ਜਜ਼ਬ ਕਰਨ ਲਈ ਲੋੜੀਂਦੀ ਗਰਮੀ ਨਹੀਂ ਮਿਲਦੀ, ਜੋ ਬਰਫ਼ ਦੇ ਪਿਘਲਣ ਲਈ ਜ਼ਰੂਰੀ ਹੁੰਦੀ ਹੈ। ਇਸ ਦੇ ਮੁਕਾਬਲੇ ਖੁੱਲ੍ਹੀ ਹਵਾ ਵਿੱਚ ਪਈ ਬਰਫ਼ ਵਾਤਾਵਰਣ ਵਿੱਚੋਂ ਸੌਖਿਆਂ ਹੀ ਗਰਮੀ ਹਾਸਲ ਕਰ ਲੈਂਦੀ ਹੈ ਤੇ ਮੁਕਾਬਲਤਨ ਜਲਦੀ ਪਿਘਲਦੀ ਹੈ।

ਜੰਗਾਲ ਲੱਗਣ ਨਾਲ ਲੋਹੇ ਦੇ ਟੁਕੜੇ ਦਾ ਭਾਰ ਵਧ ਜਾਂਦਾ ਹੈ, ਕਿਉਂ?

ਜਦ ਸਿੱਲ੍ਹ ਵਾਲੀ ਹਾਲਤ ਵਿੱਚ ਆਕਸੀਜਨ ਲੋਹੇ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਇੱਕ ਰਸਾਇਣਕ ਕ੍ਰਿਆ ਹੋਂਦ ਵਿੱਚ ਆਉਂਦੀ ਹੈ। ਆਕਸੀਜਨ ਤੇ ਲੋਹਾ ਰਸਾਇਣਕ ਅਮਲ ਰਾਹੀਂ ਆਇਰਨ ਆਕਸਾਈਡ ਪੈਦਾ ਕਰਦੇ ਹਨ ਜੋ ਲੋਹੇ ਦੇ ਟੁਕੜੇ ਉੱਪਰ ਪੀਲੀ ਪਰਤ ਜਾਂ ਭੂਰੇ ਰੰਗ ਦੀ ਪੇਪੜੀ ਦੀ ਸ਼ਕਲ ਵਿੱਚ ਦਿਖਾਈ ਦੇਣ ਵਾਲਾ ਪਦਾਰਥ ਹੁੰਦਾ ਹੈ। ਸਪੱਸ਼ਟ ਹੈ ਕਿ ਆਇਰਨ ਆਕਸਾਈਡ, ਜਿਸ ਨੂੰ ਅਸੀਂ ਜੰਗਾਲ ਕਹਿੰਦੇ ਹਾਂ, ਲੋਹੇ 'ਤੇ ਆਕਸੀਜਨ ਦਾ ਹੀ ਇੱਕ ਯੋਗਿਕ ਹੈ। ਇਸ ਲਈ ਇਸ ਕ੍ਰਿਆ ਵਿੱਚ ਜਿੰਨੀ ਮਾਤਰਾ ਵਿੱਚ ਆਕਸੀਜਨ ਖਰਚੀ ਗਈ ਹੁੰਦੀ ਹੈ, ਲੋਹੇ ਦੇ ਟੁਕੜੇ ਦਾ ਭਾਰ ਉਨਾ ਹੀ ਵਧ ਜਾਂਦਾ ਹੈ।

ਮੱਛਰਾਂ ਤੋਂ ਬਚਾਅ ਲਈ ਗੰਦੇ ਪਾਣੀ ਉੱਪਰ ਮਿੱਟੀ ਦਾ ਤੇਲ ਛਿੜਕਣਾ ਫਾਇਦੇਮੰਦ ਹੈ, ਕਿਉਂ?

ਮਾਦਾ ਮੱਛਰ ਗੰਦੇ ਪਾਣੀ ਉੱਪਰ ਅੰਡੇ ਦਿੰਦੀ ਹੈ ਜੋ ਇੱਕ ਝਿੱਲੀ ਦੀ ਸ਼ਕਲ ਵਿੱਚ ਤੈਰਦੇ ਰਹਿੰਦੇ ਹਨ। ਜਦੋਂ ਅੰਡੇ ਕੁੱਝ ਦਿਨ ਬਾਅਦ ਲਾਰਵਾ ਵਾਲੀ ਸ਼ਕਲ ਵਿੱਚ ਆ ਜਾਂਦੇ ਹਨ ਤਾਂ ਇਹ ਹਵਾ ਵਿੱਚੋਂ ਸਾਹ ਲੈਣ ਦੇ ਯੋਗ ਹੋ ਜਾਂਦੇ ਹਨ। ਮਿੱਟੀ ਦੇ ਤੇਲ ਦੀ ਘਣਤਾ ਪਾਣੀ ਦੀ ਘਣਤਾ ਨਾਲੋਂ ਘੱਟ ਹੁੰਦੀ ਹੈ, ਜਿਸ ਕਰਕੇ ਗੰਦੇ ਪਾਣੀ ਵਿੱਚ ਮਿੱਟੀ ਦਾ ਤੇਲ ਮਹੀਨ ਤਹਿ ਦੇ ਰੂਪ ਵਿੱਚ ਪਾਣੀ ਦੇ ਉੱਪਰ ਤੈਰਨ ਲਗਦਾ ਹੈ। ਇਸ ਨਾਲ ਮੱਛਰ ਦਾ ਲਾਰਵਾ ਖੁੱਲ੍ਹੀ ਹਵਾ ਵਿੱਚ ਸਾਹ ਨਹੀਂ ਲੈ ਸਕਦਾ ਤੇ ਮਰ ਜਾਂਦਾ ਹੈ।

ਰੰਗਦਾਰ ਰੋਸ਼ਨੀ ਵਿੱਚ ਕੱਪੜੇ ਨਹੀਂ ਖਰੀਦਣੇ ਚਾਹੀਦੇ, ਕਿਉਂ?

ਦਿਨ ਦੀ ਚਿੱਟੀ ਰੋਸ਼ਨੀ ਵਿੱਚ ਸੱਤ ਰੰਗ ਹੁੰਦੇ ਹਨ। ਕੋਈ ਚੀਜ਼ ਸਾਨੂੰ ਇਸ ਲਈ ਕਾਲੀ ਦਿਸਦੀ ਹੈ ਕਿਉਂਕਿ ਉਸਨੇ ਰੋਸ਼ਨੀ ਦੇ ਸਾਰੇ ਸੱਤ ਰੰਗ ਜਜ਼ਬ ਕਰ ਲਏ ਹੁੰਦੇ ਹਨ। ਇਸੇ ਤਰ੍ਹਾਂ ਸਾਰੇ ਰੰਗ ਵਾਪਸ ਪਰਤਾਉਣ ਕਰਕੇ ਕੋਈ ਵਸਤੂ ਸਾਨੂੰ ਸਫੈਦ ਦਿਖਾਈ ਦਿੰਦੀ ਹੈ। ਲਾਲ ਰੰਗ 'ਚ ਦਿਖਾਈ ਦੇਣ ਵਾਲੀ ਚੀਜ਼ ਨੇ ਸਿਰਫ਼ ਲਾਲ ਰੰਗ ਨੂੰ ਪਰਤਾ ਕੇ ਬਾਕੀ ਰੰਗ ਜਜ਼ਬ ਕਰ ਲਏ ਹੁੰਦੇ ਹਨ। ਇਹੀ ਨਿਯਮ ਨੀਲੀਆਂ, ਪੀਲੀਆਂ, ਹਰੀਆਂ ਆਦਿ ਦਿਖਾਈ ਦੇਣ ਵਾਲੀਆਂ ਹੋਰਨਾਂ ਵਸਤਾਂ ਉੱਪਰ ਵੀ ਲਾਗੂ ਹੁੰਦਾ ਹੈ। ਜਿਸ ਰੰਗ ਵਿੱਚ ਕੋਈ ਚੀਜ਼ ਦਿਖਾਈ ਦੇ ਰਹੀ ਹੈ, ਉਸਨੇ ਰੋਸ਼ਨੀ ਵਿੱਚੋਂ ਉਸੇ ਰੰਗ ਨੂੰ ਵਾਪਸ ਪਰਤਾ ਕੇ ਬਾਕੀ ਰੰਗ ਜਜ਼ਬ ਕਰ ਲਏ ਹੁੰਦੇ ਹਨ।

ਪ੍ਰੰਤੂ ਰੰਗਦਾਰ ਰੋਸ਼ਨੀ ਵਿੱਚ ਕੱਪੜਿਆਂ ਦੇ ਰੰਗਾਂ ਦੀ ਪਛਾਣ ਵਿੱਚ ਗੜਬੜ ਹੋ ਜਾਂਦੀ ਹੈ। ਦਿਨ ਦੀ ਚਿੱਟੀ ਰੋਸ਼ਨੀ ਵਿੱਚ ਦਿਖਾਈ ਦੇਣ ਵਾਲੀਆਂ ਵੱਖ-ਵੱਖ ਰੰਗਾਂ ਦੀਆਂ ਚੀਜ਼ਾਂ ਗੂੜ੍ਹੀ ਰੰਗਦਾਰ ਰੋਸ਼ਨੀ ਵਿੱਚ ਆਪਣੇ ਅਸਲੀ ਰੰਗ ਦੀ ਪਛਾਣ ਨਹੀਂ ਕਰਵਾ ਸਕਦੀਆਂ। ਮਿਸਾਲ ਦੇ ਤੌਰ 'ਤੇ ਗੂੜ੍ਹੇ ਨੀਲੇ ਰੰਗ ਦੀ ਰੋਸ਼ਨੀ ਵਿੱਚ ਲਾਲ ਰੰਗ ਨਹੀਂ ਹੁੰਦਾ। ਇਸ ਲਈ ਗੂੜ੍ਹੀ ਨੀਲੀ ਰੋਸ਼ਨੀ ਵਿੱਚ ਲਾਲ ਰੰਗ ਦਾ ਕੱਪੜਾ ਕਾਲਾ ਦਿਖਾਈ ਦਿੰਦਾ ਹੈ ਕਿਉਂਕਿ ਜਿਸ ਲਾਲ ਰੰਗ ਨੂੰ ਪਰਤਾ ਕੇ ਕੱਪੜੇ ਨੇ

ਆਪਣੇ ਅਸਲੀ ਰੰਗ ਦੀ ਪਛਾਣ ਕਰਵਾਉਣੀ ਹੁੰਦੀ ਹੈ, ਉਹ ਰੰਗ ਹੀ ਨੀਲੀ ਰੋਸ਼ਨੀ ਵਿੱਚੋਂ ਗੈਰ-ਹਾਜ਼ਰ ਹੁੰਦਾ ਹੈ। ਇਹੀ ਕੁੱਝ ਲਾਲ ਰੰਗ ਦੀ ਰੋਸ਼ਨੀ ਵਿੱਚ ਹਰੇ ਰੰਗ ਦੇ ਕੱਪੜੇ ਨਾਲ ਵਾਪਰਦਾ ਹੈ। ਇਸ ਲਈ ਰੰਗਦਾਰ ਰੋਸ਼ਨੀ ਵਿੱਚ ਮਨਪਸੰਦ ਰੰਗ ਦੇ ਕੱਪੜੇ ਦੀ ਚੋਣ ਕਰਨ ਵਿੱਚ ਧੋਖਾ ਹੋ ਸਕਦਾ ਹੈ।

ਵਧੇ ਹੋਏ ਨਹੁੰ ਕੱਟਣ ਨਾਲ ਦਰਦ ਨਹੀਂ ਹੁੰਦਾ, ਕਿਉਂ ?

ਸਜੀਵ ਸਰੀਰ ਦੀ ਜੀਵਨ ਧਾਰਾ ਲਹੂ ਹੈ। ਜਿਉਂਦੇ ਸਰੀਰਾਂ ਵਿੱਚ ਲਹੂ ਦੀ ਸਪਲਾਈ ਸਾਰੇ ਸੈੱਲਾਂ ਤੱਕ ਬਰਕਰਾਰ ਰਹਿੰਦੀ ਹੈ। ਸਰੀਰ ਦੇ ਜਿਹੜੇ ਸੈੱਲ ਖ਼ੂਨ ਦੀ ਸਪਲਾਈ ਤੋਂ ਵਾਂਝੇ ਹੋ ਜਾਂਦੇ ਹਨ, ਉਹ ਮੁਰਦਾ ਹੋ ਜਾਂਦੇ ਹਨ। ਸਰੀਰ ਦੇ ਅੰਦਰ ਬਰੀਕ ਕੋਸ਼ਿਕਾਵਾਂ ਦਾ ਜਾਲ ਵਿਛਿਆ ਹੁੰਦਾ ਹੈ ਜਿਨ੍ਹਾਂ ਰਾਹੀਂ ਸੈੱਲਾਂ ਤੱਕ ਖ਼ੂਨ ਦੀ ਸਪਲਾਈ ਹੁੰਦੀ ਰਹਿੰਦੀ ਹੈ। ਹਰ ਉਹ ਸੈੱਲ ਜਿਸ ਨੂੰ ਖ਼ੂਨ ਦੀ ਸਪਲਾਈ ਪਹੁੰਚਦੀ ਹੈ, ਦੁੱਖ-ਸੁੱਖ, ਗਰਮ-ਠੰਡੇ ਆਦਿ ਪ੍ਰਤੀ ਸੰਵੇਦਨਸ਼ੀਲ ਹੁੰਦਾ ਹੈ। ਹੱਥਾਂ ਤੇ ਪੈਰਾਂ ਦੀਆਂ ਉਂਗਲਾਂ ਦੇ ਵਧੇ ਹੋਏ ਨਹੁੰਆਂ ਦੇ ਸੈੱਲਾਂ ਨਾਲੋਂ ਖ਼ੂਨ ਦਾ ਸੰਪਰਕ ਟੁੱਟ ਜਾਂਦਾ ਹੈ ਤੇ ਇਹ ਭਾਗ ਮੁਰਦਾ ਹੋ ਜਾਂਦਾ ਹੈ। ਇਸ ਲਈ ਇਸ ਹਿੱਸੇ ਨੂੰ ਕੱਟਣ ਸਮੇਂ ਦਰਦ ਨਹੀਂ ਹੁੰਦਾ। ਨਹੁੰ ਕੱਟਣ ਵੇਲੇ ਦਰਦ ਸਿਰਫ਼ ਉਸ ਹਾਲਤ ਵਿੱਚ ਹੁੰਦਾ ਹੈ ਜਦੋਂ ਨੇਲ ਕਟਰ ਜਾਂ ਬਲੇਡ ਨਹੁੰ ਦੇ ਹੇਠਲੇ ਲਾਲ ਭਾਅ ਮਾਰਦੇ ਹਿੱਸੇ ਨੂੰ ਕੱਟ ਦਿੰਦਾ ਹੈ ਕਿਉਂਕਿ ਇਸ ਹਿੱਸੇ ਦੇ ਸੈੱਲਾਂ ਵਿੱਚ ਖ਼ੂਨ ਦਾ ਸੰਚਾਰ ਹੋ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਵਾਲ ਕੱਟਣ ਵੇਲੇ ਦਰਦ ਨਹੀਂ ਹੁੰਦਾ ਸਗੋਂ ਵਾਲ ਪੁੱਟਣ ਸਮੇਂ ਹੀ ਦਰਦ ਮਹਿਸੂਸ ਹੁੰਦਾ ਹੈ ਕਿਉਂਕਿ ਖ਼ੂਨ ਦਾ ਸੰਚਾਰ ਵਾਲਾਂ ਦੀਆਂ ਜੜ੍ਹਾਂ ਤੱਕ ਹੀ ਸੀਮਤ ਹੁੰਦਾ ਹੈ।

ਦੁੱਧ ਤੋਂ ਦਹੀਂ ਕਿਵੇਂ ਬਣਦਾ ਹੈ ?

ਦੁੱਧ ਤੋਂ ਦਹੀਂ ਦਾ ਬਣਨਾ ਇੱਕ ਰਸਾਇਣਕ ਪਰਿਵਰਤਨ ਹੈ ਜੋ ਲੈਕਟੋਬੈਸੀਲਸ ਨਾਂ ਦੇ ਜੀਵਾਣੂੰਆਂ ਦੁਆਰਾ ਪੈਦਾ ਕੀਤੇ ਤੇਜ਼ਾਬੀ ਪਦਾਰਥ ਕਾਰਣ ਹੁੰਦਾ ਹੈ। ਦਹੀਂ ਜਮਾਉਣ ਲਈ ਤਿਆਰ ਕੀਤੇ ਘੱਟ ਗਰਮ ਦੁੱਧ ਵਿੱਚ ਚਮਚਾ ਭਰ ਖੱਟੀ ਲੱਸੀ ਜਾਂ ਦਹੀਂ ਦਾ ਜਾਗ ਲਾਇਆ ਜਾਂਦਾ ਹੈ। ਇਸ 'ਜਾਗ' ਵਿੱਚ ਦਹੀਂ ਜਮਾਉਣ ਲਈ ਕੰਮ ਆਉਣ ਵਾਲੇ ਲੈਕਟੋਬੈਸੀਲਸ ਜੀਵਾਣੂੰ ਹੁੰਦੇ ਹਨ। ਇਹ ਜੀਵਾਣੂੰ ਲੋੜੋਂ ਵੱਧ ਗਰਮ ਜਾਂ ਠੰਡੇ ਦੁੱਧ ਵਿੱਚ ਵਧ-ਫੁੱਲ ਨਹੀਂ ਸਕਦੇ। ਦੁੱਧ ਦਾ 36 ਜਾਂ 37 ਦਰਜੇ ਸੈਲਸੀਅਸ ਤਾਪਮਾਨ ਇਹਨਾਂ ਜੀਵਾਣੂੰਆਂ ਦੇ ਵਧਾਰੇ ਵਾਸਤੇ ਬਹੁਤ ਅਨੁਕੂਲ ਹੁੰਦਾ ਹੈ। ਇਸ ਤਾਪਮਾਨ ਤੇ ਤੇਜ਼ੀ ਨਾਲ ਵਧਦੇ ਲੈਕਟੋਬੈਸੀਲਸ ਜੀਵਾਣੂੰ ਤੇਜ਼ਾਬੀ ਮਾਦਾ ਪੈਦਾ ਕਰਦੇ ਹਨ ਜਿਸ ਕਰਕੇ ਦੁੱਧ ਗਾੜ੍ਹਾ ਹੋ ਕੇ ਜੰਮ ਜਾਂਦਾ ਹੈ। ਜੇਕਰ ਜ਼ਿਆਦਾ ਤੇਜ਼ਾਬ ਪੈਦਾ ਹੋ ਜਾਵੇ ਤਾਂ ਦਹੀਂ ਦਾ ਸੁਆਦ ਜ਼ਿਆਦਾ ਖੱਟਾ ਹੋ ਜਾਂਦਾ ਹੈ। ਇਸ ਵਾਸਤੇ ਜੀਵਾਣੂੰਆਂ ਦਾ ਵਾਧਾ ਰੋਕਣ ਲਈ ਜੰਮੇ ਹੋਏ ਦਹੀਂ ਨੂੰ ਫਰਿੱਜ ਵਿੱਚ ਰੱਖਿਆ ਜਾਂਦਾ ਹੈ। ਫਰਿੱਜ ਵਿੱਚ ਦਹੀਂ ਦਾ ਤਾਪਮਾਨ ਘਟਣ 'ਤੇ ਜੀਵਾਣੂੰਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਘੱਟ ਤੇਜ਼ਾਬ ਬਣਨ ਕਾਰਣ ਦਹੀਂ ਦਾ ਸੁਆਦ ਖੱਟਾ ਨਹੀਂ ਹੁੰਦਾ।

98556-56156

ਕਾਰਪੋਰੇਟ ਗੁਲਾਮੀ - ਟੋਲ ਪਲਾਜ਼ੇ

ਟੋਲ ਪਲਾਜ਼ਿਆਂ ਵਾਲੀਆਂ ਇਹ ਸੜਕਾਂ ਸਾਡੀਆਂ ਸਰਕਾਰਾਂ ਵੀ ਬਣਾ ਸਕਦੀਆਂ ਹਨ। ਜੇਕਰ ਕਿਸੇ ਨੂੰ ਇਹ ਭੁਲੇਖਾ ਹੋਵੇ ਕਿ ਨਿੱਜੀ ਪੂੰਜੀ ਨਿਵੇਸ਼ ਦੀ ਲੋੜ ਕਾਰਨ ਇਹ ਟੋਲ ਪਲਾਜ਼ਿਆਂ ਵਾਲੀਆਂ ਸੜਕਾਂ ਇਹਨਾਂ ਕੰਪਨੀਆਂ ਤੋਂ ਬਣਵਾਈਆਂ ਗਈਆਂ ਹਨ, ਤਾਂ ਇਹ ਵੇਖ ਲੈਣਾ ਚਾਹੀਦਾ ਕਿ ਕਾਰਪੋਰੇਟਾਂ ਨੂੰ ਕਿੰਨੀਆਂ ਵੱਡੀਆਂ ਰਕਮਾਂ ਦੇ ਕਰਜ਼ੇ, ਨਾ ਮੁੜਨ ਯੋਗ ਐਲਾਨ ਕਰਕੇ ਸਿੱਧੇ ਹੀ ਮੁਆਫ ਕਰ ਦਿੱਤੇ ਜਾਂਦੇ ਹਨ। ਸਿਰਫ਼ ਅਪ੍ਰੈਲ 2018 ਤੋਂ ਦਸੰਬਰ 2018 ਤੱਕ 1,56,702 ਕਰੋੜ ਦੇ ਇਹ ਕਰਜੇ ਇਹਨਾਂ ਕਾਰਪੋਰੇਟਾਂ ਨੂੰ ਮੁਆਫ ਕੀਤੇ ਗਏ ਹਨ। ਇਸ ਤੋਂ ਬਿਨ੍ਹਾਂ ਵੀ ਕਾਰਪੋਰੇਟਾਂ ਨੂੰ ਦਿੱਤੇ ਜਾਂਦੇ ਆਰਥਿਕ ਲਾਭਾਂ ਦੇ ਢੇਰ ਲੱਗੇ ਹੋਏ ਹਨ। ਸੜਕਾਂ 'ਤੇ ਲੱਗੇ ਟੋਲ ਪਲਾਜ਼ਾ, ਅਸਲ ਵਿੱਚ ਸਰਕਾਰੀ ਮਨਜ਼ੂਰੀ ਵਾਲੇ ਕਾਰਪੋਰੇਟ ਗੁੰਡਾ ਟੈਕਸ ਹੀ ਹਨ। ਟੋਲ ਪਲਾਜ਼ਿਆਂ ਉੱਪਰ ਟੋਲ ਪਲਾਜ਼ਾ ਵਾਲਿਆਂ ਵੱਲੋਂ ਹੁੰਦੀਆਂ ਮਾਰ-ਕੁੱਟਾਂ ਦੀਆਂ ਘਟਨਾਵਾਂ, ਸਰਕਾਰੀ ਲੁੱਟ ਅਤੇ ਕੁੱਟ ਨਾਲ ਮੇਲ ਖਾਂਦੀਆਂ ਹਨ। ਅਪ੍ਰੈਲ 2019 ਦੇ ਸ਼ੁਰੂ ਵਿੱਚ ਜਲੰਧਰ-ਅੰਮ੍ਰਿਤਸਰ ਹਾਈਵੇ 'ਤੇ ਢਿੱਲਵਾਂ ਟੋਲ ਪਲਾਜ਼ਾ ਉੱਤੇ ਗੁੰਡਾਗਰਦੀ ਦੀ ਘਟਨਾ ਵਾਇਰਲ ਹੋਈ ਜਿਸ ਵਿੱਚ 20 ਮਿੰਟ ਤੋਂ ਵੱਧ ਸਮਾਂ ਬੀਤ ਜਾਣ ਕਾਰਨ ਟੋਲ ਨਾ ਕਟਵਾਉਣ ਦੀ ਗੱਲ ਕਰਨੀ ਹੀ ਵੱਡਾ ਜ਼ੁਰਮ ਹੋ ਗਈ ਸੀ ਜਿਸ 'ਤੇ ਕਾਰ ਦੀ ਤੋੜ-ਭੰਨ ਕਰ ਦਿੱਤੀ ਗਈ ਅਤੇ ਕਾਰ ਸਵਾਰ ਵੀ ਜ਼ਖਮੀ ਹੋਏ। ਇਸੇ ਤਰ੍ਹਾਂ ਟੋਲ-ਪਲਾਜ਼ਾ 'ਤੇ ਤੇਜ਼ਧਾਰ ਹਥਿਆਰ ਨਾਲ ਬਾਂਹ 'ਤੇ ਹਮਲਾ ਕਰਨ ਦੀ ਵੀਡੀਓ ਵੀ ਵਾਇਰਲ ਹੋਈ ਹੈ। ਕੀ, ਸੀਮਤ ਸਮੇਂ ਤੋਂ ਜ਼ਿਆਦਾ ਦੇਰ ਇੰਤਜ਼ਾਰ ਕਰਨ ਤੋਂ ਬਾਅਦ ਟੋਲ ਦੇਣ ਦਾ ਕਾਨੂੰਨ ਹੈ ਜਾਂ ਨਹੀਂ, ਇਸ ਵਿਸ਼ੇ 'ਤੇ ਇੰਨਾ ਜ਼ਿਆਦਾ ਰੌਲਾ ਪੈਣ ਬਾਅਦ ਵੀ ਸਾਡੀਆਂ ਸਰਕਾਰਾਂ ਨੇ ਨਾ ਤਾਂ ਇਹ ਸਪੱਸ਼ਟ ਕੀਤਾ ਕਿ ਇਹ ਕਾਨੂੰਨ ਨਹੀਂ ਅਤੇ ਨਾ ਹੀ ਇਸ ਨੂੰ ਲਾਗੂ ਕਰਵਾਇਆ।

ਟੋਲ ਪਲਾਜ਼ਾ ਸਾਡੇ ਸੰਵਿਧਾਨ ਦੁਆਰਾ ਸਾਨੂੰ ਆਪਣੇ ਦੇਸ਼ ਵਿੱਚ ਘੁੰਮਣ-ਫਿਰਨ ਦੀ ਆਜ਼ਾਦੀ ਦੇ ਦਿੱਤੇ

....ਬਾਕੀ ਸਫਾ 49 'ਤੇ



ਬਾਲ ਪੰਨਾ-2

ਜਲ੍ਹਿਆਂ ਵਾਲਾ ਬਾਗ

ਜਲ੍ਹਿਆਂ ਵਾਲਾ ਬਾਗ ਦੀ ਸ਼ਹਾਦਤ ਸ਼ਤਾਬਦੀ ਤੇ ਮੈਨੂੰ ਅਮੋਲਕ ਸਿੰਘ ਦੀ ਲਿਖੀ ਪੁਸਤਕ ਜਲ੍ਹਿਆਂ ਵਾਲਾ ਬਾਗ ਪੜ੍ਹਨ ਦਾ ਮੌਕਾ ਮਿਲਿਆ। ਅੰਗਰੇਜ਼ੀ ਹਕੂਮਤ ਨੇ 13 ਅਪ੍ਰੈਲ, 1919 ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਦੀ ਚਾਰਦੀਵਾਰੀ ਵਿੱਚ ਜੁੜੀ ਜਨਤਾ ਨੂੰ ਖਿੰਡਾਉਣ ਦੀ ਨੀਯਤ ਨਾਲ ਨਹੀਂ ਸਗੋਂ ਸਬਕ ਸਿਖਾਉਣ ਦੀ ਨੀਯਤ ਨਾਲ ਉਹ ਖੂਨੀ ਕਾਂਡ ਰਚਾਇਆ ਸੀ। ਇਸ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਅਸੀਂ ਇਤਿਹਾਸ ਤੋਂ ਸਬਕ ਸਿੱਖਣ ਜਾਂ ਇਤਿਹਾਸ ਸੰਭਾਲਣ ਦੀ ਗੱਲ ਕਰਦੇ ਹਾਂ ਤਾਂ ਉਸ ਪਿੱਛੇ ਕੁਝ ਖ਼ਾਸ ਕਾਰਣ ਪਏ ਹੁੰਦੇ ਹਨ। ਸਾਨੂੰ ਇਹਨਾਂ ਕਾਰਣਾਂ ਵੱਲ ਧਿਆਨ ਦੇਣ ਦੀ ਲੋੜ ਹੈ। ਇਹ ਪੁਸਤਕ ਪ੍ਰੇਰਨਾ ਦਾ ਸ੍ਰੋਤ ਹੈ,ਜਿਹੜੀ ਸਾਨੂੰ ਅੱਜ ਦੇ ਸਮੇਂ ਵਿੱਚ ਹਾਲਤਾਂ ਨੂੰ ਸਮਝਣ ਵਿੱਚ ਮਦਦਗਾਰ ਸਾਬਤ ਹੁੰਦੀ ਹੈ। ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੀ ਕੁਰਬਾਨੀ ਤੇ ਉਹਨਾਂ ਸਮਿਆਂ ਵਿੱਚ ਲੋਕਾਂ ਦੀ ਸੰਘਰਸ਼ ਭਾਵਨਾ ਨੂੰ ਆਪਣੇ ਮਨਾਂ ਵਿੱਚ ਵਸਾਉਣ ਦੀ ਲੋੜ ਹੈ। ਇਹ ਸਿੱਖਿਆ ਸਾਨੂੰ ਅਜਿਹੀਆਂ ਪੁਸਤਕਾਂ ਵਿੱਚੋਂ ਹੀ ਮਿਲਦੀ ਹੈ। ਆਪਣਾ ਸਮਾਂ ਅਜਾਈਂ ਗਵਾਉਣ ਦੀ ਬਜਾਏ ਪੁਸਤਕਾਂ ਦਾ ਸਾਥ ਮਾਨਣਾ ਚਾਹੀਦਾ ਹੈ। ਸੇਵਾ,ਸਿਮਰਨ ਦੀ ਥਾਂ ਪੁਸਤਕਾਂ ਪੜ੍ਹਨ ਵਿੱਚ ਲਗਾਇਆ ਵਕਤ ਜੀਵਨ ਨੂੰ ਸੇਧ ਦਿੰਦਾ ਹੈ। ਇਨਕਲਾਬੀ ਸੋਚ ਤੇ ਵਿਗਿਆਨਕ ਚੇਤਨਾ ਵਾਲੀਆਂ ਪੁਸਤਕਾਂ ਪੜ੍ਹਨਾ ਸਮੇਂ ਦੀ ਲੋੜ ਹੈ।





ਮੁਸਕਾਨ
ਯੂਨੀਵਰਸਲ ਪਬਲਿਕ ਸਕੂਲ
ਇਬਰਾਹੀਮਪੁਰ
(ਸ਼ਹੀਦ ਭਗਤ ਸਿੰਘ ਨਗਰ)

ਪੁਸਤਕ ਸਾਂਝ

ਜੀਵਨ ਬਾਰੇ ਗੱਲਾਂ
ਕਹਿਣਾ ਲੋਚਦੀਆਂ,
ਤੁਹਾਡੇ ਕੋਲ ਕਿਤਾਬਾਂ
ਰਹਿਣਾ ਲੋਚਦੀਆਂ।
ਵਿੱਚ ਕਿਤਾਬਾਂ ਵੇਖੋ
ਚਿੜੀਆਂ ਚਹਿਕਦੀਆਂ,
ਰੁੱਤ ਬਸੰਤੀ ਫਸਲਾਂ
ਕੀਕਣ ਮਹਿਕਦੀਆਂ।
ਚੰਨ ਤੇ ਪੁੱਜਿਆ
ਜੇ ਅੱਜ ਇਨਸਾਨ ਹੈ,
ਮਿਲਿਆ ਕਿਤਾਬਾਂ ਤੋਂ
ਸਭ ਗਿਆਨ ਹੈ।
ਸਾਂਝ ਕਿਤਾਬਾਂ ਨਾਲ
ਪਾ ਕੇ ਵਧਣਾ ਹੈ,
ਵਾਂਗਰ ਦੀਵੇ ਜੀਵਨ
ਸਾਡਾ ਜਗਣਾ ਹੈ।



ਬਾਲਾਂ ਦੀ ਤਾਂਘ

ਸਾਰੇ ਬਾਲਾਂ ਵਿੱਚ ਅੱਗੇ ਵਧਣ ਦੀ ਪ੍ਰਬਲ ਇੱਛਾ ਹੁੰਦੀ, ਲੋੜ ਉਸਨੂੰ ਪਹਿਚਾਣ ਕੇ ਮੰਜ਼ਿਲ ਵੱਲ ਤੋਰਨ ਦੀ ਹੁੰਦੀ ਹੈ। ਬਚਪਨ ਵਿੱਚ ਮਿਲੀ ਸਿੱਖਿਆ ਬਾਲਾਂ ਦਾ ਚਰਿੱਤਰ ਉਸਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਹਨਾਂ ਵਿੱਚ ਨਵਾਂ ਸਿੱਖਣ ਦੀ ਤਾਂਘ ਹੁੰਦੀ ਹੈ, ਜੇਕਰ ਅਧਿਆਪਕ ਇਸ ਤਾਂਘ ਨੂੰ ਜਿਉਂਦਾ ਰੱਖਣ ਵਿੱਚ ਸਫ਼ਲ ਰਹੇ ਤਾਂ ਨਿਸਚੇ ਹੀ ਬੱਚੇ ਚੰਗੇ ਮਨੁੱਖ ਬਣਨ ਵੱਲ ਤੁਰਦੇ ਹਨ

ਵਾਸੀਲੀ ਸੁਖੋਮਿਲਿੰਸਕੀ

ਭੁੱਲੇ ਵਿਸਰੇ ਸ਼ਬਦਾਂ ਦੀ ਮਾਲਾ

ਨਵਾਂ ਨਕੋਰ	Brand New
ਕਾਵਾਂ ਰੌਲੀ	lamour
ਉੱਲੂ ਬਾਟਾ	Silly
ਆਕੜਨਾ	To Srifen
ਕਿਰਕਿਰਾ	Gritty

ਬਾਲ ਪੰਨਾ-3

ਚੇਤਨਾ ਪ੍ਰੀਖਿਆ ਪੁਸਤਕ

ਚੇਤਨਾ ਪ੍ਰੀਖਿਆ ਪੁਸਤਕ ਅਨਮੋਲ,
ਹੈ ਗਿਆਨ ਸਮੁੰਦਰ ਇਹਦੇ ਕੋਲ਼।


ਭਰਮ ਭੁਲੇਖੇ ਕਰਦੀ ਦੂਰ,
ਤਰਕ ਚੇਤਨਾ ਵੰਡਦੀ ਨੂਰ।
ਮਨ ਮਸਤਕ ਕਰਦੀ ਰੌਸ਼ਨ,
ਕਰਕੇ ਪੂਰੀ ਪਰਖ਼ ਪੜਚੋਲ।
ਗਿਆਨ ਅਨੂਠਾ ਵਿਚਾਰ ਅਮੋਲ
ਚੇਤਨਾ ਪ੍ਰੀਖਿਆ ਪੁਸਤਕ ਅਨਮੋਲ

ਵਹਿਮ ਭਰਮ ਤੇ ਜਾਦੂ ਟੂਣੇ,
ਅੰਧਵਿਸ਼ਵਾਸ ਨੇ ਤਰਕ ਵਿਹੂਣੇ।
ਗਿਆਨ ਦਾ ਚਾਨਣ ਕਰਦੀ ਹੈ,
ਸੋਚਾਂ ਵਿੱਚ ਦਮ ਭਰਦੀ ਹੈ।
ਵੰਡਦੀ ਚਾਨਣ ਰੰਗੇ ਬੋਲ
ਚੇਤਨਾ ਪ੍ਰੀਖਿਆ ਪੁਸਤਕ ਅਨਮੋਲ

ਭੂਤ ਪ੍ਰੇਤ ਨਾ ਕਸਰ ਹੈ ਕਾਈ,
ਪੜ੍ਹ ਕੇ ਇਸਨੂੰ ਅਕਲ ਹੈ ਆਈ।
ਹਰ ਰਹੱਸ ਦੇ ਖੋਲ੍ਹੇ ਇਹ ਭੇਦ,
ਮਨ ਵਿੱਚ ਜਾਗੇ ਆਸ ਉਮੇਦ।
ਭਰਮਾਂ ਦੇ ਸਭ ਦਸਦੀ ਪੋਲ
ਚੇਤਨਾ ਪ੍ਰੀਖਿਆ ਪੁਸਤਕ ਅਨਮੋਲ

ਖੋਜਾਂ ਦੀ ਇਹ ਬਾਤ ਸੁਣਾਵੇ,
ਕਾਰਣ,ਕਾਰਜ ਵੀ ਦਸਦੀ ਜਾਵੇ।
ਸੋਚਣ ਢੰਗ ਹੈ ਕਰਦੀ ਤਬਦੀਲ,
ਹਰ ਪ੍ਰਸ਼ਨ ਦਾ ਉੱਤਰ ਸੰਗ ਦਲੀਲ।
ਸੂਰਜ, ਚੰਦ, ਤਾਰੇ ਸਣੇ ਖਗੋਲ਼,
ਚੇਤਨਾ ਪ੍ਰੀਖਿਆ ਪੁਸਤਕ ਅਨਮੋਲ

ਗਿਆਨ ਨਾਲ ਕਰੇ ਰਾਹ ਰੁਸ਼ਨਾਈ,
ਸੋਚਾਂ ਭਰਨ ਲਗਦੀਆਂ ਅੰਗੜਾਈ।
ਤਰਕ ਵਿਤਰਕ ਕਰ ਦੱਸ ਦੇਵੇ ਹੱਲ,
ਸਿੱਖਣ ਜਾਂਚ ਨੂੰ ਕਰਦੀ ਪ੍ਰਬਲ।
ਸਮਝ ਬਣਾਉਣ ਵਿੱਚ ਇਹਦਾ ਰੋਲ
ਚੇਤਨਾ ਪ੍ਰੀਖਿਆ ਪੁਸਤਕ ਅਨਮੋਲ,
ਹੈ ਗਿਆਨ ਸਮੁੰਦਰ ਇਹਦੇ ਕੋਲ।



ਸਦਕੇ ਵਿਗਿਆਨ

ਬਲਬ ਖੋਜ ਕੇ ਜੱਗ ਰੁਸ਼ਨਾਇਆ,
ਐਡੀਸਨ ਨੇ ਮਾਣ ਦਿਵਾਇਆ।

ਟੈਲੀਸਕੋਪ ਦਾ ਨਾਂ ਪਿਆਰਾ,
ਮੁੱਠੀ ਵਿੱਚ ਬ੍ਰਹਿਮੰਡ ਹੈ ਸਾਰਾ।
ਗੈਲੀਲੀਓ ਨੇ ਉਮਰ ਲਗਾਈ,
ਖੋਜ ਕੇ ਅੰਬਰ ਨਾਲ ਸਾਂਝ ਪੁਆਈ।

ਅਲੈਗਜ਼ੈਂਡਰ ਫਲੈਮਿੰਗ ਕੀ ਆਏ,
ਪੈਨਸਲੀਨ ਨਾਲ ਜ਼ਖਮ ਭਰਾਏ।

ਊਰਜਾ ਦੀ ਪ੍ਰਮਾਣੂ ਇਕਾਈ,
ਹੋਮੀਓ ਭਾਬਾ ਦੇ ਮਨ ਭਾਈ।

ਭਵਿੱਖਬਾਣੀਆਂ



ਮੁਖਵਿੰਦਰ ਚੋਹਲਾ

ਭਵਿੱਖਬਾਣੀ ਚਲਾਕ ਲੋਕਾਂ ਲਈ ਚੋਖੀ ਕਮਾਈ ਵਾਲਾ ਧੰਦਾ ਤੇ ਅੰਧਵਿਸ਼ਵਾਸੀ, ਅਗਿਆਨੀ ਲੋਕਾਂ ਲਈ ਭਰਮਜਾਲ ਹੈ। ਸਾਡੇ ਦੇਸ਼ ਵਿੱਚ ਧਰਮ ਤੇ ਰਾਜ ਸੱਤਾ ਦੀ ਥਾਪਨਾ ਹੋਣ ਕਰਕੇ ਇਹ ਧੰਦਾ ਵਧਦਾ ਫੁਲਦਾ ਰਹਿੰਦਾ ਹੈ। ਸੰਵਿਧਾਨ ਵਿੱਚ ਦਰਜ ਮੈਜਿਕ ਰੈਮੀਡੀਜ਼ ਐਕਟ ਦੇ ਚਲਦਿਆਂ ਇਸ ਗੈਰ ਵਿਗਿਆਨਕ ਧੰਦੇ ਤੇ ਕੋਈ ਰੋਕ ਟੋਕ ਨਹੀਂ ਹੈ, ਸਗੋਂ ਰਾਜ ਸੱਤਾ ਤੇ ਕਾਬਜ਼ ਰਾਜਨੇਤਾ ਗਾਹੇ ਬਗਾਹੇ ਭਵਿੱਖਬਾਣੀਆਂ ਦਾ ਹਿੱਸਾ ਬਣਦੇ ਰਹਿੰਦੇ ਹਨ। ਸਾਲ 2017 ਵਿਚ ਦੋ ਤਿੰਨ ਦਿਨ ਲਗਾਤਾਰ ਹਿੰਦੀ ਖ਼ਬਰਾਂ ਦੇ ਪ੍ਰਸਿੱਧ ਚੈਨਲ 'ਆਜ ਤਕ' ਵਲੋਂ ਵਾਇਰਲ ਟੈਸਟ ਵਿਚ ਵਾਰ ਵਾਰ ਭਵਿੱਖਬਾਣੀ ਕਰਕੇ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਦੁਨੀਆ ਦੇ ਅੰਤ ਦੀ ਆਖਰੀ ਤਾਰੀਖ 31 ਮਈ 2017 ਹੈ, 31ਮਈ ਤੋਂ ਬਾਅਦ ਦੁਨੀਆਂ ਖਤਮ ਹੋ ਜਾਵੇਗੀ। ਖਬਰਾਂ ਦੇ ਨਾਲ ਪੁਰਾਣੇ ਬੰਬ ਧਮਾਕੇ, ਪ੍ਰਮਾਣੂ ਟੈਸਟ, ਤੂਫਾਨ, ਸੁਨਾਮੀ ਲਹਿਰਾਂ, ਭੁਚਾਲ ਨਾਲ ਹੋਈਆਂ ਤਬਾਹੀਆਂ ਦੇ ਭਿਆਨਕ ਸੀਨ ਵਿਖਾਏ ਜਾਏ ਰਹੇ ਸਨ। ਖਬਰ ਦੇ ਅੰਤ ਵਿਚ ਬੇਸ਼ਕ ਇਸ ਨੂੰ ਕੁਝ ਸੁਆਲਾਂ ਦੇ ਘੇਰੇ ਵਿਚ ਰਖ ਕੇ ਰੱਦ ਕੀਤਾ ਗਿਆ। ਸੋਚਣ ਦੀ ਲੋੜ ਹੈ ਕਿ ਚੈਨਲ ਆਪਣੀ ਟੀ ਆਰ ਪੀ ਨੂੰ ਵਧਾਉਣ ਲਈ ਇਹੋ ਜਿਹਾ ਪ੍ਰਚਾਰ ਕਰਦੇ ਹਨ ਜਾਂ ਸ਼ੋਸਲ ਮੀਡੀਏ ਤੇ ਇਹੋ ਜਿਹੀਆਂ ਅਫਵਾਹਾਂ ਫੈਲਾਉਣ ਪਿੱਛੇ ਕੌਣ ਹੈ?

ਪਹਿਲਾਂ ਵੀ ਇਹੋ ਜਿਹਾ ਪ੍ਰਚਾਰ ਹੁੰਦਾ ਰਿਹਾ ਹੈ, ਧਰਤੀ ਤੇ ਸਕਾਈਲੈਬ ਡਿੱਗੇਗਾ, ਦੁਨੀਆ ਖਤਮ ਹੋ ਜਾਵੇਗੀ। ਭਾਰਤ ਵਿਚ ਜੋਤਸ਼ੀਆ, ਭਵਿੱਖਬਾਣੀ ਕਰਨ ਵਾਲਿਆਂ ਤੇ ਚਮਤਕਾਰੀ ਬਾਬਿਆਂ ਪਿੱਛੇ ਲਗਣ ਵਾਲੇ ਲਾਈਲਗਾਂ ਦੀ ਪਹਿਲਾਂ ਹੀ ਕਮੀ ਨਹੀਂ। ਪਹਿਲਾਂ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਹੀ ਭਵਿੱਖਬਾਣੀਆਂ ਪੜਨ ਨੂੰ ਮਿਲਦੀਆਂ ਸਨ ਤੇ ਹੁਣ ਵਿਗਿਆਨ ਦੀਆਂ ਖੋਜਾਂ ਨਾਲ ਬਣਾਏ ਕੰਪਿਊਟਰਾਂ ਦੀ ਮਦਦ ਨਾਲ ਜੋਤਸ਼ੀਆਂ ਵੱਲੋਂ ਹਰ ਰੋਜ਼ ਸਵੇਰੇ ਸਾਰ ਲੋਕਾਂ ਨੂੰ ਗੁੰਮਰਾਹ ਕਰਨ ਤੇ ਅਗਿਆਨਤਾ ਦਾ ਹਨੇਰਾ ਬਰਕਰਾਰ ਰੱਖਣ ਲਈ ਟੀ.ਵੀ. ਚੈਨਲਾਂ ਤੇ ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਹਨ।

ਭਵਿੱਖਬਾਣੀਆਂ ਦਾ ਇਤਿਹਾਸ : 14 ਦਸੰਬਰ 1503 ਨੂੰ ਫਰਾਂਸ ਦੇ ਕਸਬੇ ਸਿਟੇ ਰੇਮੀ ਡੀ ਪਰੋਵੇਨਸ ਵਿਚ ਭਵਿੱਖਬਾਣੀਆਂ ਕਰਨ ਵਾਲਾ ਨਾਸਤਰੇਦਮਸ ਪੈਦਾ ਹੋਇਆ। ਇਸ ਦੀਆਂ ਭਵਿੱਖਬਾਣੀਆਂ ਦੀਆਂ ਦਸ ਸੈਂਚੁਰੀਆਂ ਮਿਲੀਆਂ ਸਨ। ਉਸਨੇ ਆਪਣੇ ਨਾਨੇ ਕੋਲੋਂ ਜੋਤਿਸ਼ ਲਾਉਣਾ ਸਿੱਖਿਆ। ਉਸਨੇ ਡਾਕਟਰੀ ਕਿੱਤੇ ਨੂੰ ਅਪਨਾਇਆ। ਉਸਦੀ ਪਤਨੀ ਤੇ ਬੱਚਿਆਂ ਦੀ ਮੌਤ ਪਲੇਗ ਹੋਣ ਨਾਲ ਹੋ ਗਈ। ਫਿਰ ਉਸਨੇ ਦੂਜਾ ਵਿਆਹ ਕਰਵਾਇਆ। 1550 ਵਿਚ ਡਾਕਟਰੀ ਛੱਡ ਕੇ ਭਵਿੱਖਬਾਣੀਆਂ ਲਿਖਣ ਲੱਗ ਪਿਆ। 1991 ਨੂੰ ਭਾਰਤ ਵਿਚ ਉਸ ਦੀ ਭਵਿੱਖ ਬਾਣੀ ਦੇ ਅਧਾਰਤ ਕਈ ਕਿਤਾਬਾਂ ਛਪੀਆਂ। ਅਖਬਾਰਾਂ ਵਾਲਿਆਂ ਵੀ ਕਿਤਾਬਾਂ ਪੜ ਕੇ ਲੇਖ ਲਿਖਣੇ ਸ਼ੁਰੂ ਕਰ ਦਿਤੇ। ਛੇ ਫਰਵਰੀ 1994 ਦੇ ਅਜੀਤ ਅਖਬਾਰ ਵਿਚ ਨਾਸਤਰੇਦਮਸ ਤੇ ਉਸਦੀਆਂ ਲਗਭਗ 20 ਭਵਿੱਖਬਾਣੀਆਂ ਬਾਰੇ ਲੇਖ ਛਪਿਆ। ਜਿਨ੍ਹਾਂ ਵਿਚ ਇਹ ਭਵਿੱਖ ਬਾਣੀ ਕੀਤੀ ਗਈ ਕਿ 1994 ਨੂੰ ਭਾਰਤ ਵਿਚ ਆਰਥਿਕ ਸੰਕਟ ਉਭਰੇਗਾ ਪਰ ਉਦੋਂ ਕੋਈ ਆਰਥਿਕ ਸੰਕਟ ਨਹੀਂ ਆਇਆ। 1995 ਵਿਚ ਕਿਊਬਾ ਦਾ ਫੀਡਲ ਕਾਸਟਰੋ ਧਨ, ਮਾਲ ਲੈ ਕੇ ਫਰਾਰ ਹੋ ਕੇ ਦੱਖਣੀ ਅਮਰੀਕਾ ਵਿਚ ਸ਼ਰਨ ਲਵੇਗਾ ਪਰ ਉਹ ਨਵੰਬਰ 2016 ਤਕ ਕਿਊਬਾ ਵਿਚ ਰਿਹਾ। ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੁਬਾਰਾ ਚੋਣ ਨਹੀਂ ਲੜੇਗਾ ਤੇ ਉਸਦੀ ਪਤਨੀ ਹਿਲੇਰੀ ਕਲਿੰਟਨ ਚੋਣ ਜਿੱਤੇਗੀ ਪਰ ਕਲਿੰਟਨ ਦੁਬਾਰਾ ਰਾਸ਼ਟਰਪਤੀ ਬਣਿਆ। 1998 ਵਿਚ ਅਮੈਜਨ ਦੇ ਜੰਗਲਾਂ ਵਿਚੋਂ ਇਕ ਦਵਾਈ ਤਿਆਰ ਹੋਵੇਗੀ ਜਿਹੜੀ ਏਡਜ, ਕੈਂਸਰ ਤੇ ਜੋੜ ਦਰਦਾਂ ਦਾ ਪੂਰਾ ਇਲਾਜ ਕਰੇਗੀ ਪਰ ਅਜ ਤੱਕ ਉਹ ਦਵਾਈ ਨਹੀਂ ਬਣੀ। 1999 ਦਿੱਲੀ ਦੇ ਦੁਆਲੇ ਪ੍ਰਮਾਣੂ ਧਮਾਕਾ ਹੋਵੇਗਾ, ਹਜ਼ਾਰਾਂ ਲੋਕ ਮਾਰੇ ਜਾਣਗੇ ਤੇ ਹਜ਼ਾਰਾਂ ਪ੍ਰਭਾਵਤ ਹੋਣਗੇ ਪਰ ਅਜਿਹਾ ਕੁੱਝ ਨਹੀ ਵਾਪਰਿਆ। 2004 ਜਾਹਨ ਆਫ ਕਨੇਡੀ ਜੂਨੀਅਰ ਅਮਰੀਕਾ ਦਾ ਪ੍ਰਧਾਨ ਚੁਣਿਆ ਜਾਵੇਗਾ ਪਰ 2004 ਵਿਚ ਜਾਰਜ ਬੁਸ਼ ਦੂਜੀ ਵਾਰ ਪ੍ਰਧਾਨ ਬਣੇ।

ਭਾਰਤੀ ਜੋਤਸ਼ੀ ਕੇ ਸੁਮੀਤ ਬੰਗਲੌਰ ਨੇ 2003 ਵਿੱਚ ਭਵਿੱਖ ਬਾਣੀ ਕੀਤੀ ਕਿ ਦੇਸ ਦਾ ਵੱਡਾ ਘਰਾਣੇ ਬੰਦ ਹੋ ਜਾਵੇਗਾ ਪਰ ਅੱਜ ਤਕ ਕੋਈ ਵੱਡਾ ਘਰਾਣੇ ਬੰਦ ਨਹੀਂ ਹੋਇਆ। ਦਿੱਲੀ ਦੇ ਇੱਕ ਪ੍ਰਸਿੱਧ ਜੋਤਸ਼ੀ ਤੋਂ 2004 ਵਿੱਚ ਬੜੇ ਧੜੱਲੇ ਨਾਲ ਕਾਂਗਰਸ ਪਾਰਟੀ ਜਿੱਤਣ ਉਪਰੰਤ ਸੋਨੀਆ

ਗਾਂਧੀ ਨੂੰ ਪ੍ਰਧਾਨ ਮੰਤਰੀ ਬਨਣ ਤੋਂ ਰੋਕਣ ਲਈ ਕੁੱਝ ਲੋਕਾਂ ਨੇ ਭਵਿੱਖ ਬਾਣੀ ਕਰਵਾਈ ਕਿ ਹੁਣ ਤਕ ਜਿੰਨੇ ਪ੍ਰਧਾਨ ਮੰਤਰੀ ਬਣੇ ਹਨ ਉਨਾਂ ਦੇ ਨਾਮ ਵਿਚ 'ਰ' ਸ਼ਬਦ ਆਉਦਾ ਰਿਹਾ ਹੈ ਇਸ ਲਈ ਸੋਨੀਆ ਗਾਂਧੀ ਪ੍ਰਧਾਨ ਮੰਤਰੀ ਨਹੀਂ ਬਣ ਸਕਦੀ। ਪਰ 'ਰ' ਸ਼ਬਦ ਤੋਂ ਬਿਨਾਂ ਵਾਲੇ ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਬਨਣ ਤੇ ਉਨਾਂ ਦੀ ਖੁੰਭ ਠੱਪੀ ਗਈ। 40 ਸਾਲ ਪਹਿਲਾਂ ਹੁਸ਼ਿਆਰਪੁਰ ਦੇ ਪ੍ਰਸਿੱਧ ਜੋਤਸ਼ੀ ਬਿਰਜੂ ਸੰਹਿਤਾ ਨੇ ਭਵਿੱਖ ਬਾਣੀ ਕੀਤੀ ਕਿ ਪ੍ਰਸਿੱਧ ਲੇਖਕ ਖ਼ੁਸ਼ਵੰਤ ਸਿੰਘ 1999 ਤਕ ਜੀਉਂਦਾ ਰਹੇਗਾ ਪਰ ਉਹ 20-3-2014 ਤੱਕ ਜੀਉਂਦਾ ਰਿਹਾ। ਹੈਦਰਾਬਾਦ ਦੀ ਪ੍ਰਸਿੱਧ ਅਨੀਤਾ ਰਾਜ ਨਰਾਇਣ, ਜੋ ਐੱਮ.ਬੀ.ਏ. ਹੈ ਤੇ ਟੈਸਟ ਕਾਰਡਾਂ ਰਾਹੀਂ ਜੋਤਿਸ਼ ਲਾਉਦੀ ਹੈ, ਨੇ ਫਿਲਮੀ ਹਸਤੀ ਐਸ਼ਵਰਿਆ ਰਾਏ ਦੇ ਸਲਮਾਨ ਖਾਨ ਨਾਲ 2003 ਦੇ ਅੰਤ ਤਕ ਵਿਆਹ ਦੀ ਭਵਿੱਖਬਾਣੀ ਕੀਤੀ ਸੀ ਜਦ ਕਿ ਉਸਦਾ ਵਿਆਹ ਅਭਿਸ਼ੇਕ ਬੱਚਨ ਨਾਲ ਹੋਇਆ। ਦਿੱਲੀ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਕਈ ਜੋਤਸ਼ੀ ਭਾਜਪਾ ਸਰਕਾਰ ਬਨਣ ਤੇ ਕਿਰਨ ਬੇਦੀ ਦੇ ਮੁਖ ਮੰਤਰੀ ਬਨਣ ਦੀ ਭਵਿੱਖ ਬਾਣੀ ਦੇ ਤੁੱਕੇ ਲਾ ਕੇ ਲੋਕਾਂ ਦੀ ਮਾਨਸਕਿਤਾ ਨੂੰ ਬਦਲਣ ਦੇ ਜੋਰ ਲਾਉਦੇ ਰਹੇ ਪਰ ਉਹ ਐਮ.ਐੱਲ.ਏ. ਵੀ ਨਾ ਬਣ ਸਕੀ। ਜੋਤਿਸ਼ ਵਿਦਿਆ ਨੂੰ ਸਿਲੇਬਸ ਦਾ ਹਿੱਸਾ ਬਨਾਉਣ ਦੀ ਵਕਾਲਤ ਕਰਨ ਵਾਲਾ ਭਾਜਪਾ ਆਗੂ ਮੁਰਲੀ ਮਨੋਹਰ ਜੋਸ਼ੀ ਆਪਣੀ ਚੋਣ ਹਾਰ ਦਾ ਵੀ ਜੋਤਿਸ਼ ਨਾ ਲਵਾ ਸਕਿਆ। ਕੋਈ ਵੀ ਜੋਤਿਸ਼ੀ ਐਕਸੀਡੈਂਟਾਂ, ਕਤਲਾਂ, ਬਲਾਤਕਾਰਾਂ, ਤੂਫਾਨਾਂ, ਭੂਚਾਲਾਂ ਜਾਂ ਮੁਸੀਬਤਾਂ ਬਾਰੇ ਕਦੇ ਨਹੀਂ ਦਸ ਸਕਿਆ ਤੇ ਨਾ ਹੀ ਦੱਸ ਸਕੇਗਾ। ਜੋਤਿਸ਼ ਦੀ ਪੜ੍ਹਾਈ ਸੰਵਿਧਾਨ ਦੀ ਧਾਰਾ 51 ਏ ਦੀ ਉਲੰਘਣਾ ਹੈ,ਇਸ ਧਾਰਾ ਅਨੁਸਾਰ ਅੰਧਵਿਸ਼ਵਾਸਾਂ ਨੂੰ ਖਤਮ ਕਰਕੇ ਵਿਗਿਆਨਕ ਨਜਰੀਆ ਵਿਕਸਤ ਕਰਨਾ ਹਰ ਨਾਗਰਿਕ ਦਾ ਕਰਤੱਵ ਹੈ।

ਸੋਚਣ ਵਾਲੀ ਗੱਲ

ਲੋਕ ਸਭਾ ਦੇ ਨਵੇਂ ਚੁਣੇ ਗਏ ਮੈਂਬਰਾਂ ਨੇ ਈਸ਼ਵਰ ਦੀ ਸਹੁੰ ਚੁੱਕੀ : ਇੱਕ ਖ਼ਬਰ

ਸੋਚਣ ਵਾਲੀ ਗੱਲ ਹੈ ਕਿ ਜੇਕਰ ਸਹੁੰ ਖਾਣ ਜਾਂ ਸੁੱਖਣਾ ਸੁੱਖਣ ਨਾਲ ਸਭ ਮਸਲੇ ਹੱਲ ਹੁੰਦੇ ਹੋਣ ਤਾਂ ਦੇਸ਼/ਸੂਬੇ ਲਈ ਕਾਨੂੰਨੀ ਤਾਣਾ ਪੇਟਾ, ਪੁਲਿਸ ਨਫ਼ਰੀ, ਤਕਨਾਲੋਜੀ, ਸੁਰੱਖਿਆ ਕਰਮੀਆਂ, ਸਰਹੱਦਾਂ ਤੇ ਹਜ਼ਾਰਾਂ ਅਰਬ ਰੁਪਿਆ ਖਰਚ ਕਰਨ ਦੀ ਭਲਾ ਕੀ ਲੋੜ ਹੈ ?

ਮਨਦੀਪ ਖੁਰਮੀ
ਹਿੰਮਤਪੁਰਾ(ਯੂ. ਕੇ.)

ਜੋਤਿਸ਼ ਤੇ ਵਹਿਮੀ ਲੋਕ

ਜੋਤਸ਼ੀ ਲੋਕਾਂ ਨੂੰ ਭਾਂਤ ਭਾਂਤ ਦੇ ਵਹਿਮ ਪਾਉਂਦੇ ਹਨ। ਅਕਸਰ ਵਹਿਮੀ ਲੋਕ ਹੀ ਜੋਤਸ਼ੀਆਂ ਕੋਲ ਜਾਂਦੇ ਹਨ। ਮਨੁੱਖ ਹਮੇਸ਼ਾਂ ਚਾਹੁੰਦਾ ਹੈ ਕਿ ਉਸ ਦਾ ਜੀਵਨ ਹਮੇਸ਼ਾਂ ਖੁਸ਼ਹਾਲ ਹੋਵੇ। ਜੇ ਕਦੇ ਉਸ ਦੇ ਜੀਵਨ ਵਿੱਚ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਹ ਦੁਖੀ ਹੋ ਕੇ ਬਾਹਰਲੇ ਵਿਆਕਤੀਆਂ ਦੀ ਮੱਦਦ ਲੈਂਦਾ ਹੈ।

ਮਨੁੱਖ ਦੇ ਡਰ ਤੇ ਚਿੰਤਾਵਾਂ ਦੇ ਹੱਲ ਲਈ ਜੋਤਿਸ਼ੀਆਂ ਕੋਲ ਕੇਵਲ ਧਰਵਾਸ ਹੁੰਦਾ ਹੈ। ਲੋਕਾਂ ਦੀ ਆਪਣੀ ਸਿਹਤ, ਕਾਰੋਬਾਰ, ਬਿਮਾਰੀ ਤੇ ਔਲਾਦ ਬਾਰੇ ਫ਼ਿਕਰਮੰਦੀ ਜੋਤਿਸ਼ੀਆਂ ਦੀ ਲੁੱਟ ਦਾ ਆਧਾਰ ਬਣਦੀ ਹੈ।

ਜੋਤਸ਼ੀ ਪ੍ਰੇਸ਼ਾਨ ਮਨੁੱਖਾਂ ਦੀ ਕਮਜ਼ੋਰੀ ਦਾ ਲਾਹਾ ਲੈਂਦੇ ਹਨ। ਜੋਤਸ਼ੀਆਂ ਦਾ ਵਾਹ ਰੋਜ਼ਾਨਾ ਅਨੇਕਾਂ ਲੋਕਾਂ ਨਾਲ ਪੈਂਦਾ ਹੈ ਜਿਸ ਕਾਰਣ ਉਹ ਨਿੱਤ ਨਵਾਂ ਪੈਂਤੜਾ ਧਾਰਨ ਕਰਦੇ ਹਨ। ਵੀਹ ਸਾਲ ਦੀ ਉਮਰ ਵਿੱਚ ਪੜ੍ਹਾਈ ਬਾਰੇ, ਵੀਹ ਤੋਂ ਤੀਹ ਸਾਲ ਦੀ ਉਮਰ ਵਿੱਚ ਵਿਆਹ ਅਤੇ ਕੰਮ ਬਾਰੇ, ਤੀਹ ਤੋਂ ਚਾਲੀ ਸਾਲ ਦੀ ਉਮਰ ਵਿਚ ਪਰਿਵਾਰ ਅਤੇ ਰਿਸ਼ਤੇਦਾਰਾਂ ਬਾਰੇ, ਪੰਜਾਹ ਸਾਲ ਤੱਕ ਸੰਤਾਨ ਸੁੱਖ ਅਤੇ ਜ਼ਮੀਨ ਜਾਇਦਾਦ ਬਾਰੇ ਅਤੇ ਪੰਜਾਹ ਸਾਲਾਂ ਤੋਂ ਪਿੱਛੋਂ ਸਰੀਰਕ ਕਸ਼ਟ ਅਤੇ ਹੋਰ ਸਮੱਸਿਆਵਾਂ ਆਦਿ ਵਿਸ਼ੇ ਹੁੰਦੇ ਹਨ। ਜਿਆਦਾਤਰ ਚਾਲੀ ਸਾਲ ਦੀ ਉਮਰ ਵਿੱਚ ਜੋਤਸ਼ੀਆਂ ਕੋਲ ਜਾਣ ਦਾ ਰੁਝਾਨ ਵੱਧ ਹੁੰਦਾ ਹੈ ਕਿਉਂਕਿ ਇਸ ਸਮੇਂ ਜਵਾਨੀ ਦਾ ਮਾਣ ਨਹੀਂ ਰਹਿੰਦਾ। ਬੱਚੇ ਆਪ ਮੁਹਾਰੇ ਹੋ ਜਾਂਦੇ ਹਨ। ਖਰਚੇ ਆਮਦਨ ਨਾਲ ਮੇਲ ਨਹੀਂ ਖਾਂਦੇ। ਪਰਿਵਾਰ ਵਿੱਚ ਸੁੱਖ ਸ਼ਾਂਤੀ ਨਹੀਂ ਰਹਿੰਦੀ ਅਤੇ ਹੋਰ ਕਿੰਨੀਆਂ ਹੀ ਮੁਸੀਬਤਾਂ ਆ ਘੇਰਦੀਆਂ ਹਨ।

ਇਸ ਤਰ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਜੋਤਸ਼ੀਆਂ ਦੇ ਜੀਵਨ ਨਿਰਵਾਹ ਦਾ ਸਾਧਨ ਬਣ ਜਾਦੀਆਂ ਹਨ। ਸੱਚਾਈ ਇਹ ਹੈ ਕਿ ਜੋਤਿਸ਼ ਨਾਲ ਕਿਸੇ ਦੀਆਂ ਮੁਸ਼ਕਿਲਾਂ ਦੂਰ ਨਹੀਂ ਹੁੰਦੀਆਂ ਸਗੋਂ ਲੋਕ ਜੋਤਸ਼ੀਆਂ ਦੇ ਧਰਵਾਸਿਆਂ ਕਾਰਣ ਭੁੱਲ ਜਾਂਦੇ ਹਨ। ਭਾਰਤ ਦੇ ਅੰਧਵਿਸ਼ਵਾਸੀ ਸਮਾਜ ਨੂੰ ਵਿਗਿਆਨਕ ਲੀਹਾਂ ਤੇ ਚਲਾਉਣਾ ਬਹੁਤ ਜਰੂਰੀ ਹੈ। ਜਦੋਂ ਲੋਕਾਂ ਵਿੱਚ ਜਾਗਰੂਕਤਾ ਪੈਦਾ ਹੋ ਗਈ ਤਾਂ ਸਮਾਜ ਨੂੰ ਅੱਗੇ ਵਧਣ ਤੋਂ ਕੋਈ ਸ਼ਕਤੀ ਨਹੀਂ ਰੋਕ ਸਕਦੀ।

ਰਣਜੋਤ ਕੌਰ

ਹੱਡ ਬੀਤੀ

ਚੌਂਕੀ ਦੇ ਚਸ਼ਮਦੀਦ



ਜਸਪਾਲ ਝੋਰੜ

ਕਰੀਬ ਦੋ ਦਹਾਕੇ ਪੁਰਾਣੀ ਘਟਨਾ ਹੈ। ਮੈਨੂੰ ਲੱਕੜ ਦਾ ਕੰਮ ਕਰਦੇ ਨੂੰ ਹਾਲੇ ਢਾਈ ਕੁ ਸਾਲ ਹੀ ਹੋਏ ਸਨ। ਜੱਦੀ ਪੁਸ਼ਤੀ ਕੰਮ ਹੋਣ ਕਰਕੇ ਤੇ ਬਾਪੂ ਹੋਰਾਂ ਦਾ ਲੱਕੜ ਦੇ ਕੰਮ ਚ ਨੇੜੇ ਤੇੜੇ ਦੇ ਇਲਾਕੇ ਚ ਨਾਂ ਚਲਦਾ ਹੋਣ ਕਾਰਣ ਮੈਨੂੰ ਵੀ ਕੋਠੀਆਂ ਦਾ ਟੁੱਟਵਾਂ ਜਿਹਾ ਕੰਮ ਮਿਲਣ ਲੱਗ ਪਿਆ ਸੀ। ਕਿਸੇ ਵੀ ਕਿੱਤੇ ਚ ਸਫਲ ਹੋਣ ਲਈ ਆਵਦੇ ਹੁਨਰ ਦੇ ਦਮ ਤੇ ਮਾਰਕੀਟ ਬਣਾਉਣ ਲਈ ਵਕਤ ਤਾਂ ਲਗਦਾ ਹੀ ਹੈ, ਪਰ ਮੈਂ ਛੇਤੀ ਛੇਤੀ ਵੱਡਾ ਠੇਕੇਦਾਰ ਬਣਨਾ ਲੋਚਦਾ ਸੀ। ਮੇਰਾ ਇੱਕ ਬਹੁਤ ਹੀ ਖਾਸ ਤੇ ਹਮਰਾਜ਼ ਮਿੱਤਰ ਸੀ ਜਿਸ ਨਾਲ ਮੈਂ ਮਨ ਦੀ ਹਰ ਗੱਲ ਸਾਂਝੀ ਕਰਦਾ ਸੀ। ਉਹ ਆਪਣੀਆਂ ਇੱਕ ਦੋ ਸਰੀਰਕ ਪ੍ਰੇਸ਼ਾਨੀਆਂ ਕਰਕੇ ਚੱਕ ਪੱਖੀ ਦੇ ਇੱਕ ਸਾਧ ਕੋਲ ਜਾਂਦਾ ਸੀ। ਉੱਥੇ ਉਸਨੂੰ ਇੱਕ ਪੇਂਟਰ ਮਿਲਿਆ। ਉਸਨੇ ਦੱਸਿਆ ਕਿ ਬਾਈ ਮੇਰਾ ਕੰਮ ਨੀ ਚਲਦਾ ਸੀ ਤੇ ਮੈਂ ਇਸ ਬਾਬੇ ਦੇ ਡੇਰੇ ਚੌਂਕੀਆਂ ਭਰਨੀਆਂ ਸ਼ੁਰੂ ਕਰ ਦਿਤੀਆਂ। ਅੱਜ ਮੇਰੀਆਂ ਲਹਿਰਾਂ ਬਹਿਰਾਂ ਨੇ। ਮੈਨੂੰ ਮੇਰੇ ਮਿੱਤਰ ਨੇ ਉੱਥੇ ਚੱਲਣ ਦੀ ਸਲਾਹ ਦੇ ਦਿੱਤੀ। ਉਸ ਨੇ ਕਿਹਾ ਕਿ ਆਪਾਂ ਉਸ ਤੋਂ ਪੁੱਛ ਕੋਈ ਨੀ ਲੈਣੀ ਕਿਓਂਕਿ ਸਾਧ ਬਹੁਤ ਤਕੜਾ ਅੰਤਰਯਾਮੀ ਹੈ। ਸੰਗਤ ਵਿੱਚ ਹੀ ਸਾਰੇ ਪਰਦੇ ਖੋਲ੍ਹ ਦਿੰਦਾ ਹੈ। ਬੰਦੇ ਦੇ ਪੱਲੇ ਹੀ ਕੁੱਝ ਨੀ ਰਹਿੰਦਾ ਤੇ ਆਪਾਂ ਤਾਂ ਸੁੱਖ ਨਾਲ ਜਵਾਨੀ ਵਾਲਾ ਕਾਲਾ ਇਤਿਹਾਸ ਵੀ ਕਾਫੀ ਸਿਰਜੀ ਬੈਠੇ ਹਾਂ। ਅਸੀਂ ਜਾ ਪਹੁੰਚੇ ਅਖੌਤੀ ਬਾਬੇ ਦੇ ਦਰਬਾਰ। ਚਾਹ ਦਾ ਲੰਗਰ ਛਕ ਕੇ ਅਸੀਂ ਵੀ ਸੰਗਤ ਵਿੱਚ ਜਾ ਬੈਠੇ। ਥੋੜ੍ਹੀ ਦੇਰ ਬਾਅਦ ਚਿਮਟਾ ਖੜਕਾਉਂਦਾ ਅਲੀ ਅਲੀ ਕਰਦਾ ਸਾਧ ਆਪਣੀ ਗੱਦੀ 'ਤੇ ਆ 'ਬਿਰਾਜਮਾਨ' ਹੋਇਆ। ਇੱਕ 35 ਕੁ ਸਾਲ ਦੇ ਮੁੰਡੇ ਨਾਲ ਉਸਦੀ ਘਰਵਾਲੀ ਤੇ ਮਾਂ ਖੜ੍ਹੇ ਹੋਏ ਸਨ। ਸਾਧ ਲੱਗ ਗਿਆ ਉਸਦੇ ਪਾਜ਼ ਉੱਘੇ ੜਨ" ਤੂੰ ਬਾਹਰ ਧੱਕੇ ਖਾਂਦਾ ਫਿਰਦਾ ਹੈ। ਸਾਰੀ ਕਮਾਈ ਬਾਹਰ ਖਵਾ ਰਿਹਾਂ, ਉਹ ਮੁੰਡਾ ਆਖੇ ਜੀ ਬਾਬਾ ਜੀ ਗਲਤੀ ਹੋ ਗਈ। ਬਾਬੇ ਨੇ ਉਸਦੀ ਨਿੱਜੀ ਜ਼ਿੰਦਗੀ ਨੂੰ ਸੰਗਤ ਚ ਲੰਗਾਰ ਕਰ ਦਿੱਤਾ। ਮੈਂ ਇਹ ਸਭ ਬੜੇ ਗੌਰ ਨਾਲ ਵੇਖਿਆ, ਸੁਣਿਆ। ਪਰ ਪਤਾ ਨਹੀਂ ਕਿਉਂ ਮੈਨੂੰ ਉਸਦੀ ਖੁਦ ਨੂੰ ਅੰਤਰਯਾਮੀ ਸਾਬਿਤ ਕਰਨ ਵਾਲੀ ਸਾਰੀ ਕਾਰਵਾਈ ਬਹੁਤਾ ਪ੍ਰਭਾਵਿਤ ਨਹੀਂ ਕਰ ਸਕੀ। ਹਾਲਾਂਕਿ ਮੈਂ ਉਸ ਵਕਤ ਨਾਸਤਿਕਤਾ ਦੇ ਨੇੜੇ ਤੇੜੇ ਵੀ ਨਹੀਂ ਸਾਂ। ਮੈਂ ਇੱਕ ਦੋ ਵਾਰ ਜਾਣ ਤੋਂ ਬਾਅਦ ਦੋਬਾਰਾ ਕਦੇ ਉਥੇ ਨਹੀਂ ਗਿਆ। 2007-08 ਦੇ ਕਰੀਬ ਮੈਨੂੰ ਮੁਕਤਸਰ ਸਾਹਿਬ ਮਾਘੀ ਦੇ ਮੇਲੇ ਵਿੱਚ ਉਸ ਇਲਾਕੇ ਦਾ ਇੱਕ ਸਨੇਹੀ ਤਰਕਸ਼ੀਲ ਨਾਟ ਮੇਲੇ ਵਿੱਚ ਬੁੱਕ ਸਟਾਲ ਤੇ ਮਿਲਿਆ। ਉਹ ਉਸੇ ਸਾਧ ਦਾ ਸਾਬਕਾ ਸ਼ਰਧਾਲੂ ਨਿਕਲਿਆ। ਗੱਲਬਾਤ ਦੌਰਾਨ ਉਹ ਚਸ਼ਮਦੀਦ ਹੋਣ ਕਰਕੇ ਉਸਦੇ ਭੇਦ ਖੋਲ੍ਹਣ ਲੱਗਾ। ਕਹਿੰਦਾ ਉਸ ਦੇ ਡੇਰੇ ਵਿੱਚ ਸ਼ਰਧਾਲੂਆਂ ਨੂੰ ਦੇਣ ਲਈ ਲੱਕੜ ਤੇ ਪਾਥੀਆਂ ਸਾੜਕੇ ਸਵਾਹ ਦੀਆਂ ਪੁੜੀਆਂ ਤਿਆਰ ਕਰਦੇ ਹੁੰਦੇ ਸਾਂ। ਉੱਥੇ ਇਕੱਠ ਵਿੱਚ ਜਿਨ੍ਹਾਂ ਬਾਰੇ ਉਹ ਖੁਲਾਸੇ ਕਰਦਾ ਸੀ ਉਹ ਉਸਦੇ ਆਵਦੇ ਹੀ ਬੰਦੇ ਹੁੰਦੇ ਸੀ। ਫੇਰ ਮੈਨੂੰ ਵੀ ਕਹਾਣੀ ਸਮਝ ਆਉਣ ਲੱਗ ਗਈ। ਜਿਹੜਾ ਪੇਂਟਰ ਡੇਰੇ ਵਿੱਚ ਮੇਰੇ ਦੋਸਤ ਨੂੰ ਮਿਲਿਆ ਸੀ, ਉਹ ਵੀ ਲੋਕਾਂ ਤੋਂ ਸੂਹ ਲੈਣ ਅਤੇ ਡੇਰੇ ਤੇ ਆਉਣ ਲਈ ਉਤਸ਼ਾਹਿਤ ਕਰਨ ਲਈ ਰੱਖਿਆ ਹੋਇਆ ਸੀ।

ਚੌਂਕੀਆਂ ਭਰਵਾਉਣ ਵਾਲੇ ਚੇਲਿਆਂ, ਡੇਰੇਦਾਰਾਂ ਤੇ ਅਖੌਤੀ ਬਾਬਿਆਂ ਦੇ ਲੁੱਟਣ ਦੇ ਢੰਗ ਤਰੀਕੇ ਵੱਖੋ ਵੱਖ ਹੋ ਸਕਦੇ ਨੇ ਪਰ ਉਦੇਸ਼ ਇੱਕੋ ਹੀ ਹੈ, ਲੋਕਾਂ ਨੂੰ ਗੁੰਮਰਾਹ ਕਰਕੇ, ਮੂਰਖ ਬਣਾ ਉਹਨਾਂ ਦੀ ਮਾਨਸਿਕ, ਆਰਥਿਕ ਤੇ ਸਰੀਰਕ ਲੁੱਟ ਕਰਨੀ ਤਾਂ ਜੋ ਅਗਿਆਨਤਾ ਤੇ ਅੰਧਵਿਸ਼ਵਾਸ ਦਾ ਹਨੇਰਾ ਕਾਇਮ ਰੱਖਿਆ ਜਾ ਸਕੇ।ਅਜਿਹੇ ਪ੍ਰਜੀਵੀਆਂ ਨੂੰ ਮਾਤ ਦੇਣ ਲਈ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਵਿੱਚ ਹਰੇਕ ਨਾਗਰਿਕ ਲਈ ਯੋਗਦਾਨ ਪਾਉਣਾ ਸਮੇਂ ਦੀ ਲੋੜ ਹੈ।

97804-55855

ਜੱਗ ਬੀਤੀ

ਗਊ, ਗਹਿਣੇ ਤੇ ਗੋਬਰ

ਵਿਗਿਆਨ ਦੀਆਂ ਦਿੱਤੀਆਂ ਸਹੂਲਤਾਂ ਨੂੰ ਤਾਂ ਸਾਰੇ ਲੋਕ ਮਾਣਦੇ ਹਨ ਪਰ ਵਿਗਿਆਨ ਦੀ ਸੋਚ ਬਹੁਤੇ ਲੋਕਾਂ ਦੇ ਨੇੜ ਦੀ ਵੀ ਨਹੀਂ ਲੰਘਦੀ। ਅੰਧਵਿਸ਼ਵਾਸ਼ ਲੋਕਾਂ ਦੀ ਜ਼ਿੰਦਗੀ ਨੂੰ ਘੁਣ ਵਾਂਗ ਲੱਗਿਆ ਹੋਇਆ ਹੈ। ਕਈ ਸਾਲ ਪਹਿਲਾਂ ਸਾਡੇ ਪਿੰਡ ਇੱਕ ਗਰੀਬ ਪਰਿਵਾਰ ਨੇ ਦੁੱਧ ਲਈ ਨਵੀਂ ਗਾਂ ਖਰੀਦੀ। ਲੋਕਾਂ ਵਿੱਚ ਇਹ ਅੰਧਵਿਸ਼ਵਾਸ ਪ੍ਰਚਲਿਤ ਹੈ ਕਿ ਕੋਈ ਨਵਾਂ ਪਸ਼ੂ ਖਰੀਦਕੇ ਘਰ ਲਿਆਉਣ ਤੇ ਕਿੱਲੇ ਤੇ ਬੰਨ੍ਹਣ ਤੋਂ ਪਹਿਲਾਂ ਉਸਨੂੰ ਛੱਜ 'ਚ ਥੋੜੇ ਛੋਲਿਆਂ ਦੇ ਦਾਣੇ ਪਾਕੇ ਵਿਚ ਚਾਂਦੀ ਦਾ ਬਰਤਨ ਜਾਂ ਗਹਿਣਾ ਰੱਖਕੇ ਸੁੰਘਾਉਣਾ ਪਸ਼ੂ

ਚੇਲਾ, ਚੌਂਕੀਂ, ਚਿਮਟਾ, ਸਾਰੇ ਸੰਦ ਹਨੇਰੇ ਦੇ, ਦੀਵਾ ਤਰਕ ਦਾ ਬਾਲੀਂ, ਸਦਾ ਬਨੇਰੇ ਤੇ।

ਤੇ ਘਰ ਲਈ ਸ਼ੁਭ ਮੰਨਿਆ ਜਾਂਦਾ ਹੈ।

ਉਸ ਪਰਿਵਾਰ ਦਾ ਮੁਖੀ ਮੁੱਲ ਲਿਆਂਦੀ ਗਾਂ ਨੂੰ ਆਪਣੇ ਘਰ ਕਿੱਲੇ ਤੇ ਬੰਨ੍ਹਣ ਹੀ ਲੱਗਾ ਸੀ ਕਿ ਉਸ ਦੀ ਪਤਨੀ ਨੇ ਚਾਈਂ-ਚਾਈਂ ਛੱਜ 'ਚ ਦਾਣੇ ਪਾਏ। ਟਰੰਕ ਵਿੱਚੋਂ ਰੱਖੀਆਂ ਟੂਮਾਂ ਦੀ ਪੋਟਲੀ ਵੀ ਕੱਢ ਲਿਆਂਦੀ,ਜਿਸ ਵਿਚ ਕੁੱਝ ਚਾਂਦੀ ਤੇ ਅੱਧਾ ਕੁ ਤੋਲ਼ਾ ਸੋਨਾ ਵੀ ਸੀ। ਉਸ ਛੋਟੀ ਜਿਹੀ ਪੋਟਲੀ ਨੂੰ ਖੋਲ੍ਹਕੇ ਦਾਣਿਆਂ ਵਾਲੇ ਛੱਜ ਵਿਚ ਰੱਖਕੇ ਲੱਗੀ ਗਾਂ ਨੂੰ ਸੁੰਘਾਉਣ।

ਗਾਂ ਦਾਣਿਆਂ ਦੇ ਨਾਲ ਹੀ ਉਸ ਛੋਟੀ ਜਿਹੀ ਪੋਟਲੀ ਨੂੰ ਇੱਕੋ ਬੁਰਕੇ ਨਾਲ ਆਪਣੇ ਮੂੰਹ ਵਿੱਚ ਲੈ ਗਈ। ਪਰਿਵਾਰ ਮੁਖੀ ਨੇ ਗਾਂ ਦੇ ਮੂੰਹ ਚੋਂ ਪੋਟਲੀ ਖਿੱਚਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਗਾਂ ਕਾਬੂ ਨਹੀਂ ਆਈ। ਉਹਨਾ ਗਾਂ ਤੇ ਵਾਧੂ ਸੋਟੀਆਂ ਵੀ ਵਰ੍ਹਾਈਆਂ ਪਰ ਕੋਈ ਅਸਰ ਨਾ ਹੋਇਆ। ਗਾਂ ਸਾਰੀ ਪੋਟਲੀ ਚਪੜ-ਚਪੜ ਕਰਕੇ ਸਮੇਤ ਟੂਮਾਂ ਆਪਣੇ ਅੰਦਰ ਲੰਘਾ ਗਈ!

ਮੁਖੀ ਨੇ ਪਤਨੀ ਨੂੰ ਮੰਦਾ ਚੰਗਾ ਵੀ ਬੋਲਿਆ। ਅਖੇ ਤੂੰ ਪੋਟਲੀ ਨੂੰ ਹੱਥ'ਚ ਫੜਕੇ ਕਿਉਂ ਨਹੀਂ ਰੱਖਿਆ। ਪੈਂਦੇ ਰੌਲੇ-ਰੱਪੇ ਨੂੰ ਸੁਣਕੇ ਕੋਲ਼ ਦੀ ਲੰਘੇ ਕਿਸੇ ਸਿਆਣੇ ਬੰਦੇ ਨੇ ਰਾਇ ਦਿੱਤੀ.. 'ਭਾਈ ਹੁਣ ਇਹਦਾ ਕੋਈ ਹੱਲ ਨਹੀਂ..! ਬਸ ਹੁਣ ਤੁਸੀਂ ਹਰ ਰੋਜ਼ ਇਸਦਾ ਗੋਬਰ ਫਰੋਲ਼ ਲਿਆ ਕਰੋ! ਸ਼ਾਇਦ ਟੂਮਾਂ ਦੇ ਕੁੱਝ ਟੁਕੜੇ ਕਿਸੇ ਦਿਨ ਗੋਹੇ ਚੋਂ ਮਿਲ ਜਾਣ। ਰੋਜ਼ ਤੜਕੇ ਉੱਠਕੇ ਸਾਰਾ ਟੱਬਰ ਗਾਂ ਦਾ ਗੋਹਾ ਫਰੋਲਣ ਲਗਦਾ। ਆਖਰ ਪੰਜ-ਸੱਤ ਦਿਨਾਂ ਬਾਅਦ ਟੂਮਾਂ ਦੇ ਕੁਸ਼ ਟੁਕੜੇ ਹੀ ਗੋਹੇ 'ਚੋਂ ਮਿਲੇ। ਅੰਧਵਿਸ਼ਵਾਸ ਦੇ ਚਲਦਿਆਂ ਉਹ ਆਪਣੇ ਹੱਥੋਂ ਬਹੁਤੇ ਕੀਮਤੀ ਗਹਿਣੇ ਗੁਆ ਬੈਠੇ।

ਹੁਣ ਉਹਨਾਂ ਕੋਲ ਆਪਣੀ ਮੂਰਖਤਾ ਤੇ ਪਛਤਾਉਣ ਤੋਂ ਸਿਵਾ ਕੁਝ ਨਹੀਂ ਸੀ ਬਚਿਆ।

ਬੰਦੇ ਨੂੰ

ਭੋਲਿਆ ਪੰਛੀਆ ਲੁੱਟੀ ਜਾਂਦੇ
ਤੇਰੀ ਕਿਰਤ ਕਮਾਈ
ਟੱਬਰ ਤੇਰਾ ਭੁੱਖਾ ਮਰਦਾ
ਤੈਨੂੰ ਸਮਝ ਨਾ ਆਈ
ਨਰਕਾਂ ਦਾ ਡਰ ਦੇ ਕੇ ਤੈਨੂੰ
ਮੱਤ ਤੇਰੀ ਹੈ ਮਾਰੀ
ਸਮਝ ਜਾ ਤੂੰ ਮਿੱਤਰਾ
ਲੁੱਟ ਦੀ ਖੇਡ ਹੈ ਸਾਰੀ

ਕੁਲਦੀਪ ਸਿਰਸਾ

ਧਰਮ ਨੂੰ ਖ਼ਤਰਾ

ਇਨਸਾਨੀਅਤ ਦਾ ਖ਼ੂਨ ਭਾਵੇਂ
ਵਗ ਜਾਏ ਕਤਰਾ-ਕਤਰਾ
ਐਪਰ ਕੁਰਸੀ ਲੋਭੀਆਂ ਦੇ ਰਹਿਣਾ
ਹਰ ਵੇਲੇ ਧਰਮ ਨੂੰ ਖ਼ਤਰਾ

ਨੇਤਾ ਜੀ

ਨੇਤਾ ਜੀ ਬੋਲੇ
ਰੰਗ, ਧਰਮ, ਜਾਤ, ਮਜ਼੍ਹਬ
ਵਾਸਤੇ ਤੁਸੀਂ ਲੜੋ
ਲੜ ਲੜ ਮਰੋ
ਜਦ ਤੱਕ ਤੁਸੀਂ ਲੜੋਗੇ
ਸਾਡੇ ਸਾਮਰਾਜ ਨੂੰ ਕੋਈ ਖਤਰਾ ਨਹੀਂ

ਪ੍ਰੋ.ਜਸਵੰਤ ਸਿੰਘ, ਹੱਡੀ ਵਾਲਾ
94634-31882

ਮਿੰਨੀ ਕਹਾਣੀ


ਸੇਵਾਦਾਰ

ਵਕੀਲ ਚੰਦ ਛੋਟਾ ਦੁਕਾਨਦਾਰ ਸੀ। ਪਿੰਡ ਵਿੱਚ ਕਰਿਆਨੇ ਦੀ ਦੁਕਾਨ ਕਰਦਾ ਸੀ। ਉਧਾਰ ਜ਼ਿਆਦਾ ਹੋਣ ਕਾਰਣ ਪੰਜੇ ਪੂਰੀਆਂ ਨਹੀਂ ਸਨ ਹੁੰਦੀਆਂ। ਘਰ ਤੇ ਸੰਕਟ ਦੇ ਬੱਦਲ ਛਾਏ ਰਹਿੰਦੇ ਸਨ। ਸੋਚ ਵਿਚਾਰ ਕਰਕੇ ਉਹ ਨੇੜਲੇ ਸ਼ਹਿਰ ਨਵੀਂ ਬਣੀ ਧਾਰਮਿਕ ਸੰਸਥਾ ਨਾਲ ਜਾ ਜੁੜਿਆ। ਧਾਰਮਿਕ ਸੰਸਥਾ ਵੱਲੋਂ ਬਣਾਏ ਸਥਾਨ ਤੇ ਚੜ੍ਹਦੇ ਚੜ੍ਹਾਵੇ ਨਾਲ ਮੈਂਬਰਾਂ ਨੇ ਰਾਇ ਕਰਕੇ ਇੱਕ ਐਂਬੂਲੈਂਸ ਪਾ ਲਈ। ਨਾਲੇ ਪੁੰਨ ਨਾਲੇ ਫਲੀਆਂ। ਐਂਬੂਲੈਂਸ ਦੀ ਬੁਕਿੰਗ ਦਾ ਸਾਰਾ ਕੰਮ ਵਕੀਲ ਚੰਦ ਕਰਦਾ। ਕੁਝ ਸਾਲਾਂ ਵਿੱਚ ਹੀ ਸੰਸਥਾ ਨੇ ਇੱਕ ਨਵੀਂ ਐਂਬੂਲੈਂਸ ਹੋਰ ਪਾ ਲਈ। ਵਕੀਲ ਚੰਦ ਨੇ ਆਪਣੀ ਦੁਕਾਨ ਦਾ ਕੰਮ ਛੱਡਿਆ ਤੇ ਸੰਸਥਾ ਦਾ ਹੋ ਗਿਆ। ਅਗਲੇ ਹੀ ਸਾਲ ਵਕੀਲ ਆਪਣੀ ਨਵੀਂ ਨਿੱਜੀ ਐਂਬੂਲੈਂਸ ਦਾ ਮਾਲਕ ਬਣ ਗਿਆ। ਹਰ ਕਿਸੇ ਨੂੰ ਆਖਦਾ, ਮਾਲਕ ਨੇ ਕੀਤੀ ਸੇਵਾ ਦਾ ਮੁੱਲ ਮੋੜਿਆ ਹੈ। ਉਸੇ ਸਾਲ ਹੀ ਉਸਨੇ ਪਿੰਡ ਕਰਿਆਨੇ ਦੀ ਦੁਕਾਨ ਛੱਡ ਕੇ ਸ਼ਹਿਰ ਵੱਡੀ ਦੁਕਾਨ ਕਰ ਲਈ। ਹੁਣ ਉਹ ਸੇਵਾਦਾਰ ਸੇਠ ਵਕੀਲ ਚੰਦ ਦੇ ਨਾਂ ਨਾਲ ਜਾਣਿਆ ਜਾਣ ਲੱਗਾ ਸੀ।

ਪ੍ਰੋ. ਕੇ.ਸੀ. ਰੁਪਾਣਾ

ਕੇਸ ਰਿਪੋਰਟ

ਘਟਨਾਵਾਂ ਦਾ ਰਹੱਸ



ਅਜਾਇਬ ਜਲਾਲਆਣਾ

ਸਿਰਸਾ ਜਿਲ੍ਹਾ ਦੇ ਇੱਕ ਪਿੰਡ ਵਿੱਚ ਕਈ ਦਿਨਾਂ ਤੋਂ ਰਹੱਸਮਈ ਢੰਗ ਨਾਲ਼ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ। ਕੇਸ ਨੂੰ ਸੁਲਝਾਉਣ ਲਈ ਪੀੜਤ ਪਰਿਵਾਰ ਸੁਸਾਇਟੀ ਕੋਲ਼ ਪਹੁੰਚ ਕਰ ਰਿਹਾ ਸੀ। ਉਸ ਪਰਿਵਾਰ ਦਾ ਮੁਖੀਆ ਉਦਾਸ ਰੌਂਅ ਚ ਹੋਇਆ ਫੋਨ ਤੇ ਆਖਦਾ,ਸਾਨੂੰ ਬਚਾਅ ਲਵੋ ਜੀ, ਸਾਡਾ ਸਾਰਾ ਕੁਝ ਹੀ ਅੱਗ ਨਾਲ਼ ਖ਼ਤਮ ਹੋ ਰਿਹਾ। ਸਾਡੀ ਵੱਡੀ ਨੂੰਹ ਦੇ ਘਰ ਦਾ ਸਭ ਸਮਾਨ ਖ਼ਤਮ ਹੋ ਗਿਆ। ਘਰ ਛੋਟਿਆਂ-ਵੱਡਿਆਂ ਦੇ ਤਨ ਢੱਕਣ ਵਾਸਤੇ ਕਪੜੇ ਵੀ ਨਹੀਂ ਰਹੇ। ਨਾਂ ਹੀ ਬਿਸਤਰੇ ਬਚੇ ਸਭ ਸਵਾਹ ਹੋ ਗਏ। ਅਸੀਂ ਡਰਦੇ ਮਾਰੇ ਰਾਤਾਂ ਵੀ ਬਾਹਰ ਰਿਸ਼ਤੇਦਾਰੀ 'ਚ ਕੱਟਦੇ ਹਾਂ। ਸਾਨੂੰ ਆਪਣੇ ਘਰ ਤੋਂ ਹੀ ਡਰ ਲੱਗਣ ਲੱਗ ਪਿਆ। ਹੁਣ ਤਾਂ ਸਾਡੇ ਛੋਟੇ-ਛੋਟੇ ਬੱਚਿਆਂ ਦੇ ਕੱਪੜਿਆਂ ਨੂੰ ਵੀ ਅੱਗ ਲੱਗਣ ਲੱਗ ਪਈ। ਮਿਹਰਬਾਨੀ ਕਰਕੇ ਸਾਡਾ ਮਸਲਾ ਜਲਦੀ ਹੱਲ ਕਰੋ।

ਉਸ ਪਿੰਡ ਦੇ ਕਈ ਮੁਹਤਬਰਾਂ ਦੇ ਫੋਨ ਵੀ ਆਏ, ਉਹਨਾਂ ਵੀ ਪੀੜਤ ਪਰਿਵਾਰ ਦੀ ਸਹਾਇਤਾ ਲਈ ਆਖਿਆ।

ਛੁੱਟੀ ਵਾਲ਼ੇ ਦਿਨ ਜਗਤਾਰ ਸਿੰਘ, ਪੁਸ਼ਪਿੰਦਰ, ਭਗਵਾਨ ਦਾਸ ਤੇ ਮੈਂ ਮਸਲਾ ਹੱਲ ਕਰਨ ਲਈ ਉਸ ਪਿੰਡ ਨੂੰ ਤੁਰੇ। ਅਸੀਂ ਉਹਨਾਂ ਦੇ ਘਰ ਪਹੁੰਚੇ। ਲੋਕਾਂ ਦਾ ਵੱਡਾ ਇਕੱਠ ਜੋ ਸਾਨੂੰ ਉਡੀਕ ਰਿਹਾ ਸੀ। ਉਹਨਾਂ ਨਾਲ਼ ਮੁੱਢਲੀ ਜਾਣਕਾਰੀ ਤੇ ਜਾਣ ਪਹਿਚਾਣ ਕਰਕੇ ਉੱਥੋਂ ਚਲੇ ਜਾਣ ਲਈ ਕਿਹਾ, ਅਤੇ ਕਿਹਾ ਕਿ ਜਰੂਰਤ ਦੇ ਹਿਸਾਬ ਨਾਲ਼ ਅਸੀਂ ਤੁਹਾਨੂੰ ਬਲਾਉਂਦੇ ਰਹਾਂਗੇ। ਅਸੀਂ ਘਰ ਦੇ ਸਾਰੇ ਮੈਂਬਰਾਂ ਨਾਲ਼ ਇਕਾਂਤ ਵਿੱਚ ਗੱਲ-ਬਾਤ ਸ਼ੁਰੂ ਕੀਤੀ ਤੇ ਉਹਨਾਂ ਨੇ ਅੱਗ ਲੱਗੇ ਕਪੜਿਆਂ ਦਾ ਵੱਡਾ ਢੇਰ ਵਿਖਾਇਆ। ਵੱਡੀ ਨੂੰਹ ਦੇ ਹਿੱਸੇ ਵਾਲ਼ਾ ਕਮਰਾ ਵੇਖਣ ਤੇ ਉਸ ਵਿੱਚ ਰੱਖਿਆ ਸਾਰਾ ਸਮਾਨ ਅੱਗ ਨਾਲ਼ ਬਲ਼ਕੇ ਰਾਖ ਹੋਇਆ ਪਿਆ ਸੀ। ਫ਼ਿਰ ਉਹ ਇੱਕ ਗੋਦ ਚੁੱਕੀ ਕੁੜੀ ਨੂੰ ਲੈ ਕੇ ਆਏ। ਉਸਦੀ ਇੱਕ ਬਾਂਹ ਅੱਗ ਨਾਲ਼ ਮੱਚੀ ਹੋਈ ਸੀ। ਉਹ ਵਾਰ-ਵਾਰ ਹੋਈਆਂ ਘਟਨਾਵਾਂ ਬਾਰੇ ਦੱਸ ਰਹੇ ਸਨ। ਕਹਿੰਦੇ ਅਸੀਂ ਘਰ ਦੇ ਬਚੇ ਹੋਏ ਸਾਰੇ ਕਪੜਿਆਂ ਦੀਆਂ ਪੰਡਾਂ ਬੰਨ੍ਹਕੇ ਕਿਸੇ ਰਿਸ਼ਤੇਦਾਰ ਦੇ ਘਰ ਰੱਖਕੇ ਆਏ ਸਾਂ। ਉਥੇ ਪਏ ਕਪੜੇ ਵੀ ਮੱਚਗੇ। ਛੋਟੀ ਨੂੰਹ ਦੇ ਕਮਰੇ ਵਾਲ਼ੇ ਕਪੜੇ ਨਹੀਂ ਮੱਚੇ। ਹਾਂ ਉਸਦੀ ਬੰਦ ਪੇਟੀ ਜਿਸਨੂੰ ਤਾਲਾ ਲੱਗਿਆ ਹੋਇਆ ਸੀ ਉਸ ਵਿੱਚੋਂ ਰੱਖਿਆ ਵੱਡੀ ਬਹੂ ਦਾ ਇੱਕ ਸੂਟ ਰਹੱਸਮਈ ਢੰਗ ਨਾਲ਼ ਬਾਹਰ ਨਿਕਲਿਆ ਤੇ ਉਸਨੂੰ ਵੀ ਅੱਗ ਲੱਗ ਗਈ ਸੀ।

ਇੱਕ ਦਿਨ ਵੱਡੀ ਬਹੂ ਗੁਸਲਖਾਨੇ ਨਹਾ ਰਹੀ ਸੀ ਨਹਾਉਣ ਵੇਲ਼ੇ ਉਸਦੇ ਕੱਪੜੇ ਮੱਚਣ ਲੱਗੇ। ਧੂੰਆਂ ਅਸਮਾਨੀਂ ਚੜ੍ਹਨ ਲੱਗਾ। ਇੱਕ ਦਿਨ ਸਾਰਾ ਟੱਬਰ ਘਰ ਬੈਠਾ ਸੀ। ਸਾਹਮਣੇ ਕੱਪੜੇ ਧੋਕੇ ਤਾਰ ਤੇ ਸੁੱਕਣੇ ਪਾਏ ਹੋਏ ਸਨ। ਸੁੱਕਣੇ ਪਾਏ ਉਹ ਕੱਪੜੇ ਵੀ ਅੱਗ ਨਾਲ ਧੁਖਣ ਲੱਗੇ। ਸਾਰੇ ਮੈਂਬਰ ਸਾਨੂੰ ਅੱਗ ਲੱਗਣ ਦਾ ਨਵਾਂ ਵਰਤਾਰਾ ਦਸਦੇ ਰਹੇ। ਜਦ ਸਾਡੀ ਨਜ਼ਰ ਉਹਨਾਂ ਦੇ ਘਰ ਲੱਗੀ ਕਿੱਕਰ ਤੇ ਪਈ ਤਾਂ ਅਸੀਂ ਹੈਰਾਨ ਕਿਉਂਕਿ ਉਸ ਉਪਰ ਇੱਕ ਮਰੇ ਹੋਏ ਬੱਕਰੇ ਦੀ ਸਿਰ ਸਮੇਤ ਖੱਲ ਟੰਗੀ ਪਈ ਸੀ! ਪੁੱਛਣ ਤੇ ਪਤਾ ਲੱਗਾ ਇੱਕ ਪੰਜਾਬ ਤੋਂ ਆਏ ਬਾਬੇ ਨੇ ਤਿੰਨ ਦਿਨਾਂ ਤੱਕ ਅੱਗ ਲੱਗਣ ਨੂੰ ਰੋਕਣ ਦਾ ਉਪਾਅ ਕੀਤਾ। ਜਿਸ ਵਿਚ ਉਹ ਸੱਤ ਹਜਾਰ ਰੁਪਿਆ ਨਕਦ, ਇੱਕ ਬੱਕਰਾ ਤੇ ਕਈ ਬੋਤਲਾਂ ਸ਼ਰਾਬ ਦੀਆਂ ਦੀ ਬਲੀ ਲੈ ਫੁਰਰ ਹੋ ਚੁੱਕਿਆ ਸੀ, ਐਸੇ ਤਰ੍ਹਾਂ ਹੋਰ ਬਹੁਤੇ ਚੇਲੇ-ਚਪਾਟੇ ਹਜ਼ਾਰਾਂ ਰੁਪਏ ਲੈ ਚੁੱਕੇ ਸਨ, ਪਰ ਮਸਲਾ ਫੇਰ ਵੀ ਹੱਲ ਨਹੀਂ ਹੋਇਆ।

ਅਸੀਂ ਦੋ ਟੀਮਾਂ ਬਣਾ ਲਈਆਂ। ਸਾਰੇ ਮੈਂਬਰਾਂ ਤੋਂ ਵਾਰੀ-ਵਾਰੀ ਪੁੱਛ-ਗਿੱਛ ਸ਼ੁਰੂ ਕੀਤੀ। ਅਸੀਂ ਦੁਬਾਰਾ ਚਾਰੋਂ ਇਕੱਠੇ ਹੋਕੇ ਆਪਸੀ ਤੱਥਾਂ ਘਟਨਾਵਾਂ ਨੂੰ ਜੋੜਦੇ ਕੋਈ ਸਿੱਟਾ ਕੱਢਣ ਦੀ ਕੋਸ਼ਿਸ਼ ਕਰਦੇ। ਘਟਨਾ ਵਾਪਰਨ ਵੇਲ਼ੇ ਮੌਜੂਦਗੀ, ਸਮਾਂ, ਸਥਿਤੀਆਂ ਦੇ ਹਿਸਾਬ ਨਾਲ਼ ਸਾਨੂੰ ਆਖਰੀ ਸਿੱਟਾ ਕੱਢਣ ਵਿੱਚ ਦੇਰ ਨਾ ਲੱਗੀ ਕਿਉਂਕਿ ਇੱਕ ਘਟਨਾ ਇੰਝ ਵਾਪਰੀ। ਛੋਟੀ ਨੂੰਹ ਰਸੋਈ ਵਿੱਚ ਖਾਣਾ ਬਣਾ ਰਹੀ ਸੀ। ਸੱਸ-ਸਹੁਰਾ ਅਤੇ ਜੇਠ ਬਾਹਰ ਵਿਹੜੇ 'ਚ ਬੈਠੇ ਹੋਏ ਸਨ। ਇੱਕ ਛੋਟੀ ਕੁੜੀ ਰਸੋਈ ਚੋਂ ਰੋਟੀ ਲੈਕੇ ਆਪਣੇ ਦਾਦੇ ਨੂੰ ਫੜਾ ਰਹੀ ਸੀ। ਰਸੋਈ ਵਿੱਚੋਂ ਹੀ ਉਸਨੂੰ ਪਿੱਛੋਂ ਅੱਗ ਲੱਗ ਜਾਂਦੀ ਹੈ। ਸਾਰਾ ਟੱਬਰ ਹੱਥਲੀਂ ਪੈ ਗਿਆ। ਅੱਗ ਤਾਂ ਬੁਝ ਗਈ ਕੋਈ ਵੱਡਾ ਨੁਕਸਾਨ ਨਹੀਂ ਹੋਇਆ।

ਘਟਨਾਵਾਂ ਦੀਆਂ ਤੰਦਾਂ ਜੋੜੀਆਂ ਤਾਂ ਰਹੱਸ ਸਾਹਮਣੇ ਆਉਣ ਲੱਗਾ। ਪਰਿਵਾਰ ਅੰਤਾਂ ਦਾ ਗਰੀਬ ਤੇ ਅੰਧਵਿਸ਼ਵਾਸੀ ਸੀ। ਵੱਡਾ ਮੁੰਡਾ ਕੋਈ ਕੰਮ ਧੰਦਾ ਨਹੀਂ ਕਰਦਾ ਸੀ। ਉਹ

ਸਾਜ਼-ਸੰਗੀਤ ਦਾ ਸ਼ੌਂਕੀ ਤੇ ਕਿਸੇ ਡੇਰੇ ਦਾ ਭਗਤ ਵੀ ਸੀ ਉਹ ਕਿਸੇ ਦੇ ਲਗਦੀ ਸੰਗਤ ਤੇ ਮੁਫ਼ਤ 'ਚ ਢੋਲਕੀ ਕੁੱਟਦਾ ਰਹਿੰਦਾ ਸੀ। ਛੋਟਾ ਮੁੰਡਾ ਵੀ ਵਿਗੜਿਆ ਹੋਇਆ ਸੀ। ਕੁੱਝ ਸਮਾਂ ਪਹਿਲਾਂ ਨਸ਼ਿਆਂ-ਪੱਤਿਆਂ ਵਿਚ ਇਨਾਂ ਧਸ ਚੁਕਿਆ ਸੀ ਉਸਨੂੰ ਘਰ ਦੇ ਮੰਜੇ ਨਾਲ਼ ਬੰਨ੍ਹਕੇ ਰੱਖਦੇ। ਹੁਣ ਉਹ ਵੀ ਕੋਈ ਕੰਮ ਕਾਰ ਨਹੀਂ ਕਰਦਾ ਸੀ। ਬਜ਼ੁਰਗਾਂ ਦੀ ਪੈਨਸ਼ਨ ਤੇ ਘਰਾਂ ਦਾ ਖਰਚ ਚਲਦਾ ਜਾਂ ਕਦੀ-ਕਦਾਈਂ ਕੋਈ ਟਾਂਵੀ ਦਿਹਾੜੀ ਲੱਗ ਜਾਂਦੀ ਸੀ।

ਘਰ ਵਿੱਚ ਗਰੀਬੀ ਹੋਵੇ ਤਾਂ ਸਧਾਰਣ ਮਸਲੇ ਵੀ ਵਿਗੜਨ ਲਗਦੇ ਹਨ। ਏਥੇ ਤਾਂ ਮਸਲੇ ਵੀ ਗੰਭੀਰ ਸਨ। ਦੋਵੇਂ ਨੂੰਹਾਂ ਲੋਕਾਂ ਦੇ ਘਰਾਂ 'ਚ ਛੋਟਾ-ਮੋਟਾ ਕੰਮ ਕਰਦੀਆਂ। ਦਰਅਸਲ ਉਹ ਦੋਵੇਂ ਅਸਿੱਧੇ ਢੰਗ ਨਾਲ਼ ਆਪਣੇ ਘਰ ਵਾਲਿਆਂ ਨੂੰ ਕੰਮ ਕਰਨ ਦਾ ਅਹਿਸਾਸ ਕਰਾਉਣ ਲਈ ਹੀ ਸ਼ਾਇਦ ਇਸ ਰਾਹ ਤੁਰੀਆਂ ਸਨ। ਪਹਿਲਾਂ ਅਣਬਣ, ਫ਼ਿਰ ਈਰਖਾ ਤੇ ਆਖ਼ਰ ਨਤੀਜਾ। ਖਾਮਿਆਜ਼ਾ ਸਾਰੇ ਹੀ ਭੁਗਤ ਰਹੇ ਸਨ।

ਅਸੀਂ ਸਾਰੇ ਪਰਿਵਾਰ ਨੂੰ ਇਕੱਠਾ ਕਰਕੇ ਚੰਗੀ ਤਰ੍ਹਾਂ ਸਿਲਸਲੇਵਾਰ ਸਾਰੀਆਂ ਘਟਨਾਵਾਂ ਦੀ ਵਿਆਖਿਆ ਕਰਕੇ ਉਹਨਾਂ ਨੂੰ ਸਮਝਾ ਦਿੱਤਾ। ਜਿਵੇਂ ਅਸੀਂ ਤਾਲਾ ਲੱਗੀ ਬੰਦ ਪੇਟੀ ਵਿੱਚੋਂ ਹੱਥ ਪਾਕੇ ਸੂਟ ਬਾਹਰ ਕੱਢਕੇ ਵਿਖਾਇਆ, ਇਹ ਵੀ ਸਾਫ ਕੀਤਾ ਕਿ ਇਸ ਪਿੱਛੇ ਕੋਈ ਗ਼ੈਬੀ ਸ਼ਕਤੀ ਨਹੀਂ ਹੈ। ਅਸੀਂ ਉਹਨਾਂ ਨੂੰ ਇਹ ਯਕੀਨ ਵੀ ਦਿਵਾਇਆ ਕਿ ਘਟਨਾਵਾਂ ਦੁਬਾਰਾ ਨਹੀਂ ਵਾਪਰਨਗੀਆਂ। ਇਸ ਕਾਰਜ ਲਈ ਸਾਰੇ ਪਰਿਵਾਰ ਦਾ ਸਹਿਯੋਗ ਜਰੂਰੀ ਹੈ। ਇੱਕ ਦੂਸਰੇ ਦਾ ਸਤਿਕਾਰ, ਸਾਥ ਤੇ ਵਿਸ਼ਵਾਸ ਘਰ ਦੇ ਮਾਹੌਲ ਨੂੰ ਸੁਖਾਵੇਂ ਰੁਖ਼ ਮੋੜਨ ਲਈ ਬਹੁਤ ਜਰੂਰੀ ਹੈ। ਕੋਈ ਛੋਟੀ-ਮੋਟੀ ਘਟਨਾ ਦੇ ਰੂਪ ਵਿਚ ਕੋਈ ਬਾਹਰੀ ਅਨਸਰ ਸ਼ਰਾਰਤ ਵੀ ਕਰ ਸਕਦਾ ਹੈ,ਉਸਤੋਂ ਡਰਨਾ ਨਹੀਂ ਚੌਕਸ ਰਹਿਣਾ ਹੈ। ਨਾਲ਼ ਹੀ ਘਰ ਦੇ ਮਰਦ ਮੈਂਬਰਾਂ ਨੂੰ ਘਰ ਚਲਾਉਣ ਦੀ ਜ਼ਿੰਮੇਵਾਰੀ ਸਾਂਭਣ ਦਾ ਸੁਝਾਅ ਦਿੱਤਾ, ਜਿਹੜਾ ਉਹਨਾਂ ਸਵੀਕਾਰ ਵੀ ਕੀਤਾ।

ਅਸੀਂ ਸਾਰੇ ਬਾਲਗ ਮੈਂਬਰਾਂ ਨੂੰ ਮੁੜ ਤੋਂ ਸਿਰ ਜੋੜ ਕੇ ਬੈਠਣ ਤੇ ਘਰ ਵਸਦਾ ਕਰਨ ਲਈ ਇੱਕ ਸਾਥ ਰਹਿਣ ਲਈ ਵੀ ਆਖਿਆ। ਘਟਨਾਵਾਂ ਲਈ ਸਿੱਧੇ ਅਸਿੱਧੇ ਰੂਪ ਚ ਜ਼ਿੰਮੇਵਾਰ ਕਾਰਣਾਂ ਨੂੰ ਨਿਖੇੜ ਕੇ ਸਾਰਿਆਂ ਦੇ ਸਾਹਮਣੇ ਰੱਖਿਆ। ਸਾਰੇ ਚੁੱਪ ਸਨ, ਸ਼ਾਇਦ ਕੀਤੀ ਤੇ ਪਛਤਾਵਾ ਕਰ ਰਹੇ ਸਨ।ਸਾਡਾ ਯਤਨ ਤੇ ਉਹਨਾਂ ਦਾ ਸਾਥ ਰੰਗ ਲਿਆਇਆ, ਕਾਰਣ ਸੁਲਝ ਜਾਣ ਤੇ ਘਟਨਾਵਾਂ ਬੰਦ ਹੋ ਗਈਆਂ।

94167-24331

ਸੁਆਮੀ ਦੀ ਕਸਰ

ਅਸੀਂ ਪੀੜਤ ਪਰਿਵਾਰ ਦੇ ਘਰ ਪਹੁੰਚੇ ਤੇ ਮੁਢਲੀ ਜਾਣਕਾਰੀ ਲਈ ਮਾਪਿਆਂ ਨੂੰ ਬੁਲਾਇਆ। ਉਹਨਾਂ ਦੇ ਨਾਲ ਹੀ ਲੜਕੀ ਵੀ ਆ ਗਈ। ਉਤਰਿਆ ਚਿਹਰਾ, ਖਿੱਲਰੇ ਵਾਲ ਉਸਦੇ ਹਾਲਤ ਦਰਸਾ ਰਹੇ ਸਨ। ਲੜਕੀ ਨੇ ਸਾਡੇ ਵੱਲ ਵੇਖਿਆ ਤੇ ਸਿਰ ਘੁਮਾਉਣਾ ਸ਼ੁਰੂ ਕਰ ਦਿੱਤਾ। ਸੁਆਮੀ ਜੀ ਦੀ ਸੇਵਾ ਲੱਗੀ ਏ, ਮੈਨੂੰ। ਉਸ ਦੇ ਇਹ ਆਖਦਿਆਂ ਹੀ ਉਸਦੇ ਮਾਂ ਬਾਪ ਹੱਥ ਜੋੜਨ ਲੱਗੇ। ਕ੍ਰਿਪਾ ਕਰੋ, ਸੁਆਮੀ ਜੀ ਕ੍ਰਿਪਾ।ਕੁਝ ਮਿੰਟ ਲੜਕੀ ਸਿਰ ਘੁਮਾਉਂਦੀ ਰਹੀ। ਫ਼ਿਰ ਰੁਕ ਕੇ ਬੋਲੀ, ਹੋ ਗਿਆ ਯਕੀਨ ਤੁਹਾਨੂੰ ? ਅਸੀਂ ਲੜਕੀ ਨੂੰ ਅੰਦਰ ਭੇਜ ਕੇ ਆਪਣੀ ਪੜਤਾਲ ਆਰੰਭੀ।

ਸਾਡੀ ਕੁੜੀ ਬਾਰਾਂ ਜਮਾਤਾਂ ਪਾਸ ਹੈ। ਲੜਕੀ ਦੀ ਮਾਂ ਦੱਸਣ ਲੱਗੀ। ਚੰਗੀ ਭਲੀ ਸੀ, ਦੋ ਮਹੀਨੇ ਪਹਿਲਾਂ। ਘਰ ਦਾ ਸਾਰਾ ਕੰਮ ਕਾਰ ਕਰਦੀ। ਕਦੇ ਸਿਰ ਵੀ ਨਹੀਂ ਸੀ ਦੁਖਿਆ, ਇਹਦਾ ਤਾਂ। ਘਰ ਦੇ ਕੰਮ ਕਾਰ ਤੋਂ ਵਿਹਲੀ ਹੋ ਗਲੀ ਗੁਆਂਢ ਦੇ ਬੱਚਿਆਂ ਨੂੰ ਪੜ੍ਹਾ ਵੀ ਦਿੰਦੀ ਸੀ। ਡਾਕਟਰ ਕਹਿੰਦੇ, ਰਿਪੋਰਟਾਂ ਵਿੱਚ ਕੁਸ਼ ਨੀਂ, ਇਹਨੂੰ ਤਾਂ ਕੋਈ ਬਿਮਾਰੀ ਨਹੀਂ। ਮਨ ਤੇ ਬੋਝ ਹੋ ਸਕਦਾ। ਸਾਡੀ ਸਮਝ ਤੋਂ ਤਾਂ ਬਾਹਰ ਹੈ। ਅਸੀਂ ਤਾਂ ਸੁੱਖ ਨਾਲ ਦੋ ਮਹੀਨਿਆਂ ਨੂੰ ਇਹਦੇ ਵਿਆਹ ਬਾਰੇ ਸੋਚ ਰਹੇ ਸਾਂ।


ਲੜਕੀ ਦੇ ਬਾਪ ਨੇ ਦੱਸਿਆ ਕਿ ਮਹੀਨਾ ਪਹਿਲਾਂ ਹੀ ਇਸ ਦੀ ਮੰਗਣੀ ਕੀਤੀ ਹੈ। ਉਹ ਵਧੀਆ ਚੰਗਾ ਸ਼ਰੀਫ਼ ਪਰਿਵਾਰ ਹੈ। ਸੁਆਮੀ ਦੇ ਪਿਛੋਕੜ ਬਾਰੇ ਉਸਨੇ ਦੱਸਿਆ ਕਿ ਸਾਡੇ ਵੱਡ ਵਡੇਰੇ ਸੁਆਮੀ ਜੀ ਨੂੰ ਮੰਨਦੇ ਸਨ। ਪਹਾੜਾਂ ਵਿੱਚ ਉਹਨਾਂ ਦਾ ਡੇਰਾ ਹੈ। ਅਸੀਂ ਵੀ ਕਦੇ ਸਾਲ ਛਿਮਾਹੀ ਡੇਰੇ ਤੇ ਜਾ ਆਉਂਦੇ ਹਾਂ। ਜਦੋਂ ਦੀ ਬਿਮਾਰ ਹੋਈ ਹੈ, ਸੁਆਮੀ ਜੀ ਦਾ ਸਮਾਨ ਮੰਗਦੀ ਹੈ। ਲੜਕੀ ਬਹੁਤਾ ਕੁਸ਼ ਦੱਸਣ ਦੀ ਹਾਲਤ ਵਿੱਚ ਨਹੀਂ ਸੀ। ਪੜਤਾਲ ਦੇ ਚਲਦਿਆਂ ਮਸਲੇ ਦੀ ਤੰਦ ਹੱਥ ਆ ਗਈ। ਲੜਕੀ ਦੀ ਮਾਂ ਤੋਂ ਪਤਾ ਲੱਗਾ ਕਿ ਉਹ ਮੰਗਣੀ ਤੋਂ ਮਗਰੋਂ ਅਕਸਰ ਹੀ ਆਪਣੇ ਬਣਨ ਵਾਲੇ ਜੀਵਨ ਸਾਥੀ ਨਾਲ ਮੋਬਾਈਲ ਤੇ ਗੱਲਬਾਤ ਕਰ ਲੈਂਦੀ ਸੀ। ਗੱਲ ਸਮਝ ਵਿੱਚ ਆ ਗਈ ਸੀ। ਅਸੀਂ ਉਹਨਾਂ ਨੂੰ ਮਸ਼ਵਰਾ ਕੇਂਦਰ ਤੇ ਆਉਣ ਬਾਰੇ ਆਖ ਕੇ ਵਾਪਸ ਆ ਗਏ।

ਕੇਂਦਰ ਤੇ ਆ ਕੇ ਲੜਕੀ ਨੇ ਆਪਣੀ ਮਨੋ ਸਥਿਤੀ ਬਿਆਨ ਦਿੱਤੀ। ਉਹਨਾਂ ਦੀ ਆਪਸ ਵਿੱਚ ਕਿਸੇ ਗੱਲ ਤੇ ਹੋਈ ਅਣਬਣ ਨੂੰ ਉਸਦਾ ਕੋਮਲ ਮਨ ਸਹਾਰ ਨਹੀਂ ਸਕਿਆ ਤੇ ਉਹ ਇਸ ਹਾਲਤ ਵਿੱਚ ਆ ਗਈ। ਥੋੜ੍ਹੀ ਕੌਂਸਲਿੰਗ ਨਾਲ ਹੀ ਉਹ ਠੀਕ ਹੋ ਗਈ ਤੇ ਸੁਆਮੀ ਦੀ ਕਸਰ ਕਾਫ਼ੂਰ ਹੋ ਗਈ।

ਰਾਜ ਸਿੰਘ ਮੱਲ੍ਹਾ

ਸਵੈ ਕਥਨ

ਵਿਗਿਆਨ ਤੇ ਤਰਕ ਸਦਕਾ



ਹਿਮਾਂਸ਼ੂ ਕੁਮਾਰ

ਮੈਂ ਪਹਿਲਾਂ ਪੂਜਾ ਪਾਠ ਕਰਿਆ ਕਰਦਾ ਸਾਂ। ਉਦੋਂ ਮੈਂ ਕਾਫ਼ੀ ਡਰਿਆ ਹੋਇਆ ਤੇ ਮਨ ਵਿੱਚ ਹਨੇਰਾ ਮਹਿਸੂਸ ਕਰਿਆ ਕਰਦਾ ਸਾਂ। ਜਦੋਂ ਤੋਂ ਮੈਂ ਵਿਗਿਆਨ ਤੇ ਤਰਕ ਨਾਲ ਸੋਚਣ ਲੱਗਾ ਤਾਂ ਮਨ ਚੋਂ ਪ੍ਰਮਾਤਮਾ ਦਾ ਡਰ ਖਤਮ ਹੋਣ ਲੱਗਾ। ਸਾਰੇ ਸੁਆਲਾਂ ਦੇ ਉੱਤਰ ਮਿਲਣ ਲੱਗੇ। ਦਿਮਾਗ਼ ਦੇ ਹਨੇਰੇ ਖਤਮ ਹੋਣ ਲੱਗੇ। ਹੁਣ ਮੈਂ ਬਹੁਤ ਖੁਸ਼ ਤੇ ਸੁਲਝਿਆ ਹੋਇਆ ਮਹਿਸੂਸ ਕਰਦਾ ਹਾਂ। ਹੁਣ ਮੈਨੂੰ ਨਾ ਕਿਸੇ ਧਰਮ ਵਾਲੇ ਤੋਂ ਨਫ਼ਰਤ ਹੁੰਦੀ ਹੈ ਨਾ ਹੀ ਕਿਸੇ ਨੂੰ ਜਾਤ ਕਰਕੇ ਛੋਟਾ ਜਾਂ ਵੱਡਾ ਸਮਝਦਾ ਹਾਂ। ਤਰਕ ਤੇ ਵਿਗਿਆਨ ਦੇ ਅਧਾਰ ਤੇ ਸੋਚਣ ਕਰਕੇ ਹੁਣ ਮੈਨੂੰ ਸਾਰੇ ਇਨਸਾਨ ਇੱਕੋ ਜਿਹੇ ਲੱਗਣ ਲੱਗੇ ਹਨ।

ਦੇਸ਼ਾਂ ਦੀਆਂ ਸਰਹੱਦਾਂ ਕਰਕੇ ਕੁੜ੍ਹਦੇ ਹੋਏ, ਗੁਆਂਢੀ ਦੇਸ਼ਾਂ ਪ੍ਰਤੀ ਨਫ਼ਰਤਾਂ ਨਾਲ ਭਰੇ ਹੋਏ, ਦੂਸਰੇ ਧਰਮ ਵਾਲਿਆਂ ਨੂੰ ਗਾਲ੍ਹਾਂ ਦੇਣ ਵਾਲਿਆਂ ਤੇ ਜਾਤੀਵਾਦ ਵਿੱਚ ਗ੍ਰਸੇ ਲੋਕਾਂ ਨੂੰ ਵੇਖ ਮੈਨੂੰ ਬਹੁਤ ਤਰਸ ਆਉਂਦਾ ਹੈ। ਮੈਨੂੰ ਮਹਿਸੂਸ ਹੁੰਦਾ ਹੈ ਕਿ ਇਹ ਸਭ ਵਿਚਾਰੇ ਬਿਮਾਰ ਲੋਕ ਹਨ। ਹੁਣ ਮੈਂ ਤਰਕ ਤੇ ਵਿਗਿਆਨ ਦੇ ਆਧਾਰ ਤੇ ਸੋਚਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਰੁੱਖ, ਨਦੀ, ਜਾਨਵਰ, ਪਹਾੜ ਤੇ ਮੈਂ ਸਾਰੇ ਇੱਕ ਹੀ ਹਾਂ। ਹੁਣ ਮੈਂ ਆਸ ਪਾਸ ਦੀ ਦੁਨੀਆਂ ਤੇ ਕੁਦਰਤ ਨਾਲ ਜ਼ਿਆਦਾ ਪਿਆਰ ਮਹਿਸੂਸ ਕਰਦਾ ਹਾਂ। ਸੱਚ ਜਾਨਣਾ ਹੀ ਇਨਸਾਨ ਦਾ ਧਰਮ ਹੈ। ਵਿਗਿਆਨ ਤੇ ਤਰਕ ਹੀ ਸੱਚ ਨੂੰ ਜਾਨਣ ਦਾ ਤਰੀਕਾ ਹੈ। ਜਿਹੜੇ ਲੋਕ ਇਹ ਮੰਨ ਬੈਠੇ ਹਨ ਕਿ ਜਿਸ ਧਰਮ ਵਿੱਚ ਉਹ ਪੈਦਾ ਹੋਏ ਹਨ, ਉਹ ਹੀ ਸਭ ਤੋਂ ਚੰਗਾ ਤੇ ਸੱਚਾ ਹੈ। ਇਹ ਸਭ ਨਾ ਸਮਝ ਲੋਕ ਹਨ। ਯਕੀਨ ਮੰਨਣਾ, ਜਦੋਂ ਤੱਕ ਅਸੀਂ ਇਹਨਾਂ ਪੁਰਾਣੇ ਅੰਧਵਿਸ਼ਵਾਸਾਂ ਤੋਂ ਆਜ਼ਾਦ ਨਹੀਂ ਹੁੰਦੇ, ਨਾ ਯੁੱਧ ਬੰਦ ਹੋਣਗੇ, ਨਾ ਸ਼ਾਂਤੀ ਆਏਗੀ ਤੇ ਨਾ ਹੀ ਨਫਰਤਾਂ ਖ਼ਤਮ ਹੋਣਗੀਆਂ।

ਧਮਕੀਆਂ, ਸੱਤਾ ਤੇ ਸਿਆਸਤ:

ਰਾਮ ਪੁਨਿਆਨੀ ਨੂੰ ਧਮਕੀ ਦਿੱਤੀ ਗਈ ਹੈ। ਉਹਨਾਂ ਨੂੰ ਚੁੱਪ ਕਰ ਜਾਣ ਜਾਂ 15 ਦਿਨਾਂ ਵਿੱਚ ਨਤੀਜਾ ਭੁਗਤਣ ਦੀ ਚਿਤਾਵਨੀ ਦਿੱਤੀ ਗਈ ਹੈ। ਮੈਂ ਫਿਰਕਾਪ੍ਰਸਤ ਗੁੰਡਿਆਂ ਦੀ ਇਸ 'ਸ਼ਰਾਫ਼ਤ' ਤੋਂ ਬਹੁਤ ਪ੍ਰਭਾਵਿਤ ਹਾਂ ਕਿ ਉਹ ਕਿਸੇ ਸੱਚ ਬੋਲਣ ਵਾਲੇ ਨੂੰ ਮਾਰਨ ਤੋਂ ਪਹਿਲਾਂ ਉਸਨੂੰ ਚੁੱਪ ਹੋ ਜਾਣ ਦਾ ਇੱਕ ਮੌਕਾ ਜਰੂਰ ਦਿੰਦੇ ਹਨ। ਪਰ ਜਿਸ ਨੂੰ ਇੱਕ ਵਾਰ ਸੱਚ ਦਾ ਪਤਾ ਲੱਗ ਜਾਂਦਾ ਹੈ, ਫ਼ਿਰ ਉਸ ਲਈ ਚੁੱਪ ਰਹਿਣਾ ਅਸੰਭਵ ਹੁੰਦਾ ਹੈ। ਇਸ ਲਈ ਸੱਚ ਬੋਲਣ ਵਾਲੇ ਫਿਰਕਾਪ੍ਰਸਤ ਤਾਕਤਾਂ ਹੱਥੋਂ ਮਾਰੇ ਜਾਂਦੇ ਹਨ।

ਡਾ. ਨਰੇਂਦਰ ਦਾਭੋਲਕਰ ਨੂੰ ਲੋਕਾਂ ਵਿੱਚ ਫੈਲੇ ਅੰਧਵਿਸ਼ਵਾਸਾਂ ਨੂੰ ਦੂਰ ਕਰਨ ਕਾਰਣ ਕਤਲ ਕਰ ਦਿੱਤਾ ਗਿਆ। ਗੋਵਿੰਦ ਪੰਸਾਰੇ ਨੇ ਸ਼ਿਵਾ ਜੀ ਦੀ ਇਹ ਹਕੀਕਤ ਦੱਸੀ ਕਿ ਉਹਨਾਂ ਦੀ ਲੜਾਈ ਮੁਸਲਮਾਨਾਂ ਖ਼ਿਲਾਫ਼ ਨਹੀਂ ਸੀ, ਸਗੋਂ ਉਹਨਾਂ ਦੇ ਸਿਪਾਹੀ, ਤੋਪਚੀ ਤੇ ਸੈਨਾਪਤੀ ਸਭ ਮੁਸਲਮਾਨ ਸਨ। ਇਹ ਸੱਚ ਬੋਲਣ ਕਾਰਣ ਪੰਸਾਰੇ ਨੂੰ ਗੋਲੀ ਮਾਰ ਦਿੱਤੀ ਗਈ। ਡਾ. ਕਲਬੁਰਗੀ ਨੇ ਵੀ ਫਿਰਕਾਪ੍ਰਸਤੀ ਖ਼ਿਲਾਫ਼ ਪੁਸਤਕ ਲਿਖੀ ਤਾਂ ਉਸਨੂੰ ਵੀ ਗੋਲੀ ਮਾਰ ਦਿੱਤੀ ਗਈ। ਗੌਰੀ ਲੰਕੇਸ਼ ਨੇ ਆਰ.ਐੱਸ.ਐੱਸ. ਖ਼ਿਲਾਫ਼ ਲਿਖਿਆ ਤਾਂ ਉਸਨੂੰ ਵੀ ਗੋਲੀ ਮਾਰ ਦਿੱਤੀ ਗਈ। ਉਸ ਦੀ ਮੌਤ ਉਪਰੰਤ ਇੱਕ ਫਿਰਕਾਪ੍ਰਸਤ ਨਫ਼ਰਤੀ ਇਨਸਾਨ ਨੇ ਟਵੀਟ ਕੀਤਾ ਕਿ ਇੱਕ ਕੁੱਤੀ ਦੀ ਮੌਤ ਤੇ ਧਰਮ ਨਿਰਪੱਖ ਪਿੱਲੇ ਰੋ ਰਹੇ ਹਨ। ਉਸ ਫਿਰਕਾਪ੍ਰਸਤ ਇਨਸਾਨ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਟਵਿੱਟਰ ਤੇ ਵਾਚਦਾ ਹੈ। ਇਹਨਾਂ ਕਤਲਾਂ ਪਿੱਛੇ ਆਰ.ਐੱਸ.ਐੱਸ. ਨਾਲ ਜੁੜੇ ਸੰਗਠਨ ਸਨਾਤਨ ਸੰਸਥਾ ਦਾ ਨਾਂ ਬੋਲਦਾ ਹੈ। ਨੱਥੂ ਰਾਮ ਗੌਡਸੇ ਦੀ ਭਤੀਜੀ ਉਸ ਸੰਸਥਾ ਦੀ ਅਹੁਦੇਦਾਰ ਹੈ। ਇਹ ਲੋਕ ਬੰਬ ਬਣਾਉਂਦੇ ਸਮੇਂ ਜ਼ਖਮੀ ਵੀ ਹੋਏ ਸਨ। ਹੁਣ ਇਹਨਾਂ ਲੋਕਾਂ ਨੇ ਹੀ ਰਾਮ ਪੁਨਿਆਨੀ ਨੂੰ ਧਮਕੀ ਦਿੱਤੀ ਹੈ, ਕਿਉਂਕਿ ਉਹ ਹਰ ਥਾਂ ਜਾ ਕੇ ਇਤਿਹਾਸ ਦੀ ਸੱਚਾਈ ਦਸਦੇ ਹਨ। ਉਹ ਆਰ.ਐੱਸ.ਐੱਸ ਦੁਆਰਾ ਦੱਸੀਆਂ ਝੂਠੀਆਂ ਗੱਲਾਂ ਦੇ ਮੁਕਾਬਲੇ ਸੱਚ ਬਿਆਨ ਕਰਦੇ ਹਨ। ਉਹ ਦਸਦੇ ਹਨ ਕਿ ਮੰਦਰਾਂ ਨੂੰ ਲੁੱਟਣ ਦਾ ਕੰਮ ਹਿੰਦੂ ਰਾਜੇ ਵੀ ਕਰਦੇ ਸਨ ਕਿਉਂਕਿ ਮੰਦਰਾਂ ਵਿੱਚ ਸੋਨਾ ਹੁੰਦਾ ਸੀ। ਉਹਨਾਂ ਨੂੰ ਇਹ ਸੱਚ ਦੱਸਣ ਤੋਂ ਰੋਕਣ ਲਈ ਹੀ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਹੁਣੇ ਹੋਈਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇੱਕ ਭਾਜਪਾ ਨੇਤਾ ਦੱਸ ਰਹੇ ਸਨ ਕਿ ਇਹ ਚੋਣਾਂ ਜਿੱਤਣ ਮਗਰੋਂ ਅਸੀਂ ਆਪਣੇ ਖ਼ਿਲਾਫ਼ ਲਿਖਣ ਵਾਲੇ ਲੋਕਾਂ ਨੂੰ ਨਹੀਂ ਛੱਡਾਂਗੇ। ਸਮਾਂ ਚੁਣੌਤੀਆਂ ਭਰਿਆ ਤਾਂ ਹੈ,

...ਬਾਕੀ ਸਫਾ 46 'ਤੇ



ਪਹਿਲੀ ਚੁਣੌਤੀ : ਪਹਿਲੀ ਜਿੱਤ

ਰਾਮ ਸਵਰਨ ਲੱਖੇਵਾਲੀ

ਡਾ. ਅਬਰਾਹਮ ਟੀ. ਕਾਵੂਰ ਦੀ ਪੁਸਤਕ (ਤੇ ਦੇਵ ਪੁਰਸ਼ ਹਾਰ ਗਏ) ਨੂੰ ਪੰਜਾਬ ਵਿੱਚ ਮਿਲੇ ਅਥਾਹ ਸਹਿਯੋਗ ਦੇ ਚਲਦਿਆਂ ਤਰਕਸ਼ੀਲ ਵਿਚਾਰਾਂ ਦਾ ਬਹੁਤ ਤੇਜੀ ਨਾਲ ਉਭਾਰ ਹੋਇਆ। ਸਮਾਜ ਵਿੱਚ ਪਸਰਿਆ ਅੰਧਵਿਸ਼ਵਾਸਾਂ ਤੇ ਵਹਿਮਾਂ ਭਰਮਾਂ ਦਾ ਗੁਬਾਰ ਰੜਕਣ ਲੱਗਾ। ਥਾਂ ਥਾਂ ਖੁੱਲੀਆਂ ਅੰਧਵਿਸ਼ਵਾਸ਼ ਦੀਆਂ ਦੁਕਾਨਾਂ ਤੇ ਭੋਲੇ ਭਾਲੇ ਲੋਕਾਂ ਦੀ ਹੁੰਦੀ ਲੁੱਟ ਦੇ ਕਿੱਸੇ ਸਾਹਵੇਂ ਆਉਣ ਲੱਗੇ। ਪੰਜਾਬ ਦੇ ਕਾਲੇ ਦੌਰ ਵਿੱਚ ਸਹਿਮੀ ਫਿਜ਼ਾ ਵਿੱਚ ਤਰਕਸ਼ੀਲਤਾ ਦਾ ਰੰਗ ਬਿਖਰਨ ਲੱਗਾ। ਅਗਾਂਹਵਧੂ ਨੌਜਵਾਨਾਂ ਨੇ ਸਮਾਜ ਨੂੰ ਭਰਮ ਮੁਕਤ ਕਰਨ ਤੇ ਵਿਗਿਆਨਕ ਚੇਤਨਾ ਦਾ ਪਸਾਰ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਥਾਪਨਾ ਕੀਤੀ।

ਅੰਤਾਂ ਦੇ ਜੋਸ਼ ਤੇ ਉਤਸ਼ਾਹ ਨਾਲ ਸੁਸਾਇਟੀ ਦੇ ਸੰਵਿਧਾਨ ਤੇ ਐਲਾਨਨਾਮੇ ਦੀ ਰੌਸ਼ਨੀ ਵਿੱਚ ਪਿੰਡ ਪਿੰਡ ਤਰਕਸ਼ੀਲ ਇਕਾਈਆਂ ਦਾ ਗਠਨ ਹੋਣ ਲੱਗਾ। ਕਥਿਤ ਭੂਤ ਪ੍ਰੇਤਾਂ ਦੇ ਨਾਂ ਤੇ ਲੋਕਾਂ ਦੀ ਲੁੱਟ ਲਈ ਚਲਦੇ ਡੇਰਿਆਂ, ਚੇਲਿਆਂ, ਤਾਂਤਰਿਕਾਂ ਦੀ ਅਸਲੀਅਤ ਜੱਗ ਜਾਹਰ ਕਰਨ ਲਈ ਤਰਕਸ਼ੀਲ ਪ੍ਰਚਾਰ ਪਿੰਡ ਪਿੰਡ ਪਹੁੰਚਣ ਲੱਗਾ। ਭੂਤਾਂ-ਪ੍ਰੇਤਾਂ, ਚਮਤਕਾਰਾਂ ਤੇ ਅਖੌਤੀ ਦੈਵੀ ਸ਼ਕਤੀਆਂ ਦੀ ਅਣਹੋਂਦ ਛੇਤੀ ਕਿਤੇ ਹਜ਼ਮ ਹੋਣ ਵਾਲੀ ਕਿੱਥੇ ਸੀ। ਪਿੰਡਾਂ ਦੀਆਂ ਸੱਥਾਂ ਤੱਕ ਚਰਚਾ ਛਿੜਨ ਲੱਗੀ। ਨਵੇਂ ਵਿਚਾਰਾਂ ਨੂੰ ਮੀਡੀਆ ਵਿੱਚ ਪੂਰੀ ਥਾਂ ਮਿਲਣ ਲੱਗੀ। ਤਰਕਸ਼ੀਲ ਸੁਸਾਇਟੀ ਵੱਲੋਂ ਗ਼ੈਬੀ ਸ਼ਕਤੀ ਦੇ ਦਾਅਵੇਦਾਰਾਂ ਨੂੰ ਮਾਤ ਦੇਣ ਲਈ ਖੁੱਲ੍ਹਾ ਚੈਲਿੰਜ ਕੀਤਾ ਗਿਆ। 23 ਸ਼ਰਤਾਂ ਵਿੱਚੋਂ ਕੋਈ ਇੱਕ ਪੂਰੀ ਕਰਨ ਤੇ 10 ਹਜ਼ਾਰ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਪਿੰਡ ਪਿੰਡ ਖੁੱਲ੍ਹੀ ਚੁਣੌਤੀ ਦੇ ਪੋਸਟਰ ਲੱਗਣ ਲੱਗੇ। 'ਦੇਵ ਪੁਰਸ਼ ਹਾਰ ਗਏ' ਪੁਸਤਕ ਦੇ ਪਾਠਕਾਂ ਨੇ ਤਰਕਸ਼ੀਲ ਲਹਿਰ ਦੇ ਉਸ ਮੁਢਲੇ ਦੌਰ ਵਿੱਚ ਅੰਧਵਿਸ਼ਵਾਸਾਂ ਦਾ ਹਨੇਰਾ ਮਿਟਾਉਣ ਲਈ ਵਧੀਆ ਰੋਲ ਅਦਾ ਕੀਤਾ। ਖੁੱਲ੍ਹੀ ਚੁਣੌਤੀ ਡੇਰਿਆਂ, ਤਾਂਤਰਿਕਾਂ, ਪੁੱਛਾਂ ਦੇਣ ਵਾਲਿਆਂ ਤੱਕ ਵੀ ਪਹੁੰਚੀ। ਸੱਥਾਂ ਵਿੱਚ ਤਰਕਸ਼ੀਲ ਵਿਚਾਰਾਂ ਦੀ ਚਰਚਾ ਚਲਦੀ ਤਾਂ ਤਰਕਸ਼ੀਲਾਂ ਦੀਆਂ ਦਲੀਲਾਂ ਸਭ ਨੂੰ ਸੋਚਣ ਲਾ ਦਿੰਦੀਆਂ। ਚੇਲਿਆਂ, ਬਾਬਿਆਂ ਦੇ ਪ੍ਰਚਾਰਕਾਂ, ਹਮਾਇਤੀਆਂ ਨੂੰ ਕੋਈ ਜੁਆਬ ਨਾ ਆਉਂਦਾ। ਉਸ ਦੌਰ ਵਿੱਚ ਸੁਸਾਇਟੀ ਦੇ ਮੈਂਬਰਾਂ ਤੇ ਪ੍ਰਸ਼ੰਸਕਾਂ ਦਾ ਉਤਸ਼ਾਹ ਵੇਖਿਆਂ ਹੀ ਬਣਦਾ ਸੀ। ਉਹ ਬੱਸਾਂ, ਗੱਡੀਆਂ, ਸਕੂਲਾਂ, ਸੱਥਾਂ, ਵਿਆਹ ਸ਼ਾਦੀਆਂ, ਗੱਲ ਕੀ ਉਹ ਹਰ ਥਾਂ ਤੇ ਤਰਕਸ਼ੀਲ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨ ਲੱਗੇ।

ਸੰਗਰੂਰ ਜ਼ਿਲ੍ਹੇ ਦੇ ਪਿੰਡ ਮਹਿਲਾਂ ਚੌਕ ਵਿੱਚ ਪੁੱਛਾਂ ਦੇਣ ਵਾਲਾ ਇੱਕ ਅਖੌਤੀ ਬਾਬਾ ਸਾਹਮਣੇ ਆਇਆ। ਲੱਛੂ ਮਾਨ ਨਾਂ ਦੇ ਉਸ ਅਖੌਤੀ ਬਾਬੇ ਨੇ ਮਹਿਲਾਂ ਚੌਕ ਇਕਾਈ ਕੋਲ ਚੁਣੌਤੀ ਸਵੀਕਾਰ ਕਰਨ ਦਾ ਦਾਅਵਾ ਕੀਤਾ। ਉਸ ਦਾ ਦਾਅਵਾ ਸੀ ਕਿ ਉਹ ਆਪਣੀ ਦੈਵੀ ਸ਼ਕਤੀ ਨਾਲ ਸੁਸਾਇਟੀ ਦੇ ਮੈਂਬਰ ਨੂੰ ਇੱਕ ਘੰਟੇ ਵਿੱਚ ਸਟੇਜ ਤੇ ਬੈਠਿਆਂ ਮੌਤ ਤੱਕ ਪਹੁੰਚਾ ਦੇਵੇਗਾ। ਇਹ ਚਰਚਾ ਜੰਗਲ ਦੀ ਅੱਗ ਵਾਂਗ ਫੈਲੀ। ਸੁਸਾਇਟੀ ਦੇ ਆਗੂਆਂ ਨੇ ਅਖੌਤੀ ਬਾਬੇ ਦੀ ਚੁਣੌਤੀ ਸਵੀਕਾਰ ਕਰਦਿਆਂ ਸ਼ਰਤਾਂ ਤੈਅ ਕੀਤੀਆਂ। ਚੁਣੌਤੀ ਸਵੀਕਾਰ ਕਰਨ ਦੀ ਰਕਮ ਇੱਕ ਹਜ਼ਾਰ ਰੁਪਿਆ, ਤੇ ਸੁਸਾਇਟੀ ਵੱਲੋਂ 10 ਹਜ਼ਾਰ ਰੁਪਿਆ ਸਾਂਝੇ ਵਿਅਕਤੀ ਸਕੂਲ ਦੇ ਹੈੱਡਮਾਸਟਰ ਕੋਲ ਜਮਾ ਕਰਵਾ ਦਿੱਤੇ ਗਏ। ਅਖੌਤੀ ਬਾਬੇ ਵੱਲੋਂ ਇਹ ਜ਼ੋਰ ਪਾਉਣ ਤੇ ਪਰਖ਼ ਸਮੇਂ ਉਸ ਸਾਹਮਣੇ ਬੈਠਣ ਵਾਲਾ ਵਿਅਕਤੀ ਮਹਿਲਾਂ ਚੌਕ ਪਿੰਡ ਦਾ ਹੋਣਾ ਚਾਹੀਦਾ ਹੈ, ਪਿੰਡ ਇਕਾਈ ਦਾ ਮੈਂਬਰ ਸੁਖਜੀਤ ਸਿੰਘ ਕਾਕਾ ਤਿਆਰ ਹੋ ਗਿਆ। ਚੁਣੌਤੀ ਕਬੂਲ ਕਰਨ ਵਾਲਾ ਪਿੰਡ ਦਾ ਹੀ ਪੁੱਛਾਂ ਦੇਣ ਵਾਲਾ ਬਾਬਾ ਲੱਛੂ ਮਾਨ, ਤੇ ਚੁਣੌਤੀ ਦੇਣ ਵਾਲਾ ਪਿੰਡ ਦਾ ਹੀ ਤਰਕਸ਼ੀਲ ਨੌਜਵਾਨ ਸੁਖਜੀਤ ਕਾਕਾ। ਚੁਣੌਤੀ ਦੀ ਮਿਤੀ ਨਿਸਚਿਤ ਕਰ ਲਈ ਗਈ, 26 ਅਕਤੂਬਰ, 1986। ਅਖੌਤੀ ਬਾਬੇ ਨੇ ਦੁਪਹਿਰ 12 ਵਜੇ ਤੋਂ ਇੱਕ ਵਜੇ ਤੱਕ ਲੱਗੀ ਸਟੇਜ ਤੇ ਆ ਕੇ ਸੁਸਾਇਟੀ ਦੇ ਮੈਂਬਰ ਨੂੰ ਆਪਣੀ ਕਥਿਤ ਦੈਵੀ ਸ਼ਕਤੀ (ਤੰਤਰ ਮੰਤਰ) ਨਾਲ ਖ਼ਤਮ ਕਰਨਾ ਸੀ।

ਅਖੌਤੀ ਬਾਬੇ ਵੱਲੋਂ ਚੁਣੌਤੀ ਸਵੀਕਾਰ ਕਰਨ ਦੀ ਖ਼ਬਰ ਸੰਗਰੂਰ ਜਿਲ੍ਹੇ ਵਿੱਚ ਹੀ ਨਹੀਂ ਪੰਜਾਬ ਭਰ ਵਿੱਚ ਚਰਚਾ ਦਾ ਵਿਸ਼ਾ ਬਣ ਗਈ। ਇਹ ਚਰਚਾ ਅਖਬਾਰਾਂ, ਸਕੂਲਾਂ, ਦਫਤਰਾਂ ਤੋਂ ਚਲਦੀ ਪਿੰਡਾਂ ਦੀਆਂ ਸੱਥਾਂ ਤੱਕ ਜਾ ਪਹੁੰਚੀ। ਲੋਕ ਜੁੜਦੇ, ਮੂੰਹੋਂ ਮੂੰਹੀਂ ਗੱਲਾਂ ਕਰਦੇ। ਕੁੰਢੀਆਂ ਦੇ ਸਿੰਗ ਫ਼ਸ ਗਏ, ਹੁਣ ਨਿੱਤਰੂ ਵੜੇਵੇਂ ਖਾਣੀ...। ਪੜ੍ਹੇ ਲਿਖੇ ਲੋਕ ਤਰਕਸ਼ੀਲਾਂ ਨਾਲ ਖੜ੍ਹਦੇ, ਜਦਕਿ ਆਮ ਸਾਧਾਰਣ ਜਨਤਾ ਉਹੋ ਪੁਰਾਣਾ ਰਾਗ ਅਲਾਪਦੀ, ਇਹ ਨਾਂ ਐਵੇਂ ਤਾਂ ਨਹੀਂ ਬਣੇ। ਹੁੰਦਾ ਤਾਂ ਸਭ ਕੁਸ਼ ਐ। ਅਗਲਿਆਂ ਨੇ ਵੀ ਸਿਲੇ ਕੱਢ ਕੇ ਸਿੱਧੀਆਂ ਹਾਸਲ

ਕੀਤੀਆਂ। ਚਲੋ ਹੁਣ ਲੱਗ ਜੂ ਪਤਾ, ਕੌਣ ਸੱਚਾ ਹੈ? ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ, ਸਨੇਹੀਆਂ ਦੇ ਨਾਲ ਨਾਲ ਆਮ ਲੋਕਾਂ ਨੂੰ 26 ਅਕਤੂਬਰ ਦੀ ਬੜੀ ਬੇਸਬਰੀ ਨਾਲ ਉਡੀਕ ਸੀ।

ਪਰਖ ਵਾਲਾ ਦਿਨ:

26 ਅਕਤੂਬਰ 1986 ਦਾ ਦਿਨ ਸੀ। ਤਰਕਸ਼ੀਲਾਂ ਲਈ ਵੀ ਪਰਖ ਦੀ ਘੜੀ ਸੀ। ਥੋੜ੍ਹੇ ਸਮੇਂ ਵਿੱਚ ਜਿੰਨੀ ਜਲਦੀ ਕਥਿਤ ਗ਼ੈਬੀ ਸ਼ਕਤੀ ਦੇ ਦਾਅਵੇਦਾਰਾਂ ਖ਼ਿਲਾਫ਼ ਵਿਗਿਆਨਕ ਚੇਤਨਾ ਦਾ ਪ੍ਰਚਾਰ ਹੋਇਆ ਸੀ,ਓਨੀ ਛੇਤੀ ਹੀ ਚੁਣੌਤੀ ਸਵੀਕਾਰ ਹੋ ਗਈ ਸੀ। ਇਹ ਦਿਨ ਜਾਦੂ ਮੰਤਰਾਂ, ਕਥਿਤ ਗ਼ੈਬੀ ਸ਼ਕਤੀਆਂ ਦੇ ਦਾਅਵੇਦਾਰਾਂ ਲਈ ਵੀ ਮੁਸ਼ਕਲ ਭਰਿਆ ਦਿਨ ਸੀ, ਜਿਸ ਨੇ ਉਹਨਾਂ ਵੱਲੋਂ ਕੀਤੇ ਜਾਂਦੇ ਪ੍ਰਚਾਰ ਦਾ ਅਕਸ ਵਿਖਾਉਣਾ ਸੀ। ਉਂਝ ਤਰਕਸ਼ੀਲ ਸੁਸਾਇਟੀ ਨੂੰ ਆਪਣੇ ਵਿਚਾਰਾਂ/ਸਮਝ ਦੇ ਆਧਾਰ ਤੇ ਨਿਕਲਣ ਵਾਲੇ ਨਤੀਜੇ ਦਾ ਇਲਮ ਸੀ। ਸਵੇਰ ਤੋਂ ਹੀ ਮਹਿਲਾ ਚੌਂਕ ਪਿੰਡ ਦੇ ਸਰਕਾਰੀ ਸਕੂਲ ਵਿੱਚ ਸੁਸਾਇਟੀ ਦੇ ਮੈਂਬਰਾਂ, ਪ੍ਰਸ਼ੰਸ਼ਕਾਂ ਤੇ ਆਮ ਲੋਕਾਂ ਦੀ ਆਮਦ ਸ਼ੁਰੂ ਹੋ ਗਈ। ਸੁਸਾਇਟੀ ਵੱਲੋਂ ਇੱਕ ਖੁੱਲ੍ਹੀ ਸਟੇਜ ਲਾਈ ਹੋਈ ਸੀ। 11 ਵਜੇ ਤੱਕ ਹੀ ਸਕੂਲ ਵਿੱਚ ਲੋਕਾਂ ਦਾ ਵੱਡਾ ਹਜ਼ੂਮ ਜੁੜ ਗਿਆ। ਸੁਸਾਇਟੀ ਦੀ ਸਟੇਜ ਤੋਂ ਚਮਤਕਾਰਾਂ ਦਾ ਪਾਜ ਉਘੇੜਦੇ ਖੇਲ ਵਿਖਾਏ ਜਾਣ ਲੱਗੇ। ਲਗਭਗ ਛੇ ਹਜ਼ਾਰ ਲੋਕਾਂ ਦੇ ਇਕੱਠ ਵਿੱਚ ਤਰਕਸ਼ੀਲ ਆਗੂ ਲੋਕਾਂ ਨੂੰ ਸੁਸਾਇਟੀ ਦੀ ਸਮਝ ਤੋਂ ਜਾਣੂੰ ਕਰਵਾਉਣ ਲੱਗੇ। ਉਸ ਸਮੇਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਪ੍ਰਧਾਨ ਗੁਰਚਰਨ ਖੇਮੋਆਣਾ ਤੇ ਸੂਬਾ ਸਕੱਤਰ ਰਾਜਿੰਦਰ ਭਦੌੜ ਨਾਲ ਸਮੁੱਚੀ ਟੀਮ ਮੰਚ ਤੇ ਮੌਜੂਦ ਸੀ।

ਅਖੌਤੀ ਬਾਬੇ ਦੇ ਚੇਲਿਆਂ ਨੂੰ ਵੀ ਉਸਦੇ ਖਰਾ ਉਤਰਨ ਦੀ ਪੂਰੀ ਉਮੀਦ ਸੀ। ਪੰਡਾਲ ਵਿੱਚ ਜੁੜੇ ਲੋਕ ਅਖੌਤੀ ਬਾਬੇ ਲੱਛੂ ਮਾਨ ਦੇ ਆਉਣ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਜਦ ਪੰਡਾਲ ਚੋਂ, ਕਿਧਰੋਂ ਆ ਗਏ, ਆ ਗਏ ਦੀ ਆਵਾਜ਼ ਸੁਣਾਈ ਦਿੰਦੀ। ਸਾਰੇ ਸਕੂਲ ਦੇ ਗੇਟ ਵੱਲ ਵੇਖਣ ਲਗਦੇ। ਬਾਬੇ ਮੂਹਰੇ ਬੈਠਣ ਲਈ ਤਿਆਰ ਸੁਖਜੀਤ ਕਾਕਾ ਵੀ ਪੂਰੇ ਉਤਸ਼ਾਹ ਵਿੱਚ ਸਟੇਜ ਕੋਲ ਖੜਾ ਸੀ। 12 ਵੱਜਣ ਨੂੰ ਵੀ ਆ ਗਏ,ਬਾਬਾ ਅਜੇ ਤੱਕ ਨਹੀਂ ਸੀ ਬਹੁੜਿਆ। ਤਰਕਸ਼ੀਲਾਂ ਦਾ ਸਟੇਜ ਤੇ ਪ੍ਰੋਗਰਾਮ ਲਗਾਤਾਰ ਜਾਰੀ ਸੀ। ਸਾਰੀਆਂ ਸ਼ਰਤਾਂ ਤੈਅ ਕਰਨ ਵਾਲੇ ਪਿੰਡ ਦੇ ਮਹੁਤਬਰ ਤੇ ਜਮਾਨਤ ਲੈਣ ਵਾਲੇ ਸੱਜਣ ਵੀ ਮੌਕੇ ਤੇ ਮੌਜੂਦ ਸਨ। ਜਦ 1 ਵਜੇ ਤੱਕ ਵੀ ਬਾਬਾ ਨਾ ਬਹੁੜਿਆ ਤਾਂ ਲੋਕਾਂ ਦੇ ਸਬਰ ਦਾ ਪਿਆਲਾ ਛਲਕਣ ਲੱਗਾ। ਹੋਰ ਉਡੀਕ ਕੀਤੀ ਗਈ। ਉਹ ਫ਼ਿਰ ਵੀ ਨਾ ਆਇਆ। ਮੌਕੇ ਤੇ ਲਏ ਫੈਸਲੇ ਅਨੁਸਾਰ ਉਸਦੇ ਡੇਰੇ ਵੱਲ ਕੂਚ ਕਰਨ ਦਾ ਫੈਸਲਾ ਹੋਇਆ। ਲੋਕਾਂ ਦਾ ਵੱਡਾ ਹਜ਼ੂਮ ਤੇ ਤਰਕਸ਼ੀਲਾਂ ਦੀ ਟੀਮ ਲੱਛੂ ਮਾਨ ਦੇ ਡੇਰੇ ਕੋਲ ਜਾ ਪਹੁੰਚੀ। ਉੱਥੇ ਸਟੇਜ ਲਾ ਕੇ ਤਰਕਸ਼ੀਲਾਂ ਵੱਲੋਂ ਅਖੌਤੀ ਬਾਬੇ ਨੂੰ ਮੁੜ ਚੁਣੌਤੀ ਦਿੱਤੀ ਜਾਣ ਲੱਗੀ ਤੇ ਬਾਹਰ ਆ ਕੇ ਦੈਵੀ ਸ਼ਕਤੀ ਵਿਖਾਉਣ/ਸਾਬਤ ਕਰਨ ਲਈ ਵਾਰ ਵਾਰ ਬੋਲਿਆ ਗਿਆ। ਪਰ ਉਸਨੇ ਤਰਕਸ਼ੀਲਾਂ ਸਾਹਵੇਂ ਆਉਣ ਦੀ ਜੁਅਰਤ ਹੀ ਨਹੀਂ ਵਿਖਾਈ, ਚਮਤਕਾਰ ਵਿਖਾਉਣਾ ਤਾਂ ਦੂਰ ਦੀ ਗੱਲ ਸੀ। ਉਹ ਸਟੇਜ ਤੇ ਆ ਕੇ ਤਰਕਸ਼ੀਲ ਮੈਂਬਰ ਨੂੰ ਦੈਵੀ ਸ਼ਕਤੀ ਨਾਲ ਮਾਰਨ ਦੀ ਬਜਾਏ ਆਪਣਾ ਡੇਰਾ ਛੱਡ ਕੇ ਦੌੜ ਗਿਆ। ਉਸ ਦੀ ਸ਼ਕਤੀ ਦਾ ਪਾਖੰਡ ਲੋਕਾਂ ਵਿੱਚ ਨੰਗਾ ਹੋ ਗਿਆ ਸੀ। ਅਖੌਤੀ ਬਾਬੇ ਵੱਲੋਂ ਵੱਲੋਂ ਜਮ੍ਹਾਂ ਕਰਵਾਈ ਇੱਕ ਹਜ਼ਾਰ ਰੁਪਏ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਤਰਕਸ਼ੀਲ ਸੁਸਾਇਟੀ ਨੂੰ ਮਿਲੀ ਪਹਿਲੀ ਚੁਣੌਤੀ ਵਿੱਚ ਹੀ ਜਿੱਤ ਪ੍ਰਾਪਤ ਹੋਈ।

ਲੋਕਾਂ ਦੀਆਂ ਕਿਆਸਅਰਾਈਆਂ ਤੇ ਵੀ ਵਿਰਾਮ ਲੱਗ ਗਿਆ ਸੀ, ਤਰਕਸ਼ੀਲ ਜੇਤੂ ਰੌਅ ਵਿੱਚ ਵਾਪਸ ਪਰਤੇ ਤੇ ਉੱਥੇ ਜੁੜਿਆ ਲੋਕਾਂ ਦਾ ਹਜ਼ੂਮ ਅਖੌਤੀ ਬਾਬੇ ਨੂੰ ਲਾਹਣਤਾਂ ਪਾਉਂਦਾ, ਤਰਕਸ਼ੀਲ ਸੋਚ ਨੂੰ ਦਾਦ ਦਿੰਦਾ ਡੇਰੇ ਤੋਂ ਵਾਪਸ ਮੁੜਿਆ।

95010-06626

ਸਫਾ 44 ਦਾ ਬਾਕੀ...

ਪਰ ਇਤਿਹਾਸ ਗਵਾਹ ਹੈ ਕਿ ਜੰਗ ਪਸੰਦ ਨਫ਼ਰਤ ਤੇ ਝੂਠ ਫੈਲਾਉਣ ਵਾਲੇ ਲੋਕ ਇਤਿਹਾਸ ਦੇ ਕੂੜੇਦਾਨ ਵਿੱਚ ਜਾਣਗੇ। ਜਿਹੜੇ ਲੋਕ ਗੋਲੀਆਂ ਖਾ ਕੇ ਮਾਰੇ ਜਾਣਗੇ, ਉਹੀ ਆਪਣੇ ਸਮੇਂ ਦੇ ਇਤਿਹਾਸ ਦੇ ਨਾਇਕ ਬਣਨਗੇ। ਜਿਹੜੇ ਲੋਕ ਆਪਣੇ ਸਮੇਂ ਵਿੱਚ ਮਰੇ ਹੋਏ ਮੰਨ ਲਏ ਜਾਂਦੇ ਹਨ, ਉਹ ਅਮਰ ਹੋ ਜਾਂਦੇ ਹਨ ਤੇ ਕਾਤਲ ਹਮੇਸ਼ਾ ਲਈ ਮਰ ਜਾਂਦੇ ਹਨ। ਜੇਕਰ ਰਾਮ ਪੁਨਿਆਨੀ ਤੇ ਹਮਲਾ ਹੁੰਦਾ ਹੈ ਤਾਂ ਇਹ ਕੇਂਦਰ ਸਰਕਾਰ ਦੀ ਮਿਲੀ ਭੁਗਤ ਨਾਲ ਹੀ ਹੋਵੇਗਾ। ਕਿਸੇ ਨਾਗਰਿਕ ਦੀ ਜਾਨ ਮਾਲ ਦੀ ਰਾਖੀ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ, ਪਰ ਜਦ ਕਾਤਲ ਤੇ ਦੰਗੇ ਕਰਨ ਵਾਲੇ ਹੀ ਸੱਤਾ ਤੇ ਕਾਬਜ਼ ਹੋਣ ਤਾਂ ਸੱਚ ਬੋਲਣ ਵਾਲਿਆਂ ਦੀ ਹਿਫਾਜ਼ਤ ਕੌਣ ਕਰੇਗਾ?

(ਉੱਘੇ ਗਾਂਧੀਵਾਦੀ ਤੇ ਸਮਾਜਿਕ ਕਾਰਕੁੰਨ)

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਚੰਡੀਗੜ੍ਹ ਜੋਨ ਦੇ ਵਿੱਤ ਵਿਭਾਗ ਮੁਖੀ ਸ਼ੈਲਿੰਦਰ ਸੁਹਾਲੀ ਦੇ ਮਾਤਾ ਸਰਲਾ ਦੇਵੀ ਜੀ, ਇਕਾਈ ਰੋਪੜ ਦੇ ਮੈਂਬਰ ਗਿਆਨ ਚੰਦ ਦੇ ਮਾਮੀ ਪ੍ਰੀਤੋ ਦੇਵੀ ਜੀ ਅਤੇ ਇਕਾਈ ਕੋਹਾੜਾ ਦੇ ਮੈਂਬਰ ਇਕਬਾਲ ਸਿੰਘ ਬੰਟੀ ਦੇ ਮਾਤਾ ਕੁਲਦੀਪ ਕੌਰ ਜੀ ਦੀ ਮੌਤ 'ਤੇ ਦੁੱਖ ਅਤੇ ਹਮਦਰਦੀ ਪ੍ਰਗਟਾਉਂਦੀ ਹੈ।

ਨਵੇਂ ਚੁਣੇ ਗਏ ਸੂਬਾ/ਜ਼ੋਨ ਆਗੂ
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) 2019-2021

ਨਵੇਂ ਚੁਣੇ ਗਏ ਸੂਬਾ ਆਗੂ :

1. **ਜਥੇਬੰਦਕ ਵਿਭਾਗ :**
ਰਜਿੰਦਰ ਭਦੌੜ, 98728-74620
2. **ਵਿੱਤ ਵਿਭਾਗ :**
ਹੇਮ ਰਾਜ ਸਟੈਨੋ, 98769-53561
3. **ਸਾਹਿਤ ਵਿਭਾਗ :**
ਰਾਮ ਸਵਰਨ ਲੱਖੇਵਾਲੀ, 95010-06626
4. **ਕੌਮੀ ਅਤੇ ਕੌਮਾਂਤਰੀ ਵਿਭਾਗ :**
ਹਰਚੰਦ ਭਿੰਡਰ, 70874-25755
5. **ਪ੍ਰਿੰਟਿੰਗ ਵਿਭਾਗ :**
ਸੁਖਵਿੰਦਰ ਬਾਗਪੁਰ, 94174-27538
6. **ਕਾਨੂੰਨ ਵਿਭਾਗ :**
ਹਰਿੰਦਰ ਲਾਲੀ, 97792-11000
7. **ਮਾਨਸਿਕ ਸਿਹਤ ਮਸਵਰਾ ਵਿਭਾਗ :**
ਅਜੀਤ ਪ੍ਰਦੇਸੀ, 94633-66546
8. **ਮੀਡੀਆ ਵਿਭਾਗ :**
ਅਜੈਬ ਜਲਾਲਆਣਾ, 94167-24331
9. **ਮੈਗਜ਼ੀਨ ਵਿਭਾਗ :**
ਬਲਬੀਰ ਲੌਂਗੋਵਾਲ, 98153-17028

ਨਵੇਂ ਚੁਣੇ ਗਏ ਜ਼ੋਨ ਆਗੂ :

1. ਜ਼ੋਨ : **ਸੰਗਰੂਰ-ਬਰਨਾਲਾ**
ਜਥੇਬੰਦਕ ਵਿਭਾਗ :
ਜੁਝਾਰ ਲੌਂਗੋਵਾਲ, 94654-30016
ਵਿੱਤ ਵਿਭਾਗ :
ਗੁਰਪ੍ਰੀਤ ਸਹਿਣਾ, 98150-14532
2. ਜ਼ੋਨ : **ਮਾਨਸਾ**
ਜਥੇਬੰਦਕ ਵਿਭਾਗ :
ਅੰਮ੍ਰਿਤ ਰਿਸ਼ੀ, 94630-23216
ਵਿੱਤ ਵਿਭਾਗ :
ਰਾਜੇਸ਼ ਅਕਲੀਆ, 98156-70725
3. ਜ਼ੋਨ : **ਲੁਧਿਆਣਾ**
ਜਥੇਬੰਦਕ ਵਿਭਾਗ :
ਜਸਵੰਤ ਜੀਰਖ, 98151-69825
ਵਿੱਤ ਵਿਭਾਗ :
ਆਤਮਾ ਸਿੰਘ, 94172-91426
4. ਜ਼ੋਨ : **ਬਠਿੰਡਾ**
ਜਥੇਬੰਦਕ ਵਿਭਾਗ :
ਰਾਮ ਸਿੰਘ ਨਿਰਮਾਣ, 94173-20864
ਵਿੱਤ ਵਿਭਾਗ :
ਜੰਟਾ ਸਿੰਘ, 96461-23061
5. ਜ਼ੋਨ : **ਜਲੰਧਰ**
ਜਥੇਬੰਦਕ ਵਿਭਾਗ :
ਸੁਖਦੇਵ ਫਗਵਾੜਾ, 98726-36037
ਵਿੱਤ ਵਿਭਾਗ :
ਬਿੱਟੂ ਰੂਪੋਵਾਲੀ, 94177-11161
6. ਜ਼ੋਨ : **ਅੰਮ੍ਰਿਤਸਰ (ਮਾਝਾ)**
ਜਥੇਬੰਦਕ ਵਿਭਾਗ :
ਰਜਵੰਤ ਬਾਗੜੀਆ, 98154-68377
ਵਿੱਤ ਵਿਭਾਗ :
ਮੁਖਤਿਆਰ ਗੋਪਾਲਪੁਰਾ, 94179-49818
7. ਜ਼ੋਨ : **ਨਵਾਂ ਸ਼ਹਿਰ**
ਜਥੇਬੰਦਕ ਵਿਭਾਗ :
ਜੁਗਿੰਦਰ ਕੁੱਲੇਵਾਲ, 94786-75576
ਵਿੱਤ ਵਿਭਾਗ :
ਸੱਤਪਾਲ ਸਲੋਹ, 94641-23321
8. ਜ਼ੋਨ : **ਚੰਡੀਗੜ੍ਹ**
ਜਥੇਬੰਦਕ ਵਿਭਾਗ :
ਬਲਦੇਵ ਜਲਾਲ (ਐਕਟਿੰਗ), 98144-46328
ਵਿੱਤ ਵਿਭਾਗ :
ਸ਼ੈਲਿੰਦਰ ਸ਼ੁਹਾਲੀ, 94631-05944
9. ਜ਼ੋਨ : **ਫਾਜ਼ਿਲਕਾ**
ਜਥੇਬੰਦਕ ਵਿਭਾਗ :
ਅਵਤਾਰ ਦੀਪ, 98559-91114
ਵਿੱਤ ਵਿਭਾਗ :
ਕੁਲਜੀਤ ਡੰਗਰਖੇੜਾ, 97819-25566

ਸਫਾ 22 ਦਾ ਬਾਕੀ...

'ਲੱਜ਼ੀ, ਕੀ ਤੂੰ ਕੋਈ ਵਧੀਆ ਜਿਹਾ ਸੁਆਲ ਪੁੱਛਿਆ ਅੱਜ ?' ਇਸੇ ਫਰਕ ਨੇ ਹੀ ਮੈਨੂੰ ਵਿਗਿਆਨੀ ਬਣਾ ਦਿੱਤਾ।"

(ਸ੍ਰੋਤ : ਸੰਪਾਦਕੀ 'ਸਾਇੰਸ ਰੀਪੋਰਟਰ' ਮਾਸਿਕ ਅੰਗ੍ਰੇਜ਼ੀ)

98145-35005

ਆਰਥਿਕ ਸਹਾਇਤਾ

ਤਰਕਸ਼ੀਲ ਹਾਲ ਸਹਾਇਤਾ :

1. ਮਹਿੰਦਰਪਾਲ, ਵਿੱਤ ਮੁਖੀ, ਇਕਾਈ ਮਾਨਸਾ (ਆਪਣੇ ਪੋਤੇ ਅਭਿਲਵ ਦੇ ਜਨਮ ਦੀ ਖੁਸ਼ੀ 'ਤੇ) 1000
2. ਸੁਰਿੰਦਰ ਪੱਦੀ, ਇਕਾਈ ਫਗਵਾੜਾ (ਆਪਣੀ ਪੁੱਤਰੀ ਪ੍ਰਵੀਨ ਦੀ ਸ਼ਾਦੀ 'ਤੇ) 2500
3. ਸਮਿਤ ਸ਼ਨੀ (ਕੈਨੇਡਾ) ਪੁੱਤਰ ਹੈਡ ਮਾਸਟਰ ਗਿਆਨ ਚੰਦ, ਫਗਵਾੜਾ 1000 (ਬੇਟੇ ਰਾਇਨ ਬੰਗੜ ਦੇ ਜਨਮ ਦਿਵਸ ਦੀ ਖੁਸ਼ੀ ਸਮੇਂ) (ਰਾਹੀਂ ਸੁਖਦੇਵ ਫਗਵਾੜਾ)

ਮੈਗਜ਼ੀਨ ਸਹਾਇਤਾ :

ਮਹਿੰਦਰਪਾਲ, ਵਿੱਤ ਮੁਖੀ, ਇਕਾਈ ਮਾਨਸਾ (ਆਪਣੇ ਪੋਤੇ ਅਭਿਲਵ ਦੇ ਜਨਮ ਦੀ ਖੁਸ਼ੀ 'ਤੇ) 500

ਇਕਾਈਆਂ/ਜ਼ੋਨਾਂ ਨੂੰ ਸਹਾਇਤਾ :

1. **ਇਕਾਈ ਮਾਨਸਾ :**

ਮਹਿੰਦਰਪਾਲ, ਵਿੱਤ ਮੁਖੀ, ਇਕਾਈ ਮਾਨਸਾ (ਆਪਣੇ ਪੋਤੇ ਅਭਿਲਵ ਦੇ ਜਨਮ ਦੀ ਖੁਸ਼ੀ 'ਤੇ) 500

2. **ਇਕਾਈ ਫਗਵਾੜਾ :**

1. ਸੁਰਿੰਦਰ ਪੱਦੀ, ਇਕਾਈ ਫਗਵਾੜਾ (ਆਪਣੀ ਪੁੱਤਰੀ ਪ੍ਰਵੀਨ ਦੀ ਸ਼ਾਦੀ 'ਤੇ) 2500
2. ਸਮਿਤ ਸ਼ਨੀ (ਕੈਨੇਡਾ) ਪੁੱਤਰ ਹੈਡ ਮਾਸਟਰ ਗਿਆਨ ਚੰਦ, ਫਗਵਾੜਾ 1000 (ਬੇਟੇ ਰਾਇਨ ਬੰਗੜ ਦੇ ਜਨਮ ਦਿਵਸ ਦੀ ਖੁਸ਼ੀ ਸਮੇਂ)

3. **ਨਵਾਂ ਸ਼ਹਿਰ ਜ਼ੋਨ :**

ਵਿਜੈ ਬੰਬੇਲੀ (ਆਪਣੀ ਮਾਤਾ ਸ਼ੀਲਾ ਦੇਵੀ ਦੇ ਸ਼ੋਕ ਸਮਾਗਮ 'ਤੇ) 1500

4. **ਇਕਾਈ ਮਾਹਿਲਪੁਰ :**

ਵਿਜੈ ਬੰਬੇਲੀ (ਆਪਣੀ ਮਾਤਾ ਸ਼ੀਲਾ ਦੇਵੀ ਦੇ ਸ਼ੋਕ ਸਮਾਗਮ 'ਤੇ) 1000

5. **ਇਕਾਈ ਮੌੜ :**

1. ਪ੍ਰਭਦੀਪ, ਰਾਜਗੜ੍ਹ ਕੁੱਬੇ 1200
2. ਡਾਕਟਰ ਡੇਵਿਡ, ਰਾਜਗੜ੍ਹ ਕੁੱਬੇ 500
3. ਮਾਸਟਰ ਅਵਤਾਰ, ਰਾਜਗੜ੍ਹ ਕੁੱਬੇ 500
4. ਜਨਕ ਸਿੰਘ, ਸਾਬਕਾ ਬੈਂਕ ਮੈਨੇਜਰ, ਮੌੜ 1000
5. ਮਿਸਤਰੀ ਗੁਰਮੀਤ ਸਿੰਘ ਬੁਰਜ ਮਾਨਸਾ 500
6. ਸਿਵਕਰਨ, ਐਡਵੋਕੇਟ, ਮੌੜ ਕਲਾਂ 500
7. ਸ.ਸ.ਸ. ਸਕੂਲ ਰਾਜਗੜ੍ਹ ਕੁੱਬੇ, ਅਧਿਆਪਕਾਂ ਵੱਲੋ 500
8. ਸ.ਸ.ਸ. ਸਕੂਲ ਮਾਈਸਰ ਖਾਨਾ, ਕੁੱਝ ਅਧਿਆਪਕਾਂ ਵੱਲੋਂ 500

6. **ਇਕਾਈ ਖਰੜ :**

ਸ਼ੀਮਾਂ ਢਿੱਲੋ (ਮਾਲਕ ਢਿੱਲੋਂ ਡੇਅਰੀ) 500

7. **ਇਕਾਈ ਲੁਧਿਆਣਾ :**

1. ਮਾ. ਸੁਰਜੀਤ ਸਿੰਘ ਵੱਲੋਂ ਆਪਣੇ ਭਰਾ ਸ਼ਹੀਦ ਬਖਸ਼ੀਸ ਸਿੰਘ ਮੋਰਕਰੀਮਾ ਦੀ ਬਰਸੀ 'ਤੇ 500
2. ਬਲਵਿੰਦਰ ਸਿੰਘ, ਜਥੇਬੰਦਕ ਮੁਖੀ ਇਕਾਈ (ਆਪਣੀ ਮਾਤਾ ਸੁਰਜੀਤ ਕੌਰ ਜੀ ਦੀ ਯਾਦ ਵਿੱਚ) 500

8. **ਇਕਾਈ ਕੋਹਾੜਾ :**

1. ਯੋਇਵਿੰਦਰ ਸਿੰਘ 'ਰਿੱਕੀ', ਲੰਡਨ, ਯੂ.ਕੇ. 4450
2. ਜਸਵੰਤ ਸਿੰਘ ਗਰੇਵਾਲ, ਲੰਡਨ, ਯੂ.ਕੇ. 8900
3. ਜਗੀਰ ਸਿੰਘ ਦਿਓਲ, ਹੰਸਲੋ, ਯੂ.ਕੇ. 8990
4. ਕੁਲਦੀਪ ਸਿੰਘ ਗਿੱਲ, ਰੈਡਿੰਗ, ਯੂ.ਕੇ. 17800
5. ਵਿੰਦਰ ਸਿੰਘ ਗਿੱਲ, ਰੈਡਿੰਗ, ਯੂ.ਕੇ. 17800
6. ਮਨਪ੍ਰੀਤ ਸਿੰਘ ਸੰਧੂ, ਚੈਟਹਮ ਕੈਂਟ, ਯੂ.ਕੇ. 10000 ***(ਰਾਹੀਂ : ਦਲਵੀਰ ਕਟਾਣੀ, ਯੂ.ਕੇ. ਫੇਰੀ ਸਮੇਂ)***
7. ਇਕਬਾਲ ਸਿੰਘ ਬੰਟੀ (ਇਕਾਈ ਮੈਂਬਰ) ਅਤੇ ਉਹਨਾਂ ਦੇ ਭਰਾ ਹਰਵਿੰਦਰ ਸਿੰਘ ਵੱਲੋਂ ਮਾਤਾ ਕੁਲਦੀਪ ਕੌਰ ਦੀ ਯਾਦ ਵਿੱਚ 2100

9. **ਇਕਾਈ ਛਾਜਲੀ :**

ਗੁਰਬਚਨ ਸਿੰਘ, ਰਿਟਾ. ਕੈਸ਼ੀਅਰ ਬਿਜਲੀ ਬੋਰਡ, ਲਹਿਰਾਗਾਗਾ (ਪੋਤੇ ਗੁਰਸ਼ਬਦ ਦੇ ਜਨਮ ਦਿਵਸ 'ਤੇ) 500

10. **ਇਕਾਈ ਸ਼ਾਹਕੋਟ :**


1. ਮਨਜੀਤ ਸਿੰਘ ਮਲਸੀਆਂ 5000
2. ਦੇਸ ਰਾਜ 2000
3. ਜਗੀਰ ਜੋਸਣ 2000
4. ਦਲਬਾਰਾ ਰੂਪੇਵਾਲੀ 2000
5. ਰੇਸ਼ਮ ਰੂਪੇਵਾਲੀ 2000
6. ਬਿੱਟੂ ਰੂਪੇਵਾਲੀ 2000
7. ਗਿਆਨ ਸੈਦਪੁਰੀ 2000

....ਬਾਕੀ ਸਫਾ 51 'ਤੇ



ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫ਼ਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)
email : tarkshiloffice@gmail.com



ਮਈ-ਜੂਨ 19 ਅੰਕ ਪ੍ਰਭਾਵਸ਼ਾਲੀ ਅਤੇ ਪ੍ਰੇਰਣਾਦਾਇਕ ਸੀ। ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਕੋਈ ਗਲਤੀ ਮੇਰੀ ਨਜ਼ਰ ਨਹੀਂ ਚੜ੍ਹੀ। ਗਿਣਨ ਯੋਗ ਸੁਧਾਰ ਨੋਟ ਕੀਤਾ ਗਿਆ। ਸੰਪਾਦਕੀ ਬੋਰਡ, ਪ੍ਰਬੰਧਕਾਂ, ਲੇਖਕਾਂ ਅਤੇ ਤਰਕਸ਼ੀਲ ਲਹਿਰ ਦੇ ਜੁਝਾਰੂ, ਸਿਰੜੀ, ਸੂਝਵਾਨ ਅਤੇ ਅਣਥੱਕ ਕਾਮਿਆਂ ਨੂੰ ਸਲਾਮ। ਸਿਰ ਝੁਕਦਾ ਹੈ ਤੁਹਾਡੇ ਅੱਗੇ। ਮਾਣ ਹੈ ਤੁਹਾਡੇ ਹੌਸ਼ਲਿਆਂ 'ਤੇ। ਜਦੋਂ ਕਦੇ ਤੁਹਾਡੇ ਵੱਲੋਂ ਇਹ ਕਹਿੰਦਿਆਂ ਸੁਣੀਂਦਾ ਹੈ ਕਿ "ਹਰ ਪੈਰ 'ਤੇ ਸਲੀਬਾਂ, ਹਰ ਮੋੜ 'ਤੇ ਹਨੇਰ੍ਹਾ, ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਵੇਖ ਜੇਰਾ।" ਮਨ ਹੋਰ ਵੀ ਤਾਕਤ ਫੜ ਲੈਂਦਾ ਹੈ। **- ਅਜੀਤ ਪ੍ਰਦੇਸੀ**


ਤਰਕਸ਼ੀਲ ਮੈਗਜ਼ੀਨ ਦਾ 'ਮਈ-ਜੂਨ 2019' ਦਾ ਅੰਕ ਪੜ੍ਹਿਆ। ਸਾਰਾ ਮੈਟਰ ਬਹੁਤ ਹੀ ਵਧੀਆ ਲੱਗਿਆ। ਵਿਸ਼ੇਸ ਤੌਰ 'ਤੇ ਸੰਪਾਦਕੀ, ਜੋ ਜਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਨੂੰ ਯਾਦ ਕਰਦੀ ਹੋਈ, ਬਹੁਤ ਕੀਮਤੀ ਜਾਣਕਾਰੀ ਪ੍ਰਦਾਨ ਕਰਦੀ ਹੈ। 'ਮਨ ਕੰਬਾਊ ਇਤਿਹਾਸ 'ਚੋਂ ਮੁੜ ਗੁਜ਼ਰਦਿਆਂ' ਨੇ ਰੌਂਗਟੇ ਖੜ੍ਹੇ ਕਰ ਦਿੱਤੇ। ਨੰਦਨੀ ਯਾਦਵ ਦੀ ਮੁਲਾਕਾਤ, ਬੰਦੇ ਅੰਦਰਲੇ 73 ਸਫ਼ੇ, ਪੂਰਵ-ਇਤਿਹਾਸਕ ਮਨੁੱਖ, ਮਈ ਦਿਵਸ 'ਤੇ, ਤਰਕਸ਼ੀਲਤਾ ਦਾ ਵਿਕਾਸ, ਧਰਮ-ਨਿਰਪੱਖਤਾ ਆਦਿ ਲੇਖ ਬਹੁਤ ਮਿਹਨਤ ਨਾਲ ਲਿਖੇ ਹੋਏ ਹਨ। ਹੋਰ ਮੈਗਜ਼ੀਨਾਂ ਦੇ ਮੁਕਾਬਲੇ 'ਤਰਕਸ਼ੀਲ' ਮੈਗਜ਼ੀਨ ਦੀ ਵੱਖਰੀ ਹੀ ਪਛਾਣ ਅਤੇ ਸ਼ਾਨ ਹੈ। ਇਸਦਾ ਸਿਹਰਾ ਇਸਦੇ ਸੰਪਾਦਕ, ਸੰਪਾਦਕੀ ਮੰਡਲ, ਲੇਖਕਾਂ ਨੂੰ ਜਾਂਦਾ ਹੈ। **- ਵਿਸ਼ਵ ਪ੍ਰੀਤ ਸਿੰਘ, ਖਨੌਰੀ**

ਮਈ-ਜੂਨ ਅੰਕ 2019 ਨੂੰ ਪੜ੍ਹਿਆ। ਪੜ੍ਹ ਕੇ ਬਹੁਤ ਕੁੱਝ ਨਵਾਂ ਸਿੱਖਣ ਨੂੰ ਮਿਲਿਆ। ਹੇਮ ਰਾਜ ਸਟੈਨੋ ਦਾ ਲੇਖ ਬਹੁਤ ਵਧੀਆ ਲੱਗਿਆ। ਇਹ ਗੱਲ ਬਿਲਕੁਲ ਦਰੁਸਤ ਹੈ ਕਿ ਜਦੋਂ ਇੱਥੇ ਬਰਾਬਰਤਾ ਵਾਲਾ ਸਮਾਜ ਉੱਸਰ ਜਾਵੇਗਾ ਤੇ ਮਿਹਨਤਕਸ਼ ਲੋਕਾਈ ਲੁੱਟ ਤੋਂ ਮੁਕਤ ਹੋ ਜਾਵੇਗੀ, ਉਦੋਂ ਹੀ ਦੁਨੀਆਂ ਖੁਸ਼ੀਆਂ ਭਰੀ ਹੋਵੇਗੀ। 'ਪੂਰਵ ਇਤਿਹਾਸਕ ਮਨੁੱਖ' ਲੇਖ ਵਿੱਚ ਰਾਜਪਾਲ ਸਿੰਘ ਜੀ ਨੇ ਬਹੁਤ ਵਧੀਆ ਜਾਣਕਾਰੀ ਪ੍ਰਦਾਨ ਕੀਤੀ ਹੈ। ਬਾਕੀ ਰਚਨਾਵਾਂ ਵੀ ਵਧੀਆਂ ਲੱਗੀਆਂ। ਵਿਸ਼ੇਸ ਤੌਰ 'ਤੇ ਪੈੜਾਂ, ਬਾਲ ਪੰਨੇ, ਹੱਡ ਬੀਤੀ, ਕੇਸ ਰਿਪੋਰਟ, ਚਾਨਣ ਦੇ ਹਰਕਾਰੇ, ਬੋਲ ਸਦੀਵੀਂ, ਤਰਕ ਤੇ ਪਾਖੰਡ, ਅੰਧ-ਵਿਸਵਾਸਾਂ ਖਿਲਾਫ਼ ਜਗਦੀ ਲੋਅ, ਅਖੌਤੀ ਚਮਤਕਾਰਾਂ ਰਾਹੀਂ ਲੁੱਟ, ਮੁਲਾਕਾਤ ਆਦਿ। ਡਾ. ਬਲਵੰਤ ਸਿੰਘ ਦਾ ਲੇਖ 'ਮੋਟਾਪਾ ਅਤੇ ਮਨੋਰੋਗ' ਬਹੁਤ ਸੁਚੱਜੀ ਅਗਵਾਈ ਦਿੰਦਾ ਹੈ। ਲੇਖ 'ਪੁੱਠ ਪੈਰਾ' ਅੰਧ-ਵਿਸ਼ਵਾਸਾਂ ਦੀ ਆੜ ਵਿੱਚ ਸਮਾਜ ਵਿੱਚ ਹੁੰਦੀ ਲੁੱਟ ਦਾ ਵਧੀਆ ਵਰਨਣ ਕਰਦਾ ਹੈ।

- ਨਾਜਰ ਸਿੰਘ, ਜਲੰਧਰ ਕੈਂਟ

ਸਫਾ 35 ਦਾ ਬਾਕੀ...

ਅਧਿਕਾਰ ਦੀ ਵੀ ਉਲੰਘਣਾ ਹੈ ਕਿਉਂਕਿ ਹੁਣ ਅਸੀਂ ਘੁੰਮਣ-ਫਿਰਨ ਲਈ ਆਜ਼ਾਦ ਨਹੀਂ, ਬਲਕਿ ਘੁੰਮਣ ਲਈ ਟੈਕਸ ਦੇਣ ਲਈ ਮਜਬੂਰ ਹਾਂ। ਕਿੰਨਾ ਵੱਡਾ ਸਵਾਲ ਹੈ ਕਿ ਸਾਡੇ ਦੇਸ਼ ਦੀਆਂ ਸੜਕਾਂ ਹੀ ਸਾਡੀਆਂ ਆਪਣੀਆਂ ਨਹੀਂ ਰਹੀਆਂ। ਉਂਝ ਸਿਰਫ਼ ਸਾਡੀਆਂ ਸੜਕਾਂ ਹੀ ਸਾਡੇ ਤੋਂ ਨਹੀਂ ਖੋਹੀਆਂ ਗਈਆਂ। ਸਾਡੇ ਮੁਲਕ ਦੇ ਸਾਰੇ ਹੀ ਸਾਧਨ ਲਗਾਤਾਰ ਇਹਨਾਂ ਕਾਰਪੋਰੇਟ ਘਰਾਣਿਆਂ ਦੇ ਸਪੁਰਦ ਕੀਤੇ ਜਾ ਰਹੇ ਹਨ। ਫਰਵਰੀ 2019 ਵਿੱਚ ਸਾਡੇ ਛੇ ਹਵਾਈ ਅੱਡੇ ਇਹਨਾਂ ਦੇ ਸਪੁਰਦ ਕਰ ਦਿੱਤੇ ਗਏ। ਬੀ.ਐਸ.ਐਨ.ਐਲ. ਨੂੰ ਟੇਢੇ ਢੰਗ ਨਾਲ ਰਿਲਾਇੰਸ-ਜੀਓ ਦੇ ਹਵਾਲੇ ਕਰ ਦਿੱਤਾ ਗਿਆ ਹੈ। ਹੋਰ ਪਤਾ ਨੀ ਕਿੰਨਾ ਹੀ ਕੁੱਝ ਵਾਪਰ ਗਿਆ ਹੈ ਅਤੇ ਵਾਪਰ ਰਿਹਾ ਹੈ। ਇਹ ਸਾਰਾ ਹੀ ਕੁੱਝ ਸਾਡੀਆਂ ਅੱਖਾਂ ਸਾਹਮਣੇ ਵਾਪਰ ਰਿਹਾ ਹੈ ਪਰ ਇਹ ਸਾਰੇ ਧੱਕੇ ਖਿਲਾਫ਼ ਬੋਲਣ ਨਾਲੋਂ ਅਸੀਂ ਆਪਣੇ ਆਪ ਨੂੰ ਗੈਰ-ਸਿਆਸੀ ਘੋਸ਼ਿਤ ਕਰਨ ਵਿੱਚ ਵੱਧ ਮਹਿਫੂਜ਼ ਤੇ ਸਿਆਣੇ ਮਹਿਸੂਸ ਕਰਦੇ ਹਾਂ। ਕਾਰਪੋਰੇਟ ਅਤੇ ਸਿਆਸਤ, ਲੋਕਾਂ ਦਾ ਇੱਕ ਅਜਿਹਾ ਖਾਸ ਵਰਗ ਵੀ ਤਿਆਰ ਕਰਨ ਵਿੱਚ ਕਾਮਯਾਬ ਹੋ ਰਹੇ ਹਨ ਜੋ ਅਜਿਹੇ ਧੱਕਿਆਂ ਖਿਲਾਫ਼ ਬੋਲਣ ਵਾਲਿਆਂ ਨੂੰ ਦੇਸ਼ ਦੇ ਦੁਸ਼ਮਣ ਸਮਝਦਾ ਹੈ। ਇਹ ਖਾਸ ਵਰਗ ਕਾਰਪੋਰੇਟ ਲੁੱਟ ਖਿਲਾਫ਼ ਬਣਦੀ ਸਪੱਸ਼ਟ ਸਮਝ ਨੂੰ ਧੁੰਦਲਾ ਕਰਨ ਦਾ ਮਾਧਿਅਮ ਬਣ ਰਿਹਾ ਹੈ। ਸਾਡੇ ਹਾਕਮਾਂ ਦਾ ਮੀਡੀਆ ਉੱਤੇ ਕੀਤਾ ਕੰਟਰੋਲ, ਸਾਡੀ ਖੁੱਸ ਰਹੀ ਆਜ਼ਾਦੀ ਤੋਂ ਸਾਡਾ ਧਿਆਨ ਲਗਾਤਾਰ ਪਾਸੇ ਰੱਖਣ ਵਿੱਚ ਹੀ ਸਫਲ ਨਹੀਂ ਹੋ ਰਿਹਾ, ਸਗੋਂ ਉਪਰੋਕਤ ਕਿਸਮ ਦੇ ਖਾਸ ਵਰਗ ਨੂੰ ਵੀ ਪੈਦਾ ਕਰਨ ਤੇ ਉਤਸ਼ਾਹਿਤ ਕਰਨ ਵਿੱਚ ਅਹਿਮ ਰੋਲ ਅਦਾ ਕਰ ਰਿਹਾ ਹੈ।



ਗਗਨ ਗਰੋਵਰ (98725-07229)

ਪੇਸ਼ਕਦਮੀਆਂ

ਇਕਾਈ ਸੰਗਰੂਰ : ਖੇੜੀ ਸਕੂਲ ਵਿਖੇ ਤਰਕਸ਼ੀਲ ਸਮਾਗਮ :

ਇਕਾਈ ਸੰਗਰੂਰ ਵੱਲੋਂ ਸਰਕਾਰੀ ਸਮਾਰਟ ਹਾਈ ਸਕੂਲ ਖੇੜੀ ਵਿਖੇ ਤਰਕਸ਼ੀਲ ਸਮਾਗਮ ਹੋਇਆ। ਮੁੱਖ ਅਧਿਆਪਕ ਕੁਲਦੀਪ ਸਿੰਘ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਖੌਤੀ ਸਿਆਣੇ ਕੁਦਰਤੀ ਘਟਨਾਵਾਂ ਨੂੰ ਅੰਧ-ਵਿਸ਼ਵਾਸਾਂ ਨਾਲ ਜੋੜ ਕੇ ਸਮਾਜ ਵਿੱਚ ਵਹਿਮ-ਭਰਮ ਪੈਦਾ ਕਰਦੇ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਰਜਿੰਦਰ ਭਦੌੜ ਨੇ ਬਹੁਤ ਸਾਰੀਆਂ ਘਟਨਾਵਾਂ ਦੀ ਵਿਗਿਆਨਕ ਵਿਆਖਿਆ ਕਰਦਿਆਂ ਸਮਝਾਇਆ ਕਿ ਕਿਵੇਂ ਅਖੌਤੀ ਸਿਆਣੇ ਇਨ੍ਹਾਂ ਨੂੰ ਕਰਾਮਾਤਾਂ ਨਾਲ ਜੋੜ ਕੇ ਲੋਕਾਂ ਨੂੰ ਭਰਮਾਉਂਦੇ ਹਨ। ਮਾਸਟਰ ਲਖਵਿੰਦਰ ਸਿੰਘ, ਬਲਾਕ ਮੈਥ ਮੈਂਟਰ ਪ੍ਰਦੀਪ ਸਿੰਘ ਨੇ ਵੀ ਵਿਗਿਆਨਕ ਸੋਚ ਅਪਨਾਉਣ ਲਈ ਵਿਚਾਰ ਰੱਖੇ। ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਪ੍ਰਧਾਨ ਮਾਸਟਰ ਪਰਮਵੇਦ ਨੇ ਬੱਚਿਆਂ ਦੇ ਸਵਾਲਾਂ ਦੇ ਜਵਾਬ ਦਿੱਤੇ ਤੇ ਹਾਜ਼ਰੀਨ ਨੂੰ ਆਪਣਾ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੱਤਾ। ਡੀ.ਪੀ.ਈ. ਸੁਖਵੀਰ ਸਿੰਘ ਨੇ ਸਟੇਜ ਸੰਚਾਲਨ ਕੀਤਾ। ਇਸ ਸਮਾਗਮ ਵਿੱਚ ਅਧਿਆਪਕ ਮੰਜੂ ਬਾਲਾ, ਅਮਨਦੀਪ ਕੌਰ, ਅਲਪਨਾ ਸਿੰਗਲਾ, ਵੀਨਾ ਰਾਣੀ, ਕਾਂਤਾ ਰਾਣੀ, ਮਮਤਾ, ਬਬੀਤਾ ਗੁਪਤਾ, ਜਸਵੀਰ ਕੌਰ ਤੇ ਸਰੋਜ ਬਾਲਾ ਹਾਜ਼ਰ ਸਨ। ਪ੍ਰੋਗਰਾਮ ਜਾਣਕਾਰੀ ਭਰਪੂਰ ਹੋ ਨਿੱਬੜਿਆ।

- ਪਰਮਵੇਦ

ਇਕਾਈ ਅੰਮ੍ਰਿਤਸਰ :

1. ਤਾਂਤਰਿਕ ਵੱਲੋਂ ਕਤਲ ਕਰਵਾਏ ਬੱਚੇ ਦੇ ਸ਼ੋਕ ਸਮਾਗਮ ਵਿੱਚ ਸਮੂਲੀਅਤ :

ਇਕਾਈ ਨੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਪਿਛਲੇ ਦਿਨੀਂ ਪਿੰਡ ਪੰਡੋਰੀ ਵੜੈਚ ਵਿਖੇ ਅਗਵਾ ਕਰਕੇ ਕਤਲ ਕੀਤੇ ਗਏ ਸਾਢੇ ਤਿੰਨ ਸਾਲ ਦੇ ਮਾਸੂਮ ਤੇਜਪਾਲ ਸਿੰਘ ਦੇ ਕਾਤਲ ਤਾਂਤਰਿਕ ਨੂੰ ਬਿਨ੍ਹਾਂ ਕਿਸੇ ਦੇਰੀ ਦੇ ਸਖਤ ਤੋਂ ਸਖਤ ਸਜ਼ਾ ਦਿਵਾਈ ਜਾਵੇ ਅਤੇ ਲੋਕਾਂ ਨੂੰ ਅੰਧ-ਵਿਸ਼ਵਾਸਾਂ ਵਿੱਚ ਫਸਾ ਕੇ ਲੁੱਟਣ, ਬਲਾਤਕਾਰ ਅਤੇ ਕਤਲ ਕਰਨ ਵਰਗੀਆਂ ਅਪਰਾਧਿਕ ਕਾਰਵਾਈਆਂ ਕਰਨ ਵਾਲੇ ਤਮਾਮ ਪਾਖੰਡੀ ਤਾਂਤਰਿਕਾਂ, ਬਾਬਿਆਂ, ਜੋਤਿਸ਼ੀਆਂ ਅਤੇ ਪੁੱਛਾਂ ਦੇਣ ਵਾਲੇ ਢੌਂਗੀਆਂ ਦੀਆਂ ਗੈਰ-ਕਾਨੂੰਨੀ ਦੁਕਾਨਾਂ ਉੱਤੇ ਪਾਬੰਦੀ ਲਾਈ ਜਾਵੇ। ਅੰਮ੍ਰਿਤਸਰ ਇਕਾਈ ਦੇ ਆਗੂਆਂ ਮੁਖਤਿਆਰ ਗੋਪਾਲਪੁਰਾ, ਸੁਮੀਤ ਸਿੰਘ, ਮਾਸਟਰ ਕੁਲਜੀਤ ਵੇਰਕਾ, ਸੁਖਮੀਤ ਸਿੰਘ, ਕਾਮਰੇਡ ਬਲਕਾਰ ਦੁਧਾਲਾ ਅਤੇ ਸਮਸ਼ੇਰ ਹੇਰ ਨੇ ਪਿੰਡ ਪੰਡੋਰੀ ਵੜੈਚ ਵਿਖੇ ਪੀੜਤ ਪਰਿਵਾਰ ਵੱਲੋਂ ਤੇਜਪਾਲ ਸਿੰਘ ਸਬੰਧੀ ਕਰਵਾਏ ਸ਼ੋਕ ਸਮਾਗਮ ਮੌਕੇ ਪੀੜਤ ਪਰਿਵਾਰ ਅਤੇ ਪਿੰਡ ਵਾਸੀਆਂ ਨਾਲ ਦੁੱਖ ਸਾਂਝਾ ਕੀਤਾ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਮਾਸੂਮ ਦੇ ਕਾਤਲ ਨੂੰ ਸਖਤ ਤੋਂ ਸਖਤ ਸਜ਼ਾ ਦਿਵਾਉਣ ਲਈ ਉੱਚ ਪੁਲਿਸ ਅਧਿਕਾਰੀਆਂ ਤੱਕ ਲਗਾਤਾਰ ਪਹੁੰਚ ਕੀਤੀ ਜਾਵੇਗੀ। ਇਸ ਮੌਕੇ ਤਰਕਸ਼ੀਲ ਆਗੂਆਂ ਨੇ ਸੰਬੋਧਨ ਵੀ ਕੀਤਾ।

ਵਿਸ਼ੇਸ ਇਕੱਤਰਤਾ :

ਇਕਾਈ ਵੱਲੋਂ ਵਿਸ਼ੇਸ ਇਕੱਤਰਤਾ ਕਰਕੇ ਉੱਘੇ ਚਿੰਤਕ, ਇਤਿਹਾਸਕਾਰ ਅਤੇ ਤਰਕਸ਼ੀਲ ਬੁੱਧੀਜੀਵੀ ਰਾਮ ਪੁਨਿਆਣੀ ਨੂੰ ਜਾਨੋਂ ਮਾਰਣ ਦੀਆਂ ਫਾਸ਼ੀਵਾਦੀ ਤਾਕਤਾਂ ਵੱਲੋਂ ਦਿੱਤੀਆਂ ਗਈਆਂ ਧਮਕੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਹੈ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਇਕੱਤਰਤਾ ਨੂੰ ਇਕਾਈ ਜਥੇਬੰਦਕ ਮੁਖੀ ਸੁਮੀਤ ਸਿੰਘ, ਵਿੱਤ ਮੁਖੀ ਜਸਪਾਲ ਬਾਸਰਕਾ, ਮਾਨਸਿਕ ਸਿਹਤ ਮਸਵਰਾ ਮੁਖੀ ਕੁਲਜੀਤ ਵੇਰਕਾ, ਉੱਘੇ ਚਿੰਤਕ ਡਾ. ਪਰਮਿੰਦਰ ਸਿੰਘ ਨੇ ਸੰਬੋਧਨ ਕੀਤਾ। ਤਰਕਸ਼ੀਲ ਆਗੂ ਮੇਜਰ ਸਿੰਘ, ਅਜੀਤ ਸਿੰਘ, ਮਨਜੀਤ ਬਾਸਰਕਾ, ਰਾਜ ਕੁਮਾਰ ਵੇਰਕਾ, ਅਸ਼ਵਨੀ ਕੁਮਾਰ, ਧਰਵਿੰਦਰ ਕੋਹਾਲੀ, ਸੁਖਮੀਤ ਸਿੰਘ ਆਦਿ ਨੇ ਵੀ ਵਿਚਾਰ ਪ੍ਰਗਟਾਏ।

- ਸੁਮੀਤ ਸਿੰਘ

ਇਕਾਈ ਰੋਪੜ :

ਸ.ਹਾਈ.ਸਕੂਲ ਬੱਤਾ, ਸ.ਸ.ਸ.ਸਕੂਲ ਸਿੰਘਪੁਰਾ (ਕੁਰਾਲੀ) ਅਟਾਰੀ (ਬੁੰਗਾ), ਚਕਵਾਲ, ਜੀਨੀਅਸ ਇੰਟਰਨੈਨਸ਼ਲ ਪਬਲਿਕ ਸਕੂਲ ਸੋਲੰਖੀਆਂ, ਸ.ਮਿ.ਸ. ਰੰਗੀਲਪੁਰ ਅਤੇ ਖੈਰਾਬਾਦ ਵਿਖੇ ਅੰਧਵਿਸ਼ਵਾਸਾਂ ਵਿਰੁੱਧ ਵਿਗਿਆਨਕ ਸਮਝ ਬਾਰੇ ਜਾਣਕਾਰੀ ਦਿੱਤੀ ਗਈ, ਜਾਦੂ ਦੇ ਟ੍ਰਿਕ ਪੇਸ਼ ਕੀਤੇ ਗਏ ਅਤੇ ਚੁਣੌਤੀ ਵਾਲੇ ਪੈਂਫਲਿਟ ਵੰਡੇ ਗਏ। ਦੋ-ਦੋ ਦੀਆਂ ਟੀਮਾਂ ਬਣਾਕੇ ਇਕਾਈ ਮੈਂਬਰਾਂ ਪਵਨ ਰੱਤੋਂ, ਹਰਵਿੰਦਰ ਸੁਖਰਾਮਪੁਰੀ, ਬਲਬੀਰ ਖੈਰਾਬਾਦ, ਕਰਮਜੀਤ ਮਲਿਕਪੁਰੀ, ਅਜੀਤ ਪ੍ਰਦੇਸੀ ਅਤੇ ਅਸ਼ੋਕ ਕੁਮਾਰ ਨੇ ਪੂਰੀ ਵਿਉਂਤ ਬੰਦੀ ਨਾਲ ਵੱਖ ਵੱਖ ਸਕੂਲਾਂ ਵਿੱਚ ਪਹੁੰਚ ਕੀਤੀ।

-ਰੋਮੀ ਘੜਾਮੇਂ ਵਾਲਾ

ਸੂਬਾ ਡੈਲੀਗੇਟ ਇਜਲਾਸ: ਇੱਕ ਰਿਪੋਰਟ

ਤਰਕਸ਼ੀਲ ਹਾਲ, ਬਰਨਾਲਾ ਵਿਖੇ ਹੋਏ ਡੈਲੀਗੇਟ ਇਜਲਾਸ ਵਿੱਚ ਰਾਜ ਭਰ ਤੋਂ 75 ਤਰਕਸ਼ੀਲ ਇਕਾਈਆਂ ਦੇ 149 ਡੈਲੀਗੇਟਾਂ ਤੇ 67 ਦਰਸ਼ਕਾਂ ਨੇ ਸ਼ਮੂਲੀਅਤ ਕੀਤੀ। ਮੁਢਲੇ ਸ਼ੈਸ਼ਨ ਵਿੱਚ ਇਜਲਾਸ ਨੂੰ ਸੰਬੋਧਨ ਕਰਦਿਆਂ ਉੱਘੇ ਲੇਖਕ ਡਾ. ਸ਼ਿਆਮ ਸੁੰਦਰ ਦੀਪਤੀ ਨੇ ਆਖਿਆ ਕਿ ਅੰਧਵਿਸ਼ਵਾਸਾਂ ਨੂੰ ਮਾਤ ਦੇਣ ਲਈ ਤਰਕਸ਼ੀਲ ਚੇਤਨਾ ਦਾ ਪਸਾਰ ਸਮੇਂ ਦੀ ਲੋੜ ਹੈ ਕਿਉਂਕਿ ਤਰਕਸ਼ੀਲਤਾ ਸੁਖਾਵੀਂ ਜ਼ਿੰਦਗੀ ਤੇ ਸਮਾਜ ਲਈ ਲਾਜ਼ਮ ਸ਼ਰਤ ਹੈ। ਉਹਨਾਂ ਆਖਿਆ ਕਿ ਤਰਕਸ਼ੀਲਤਾ ਇੱਕ ਵਿਚਾਰਧਾਰਾ ਦੇ ਨਾਲ ਨਾਲ ਜ਼ਿੰਦਗੀ ਵਿੱਚ ਜੀਵਨ ਜਾਂਚ ਦੇ ਤੌਰ ਤੇ ਲਾਗੂ ਹੋਣੀ ਚਾਹੀਦੀ ਹੈ, ਤਾਂ ਜੋ ਜ਼ਿੰਦਗੀ ਤੇ ਸਮਾਜ ਨੂੰ ਸਾਵੇਂ ਸੁਖਾਵੇਂ ਰੁਖ਼ ਤੋਰਿਆ ਜਾ ਸਕੇ। ਇਜਲਾਸ ਦੇ ਪਹਿਲੇ ਸ਼ੈਸ਼ਨ ਵਿੱਚ 10 ਜ਼ੋਨਾਂ ਦੇ ਆਗੂਆਂ ਨੇ ਪਿਛਲੇ ਸ਼ੈਸ਼ਨ ਵਿੱਚ ਵੱਖ ਵੱਖ ਵਿਭਾਗਾਂ ਦੀ ਕਾਰੁਜ਼ਗਾਰੀ ਤੇ ਚਰਚਾ ਕਰਦਿਆਂ ਆਪੋ ਆਪਣੇ ਜ਼ੋਨਾਂ ਵਿੱਚ ਹੋਈਆਂ ਤਰਕਸ਼ੀਲ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਆਉਣ ਵਾਲੇ ਸਮੇਂ ਦੀ ਉਲੀਕੀ ਕਾਰਜ ਵਿਉਂਤ ਬਾਰੇ ਵਿਚਾਰ ਪ੍ਰਗਟਾਏ। ਇਜਲਾਸ ਵਿੱਚ ਬੋਲਦਿਆਂ ਪ੍ਰੋ. ਅਵਤਾਰਦੀਪ, ਜੋਗਿੰਦਰ ਕੁੱਲੇਵਾਲ, ਜਰਨੈਲ ਕ੍ਰਾਂਤੀ, ਸੁਖਦੇਵ ਫਗਵਾੜਾ, ਜਸਵੰਤ ਜ਼ੀਰਖ, ਅਜੀਤ ਪ੍ਰਦੇਸੀ, ਰਾਜਵੰਤ ਬਾਗੜੀਆਂ, ਰਾਮ ਸਿੰਘ ਨਿਰਮਾਣ, ਅੰਮ੍ਰਿਤ ਰਿਸ਼ੀ ਤੇ ਜੁਝਾਰ ਲੌਂਗੋਵਾਲ ਨੇ ਤਰਕਸ਼ੀਲ, ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਲਈ ਤਰਕਸ਼ੀਲ ਸਾਹਿਤ, ਮੈਗਜ਼ੀਨ, ਸਾਹਿਤ ਵੈਨ ਤੇ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦੇ ਕਾਰਜਾਂ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਇਹਨਾਂ ਯਤਨਾਂ ਨੂੰ ਲਗਾਤਾਰ ਜਾਰੀ ਰੱਖਣ ਦੀ ਹਾਮੀ ਭਰੀ। ਬੁਲਾਰਿਆਂ ਨੇ ਮੀਡੀਆ ਵਿਭਾਗ ਦੇ ਰੋਲ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਆਈ.ਟੀ. ਸੈੱਲ ਬਣਾਉਣ ਤੇ ਅਖਬਾਰਾਂ ਲਈ ਕਾਲਮ ਲਿਖਣ ਦੇ ਸੁਝਾਅ ਦਿੱਤੇ। ਆਗੂਆਂ ਨੇ ਅੰਧਵਿਸ਼ਵਾਸਾਂ, ਕਰਮ ਕਾਂਡਾਂ ਤੇ ਜਾਦੂ-ਜੋਤਿਸ਼ ਦੇ ਸਫ਼ਾਏ ਦੇ ਨਾਲ ਨਾਲ ਫਿਰਕਾਪ੍ਰਸਤੀ, ਫਾਸ਼ੀਵਾਦ, ਜਾਤੀਵਾਦ ਜਿਹੇ ਭਖਵੇਂ ਮੁੱਦਿਆਂ ਤੇ ਸਰਗਰਮੀ ਕਰਦੇ ਰਹਿਣ ਦਾ ਮੁੱਦਾ ਚਰਚਾ ਵਿੱਚ ਲਿਆਂਦਾ। ਆਗੂਆਂ ਨੇ ਮੀਡੀਆ ਰਾਹੀਂ ਅੰਧਵਿਸ਼ਵਾਸਾਂ ਦੇ ਕੂੜ ਪ੍ਰਚਾਰ ਦਾ ਨੋਟਿਸ ਲੈਂਦਿਆਂ ਪੰਜਾਬ ਵਿੱਚ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਪਾਸ ਕਰਵਾਉਣ ਲਈ ਸੁਹਿਰਦ ਯਤਨ ਜੁਟਾਉਣ ਦਾ ਅਹਿਦ ਲਿਆ।

ਪਿਛਲੇ ਕਾਰਜਕਾਲ ਦੌਰਾਨ ਵੱਖ ਵੱਖ ਵਿਭਾਗਾਂ ਦੀ ਕਾਰੁਜ਼ਗਾਰੀ ਤੇ ਉਲੀਕੀ ਗਈ ਕਾਰਜ ਵਿਉਂਤ ਤੇ ਬੋਲਦਿਆਂ ਡੈਲੀਗੇਟਾਂ ਨੇ ਵਿਭਾਗਾਂ ਦੀ ਪੇਸ਼ ਕੀਤੀ ਗਈ ਰਿਪੋਰਟ ਤੇ ਆਪਣੀਆਂ ਟਿੱਪਣੀਆਂ ਤੇ ਸੁਝਾਅ ਦਿੱਤੇ। ਪਹਿਲੇ ਸ਼ੈਸ਼ਨ ਦੀ ਸਮਾਪਤੀ ਤੇ, ਜਥੇਬੰਦਕ, ਵਿੱਤ, ਮੈਗਜ਼ੀਨ, ਮੀਡੀਆ, ਮਾਨਸਿਕ ਸਿਹਤ, ਸਭਿਆਚਾਰਕ, ਸਾਹਿਤ, ਪ੍ਰਿੰਟਿੰਗ, ਕੌਮੀ ਕੌਮਾਂਤਰੀ ਸਾਰੇ ਵਿਭਾਗਾਂ ਦੇ ਮੁਖੀਆਂ ਨੇ ਡੈਲੀਗੇਟਾਂ ਵੱਲੋਂ ਉਠਾਏ ਸੁਆਲਾਂ, ਮੁੱਦਿਆਂ ਤੇ ਆਪਣਾ ਪੱਖ ਰੱਖਿਆ। ਅਗਲੇ ਸ਼ੈਸ਼ਨ ਵਿੱਚ ਨਵੀਂ ਸੂਬਾ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਇਜਲਾਸ ਨੇ ਰਾਜਿੰਦਰ ਭਦੌੜ ਨੂੰ ਸੂਬਾ ਜਥੇਬੰਦਕ ਮੁਖੀ, ਹੇਮ ਰਾਜ ਸਟੈਨੋ ਨੂੰ ਵਿੱਤ ਵਿਭਾਗ ਮੁਖੀ, ਬਲਬੀਰ ਲੌਂਗੋਵਾਲ ਨੂੰ ਮੁੱਖ ਸੰਪਾਦਕ 'ਤਰਕਸ਼ੀਲ' ਮੈਗਜ਼ੀਨ, ਅਜੀਤ ਪ੍ਰਦੇਸੀ ਨੂੰ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਮੁਖੀ, ਐਡਵੋਕੇਟ ਹਰਿੰਦਰ ਲਾਲੀ ਨੂੰ ਕਾਨੂੰਨ ਵਿਭਾਗ ਮੁਖੀ, ਸੁਖਵਿੰਦਰ ਬਾਗਪੁਰ ਨੂੰ ਪ੍ਰਿੰਟਿੰਗ ਵਿਭਾਗ ਮੁਖੀ, ਅਜਾਇਬ ਜਲਾਲੇਆਣਾ ਨੂੰ ਮੀਡੀਆ ਵਿਭਾਗ ਮੁਖੀ, ਹਰਚੰਦ ਭਿੰਡਰ ਨੂੰ ਕੌਮੀ ਕੌਮਾਂਤਰੀ ਤਾਲਮੇਲ ਵਿਭਾਗ ਮੁਖੀ ਤੇ ਰਾਮ ਸਵਰਨ ਲੱਖੇਵਾਲੀ ਨੂੰ ਸਾਹਿਤ ਵਿਭਾਗ ਮੁਖੀ ਚੁਣਿਆ। ਇਜਲਾਸ ਵਿਚ ਬੋਲਦਿਆਂ ਤਰਕਸ਼ੀਲ ਆਗੂਆਂ ਨੇ ਸਿੱਖਿਆ ਵਿੱਚ ਅੰਧ ਸ਼ਰਧਾ ਨੂੰ ਸਥਾਨ ਦੇਣ ਤੇ ਸੰਵਿਧਾਨਿਕ ਅਹੁਦਿਆਂ ਤੇ ਬੈਠੇ ਰਾਜਨੀਤੀਵਾਨਾਂ ਵੱਲੋਂ ਗੈਰ ਵਿਗਿਆਨਕ ਧਾਰਨਾਵਾਂ ਫੈਲਾਉਣ ਦਾ ਤਿੱਖਾ ਨੋਟਿਸ ਲੈਂਦਿਆਂ ਹਰ ਪੱਧਰ ਤੇ ਤਰਕਸ਼ੀਲ ਵਿਚਾਰਾਂ ਦੇ ਪਸਾਰ ਲਈ ਸਰਗਰਮ ਹੋਣ ਦੀ ਲੋੜ ਤੇ ਜ਼ੋਰ ਦਿੱਤਾ। ਇਜਲਾਸ ਵਿੱਚ ਹੋਈ ਚਰਚਾ ਤੇ ਬਹਿਸ ਵਿੱਚ ਹੋਰਨਾਂ ਤੋਂ ਇਲਾਵਾ ਰਾਜਪਾਲ ਸਿੰਘ, ਭੁਪਿੰਦਰ ਫੌਜੀ, ਗੁਰਪ੍ਰੀਤ ਸ਼ਹਿਣਾ, ਸੁਰਿੰਦਰ ਰਾਮਪੁਰਾ, ਜਿੰਦ ਬਾਗਪੁਰ, ਮਾਸਟਰ ਜਗਦੀਸ਼ ਰਾਏਪੁਰ ਡੱਬਾ, ਸੁਰਿੰਦਰ ਪਟਿਆਲਾ, ਮੁਖ਼ਤਿਆਰ ਗੋਪਾਲਪੁਰਾ, ਓਮ ਪ੍ਰਕਾਸ਼ ਲਾਧੂਕਾ, ਜਸਵੰਤ ਮੁਹਾਲੀ, ਰਤਨ ਮੂਣਕ, ਰਾਜੇਸ਼ ਅਕਲੀਆ, ਸੁਖਦੇਵ ਧੂਰੀ ਆਦਿ ਆਗੂਆਂ ਨੇ ਭਾਗ ਲਿਆ।

ਸਫਾ 48 ਦਾ ਬਾਕੀ...

8.	ਜਿੰਦਰ ਬਾਗਪੁਰ	2000
9.	ਸੁਖਵਿੰਦਰ ਬਾਗਪੁਰ	2000
10.	ਅਮਨ ਬਾਗਪੁਰ	2000
11.	ਗੁਰਦੇਵ ਨਵਾਂ ਕਿਲਾ	2000
12.	ਸਤਨਾਮ ਨਵਾਂ ਕਿਲਾ	2000
13.	ਡਾ. ਜਗਜੀਤ ਕਾਂਗਣਾ	2000
14.	ਹੈੱਡ ਮਾਸਟਰ ਸਵਰਨ ਸਿੰਘ ਸੰਗਤਪੁਰ	2000
15.	ਮੱਖਣ ਸਿੰਘ ਸੰਢਾਵਾਲ (ਪੁੱਤਰ ਗੁਰਪ੍ਰੀਤ ਸਿੰਘ ਦੇ ਵਿਦੇਸ਼ ਜਾਣ ਦੀ ਖੁਸ਼ੀ ਵਿੱਚ)	500

ਤਾਸ਼ ਖੇਡਣ ਦਾ ਭੇਦ

ਬੁੱਢੇ ਦੇਸ਼ ਭਗਤ ਕਰਮ ਸਿੰਘ ਨੂੰ ਸਾਰੇ ਬਾਬਾ ਅਕਾਲੀ ਆਖ ਕੇ ਬੁਲਾਉਂਦੇ ਸਨ। ਪਿੰਡ ਵਿੱਚ ਉਮਰੋਂ ਤਾਂ ਸ਼ਾਇਦ ਕੁੱਝ ਉਸਦੇ ਹਾਣੀ ਤੇ ਕੋਈ ਦੋ ਚਾਰ ਵਡੇਰੇ ਵੀ ਹੋਣਗੇ, ਪਰ ਸਤਿਕਾਰ ਵਜੋਂ ਸਾਰੇ ਉਸਨੂੰ ਬਾਬਾ ਅਕਾਲੀ ਹੀ ਕਿਹਾ ਕਰਦੇ ਸਨ। ਅੰਗਰੇਜੀ ਸਾਮਰਾਜ ਵਿਰੁੱਧ ਚਲਦੀਆਂ ਲਹਿਰਾਂ ਵਿੱਚ ਉਹ ਕਈ ਵਾਰ ਜੇਲ੍ਹ ਜਾ ਚੁੱਕਾ ਸੀ। ਫੇਰ ਉਹ ਸਾਰਿਆਂ ਦਾ ਸਾਂਝਾ ਤੇ ਸੁੱਚਾ-ਸੱਚਾ ਆਦਮੀ ਸੀ। ਉਹ ਆਪਣੇ ਖੇਤ ਵੱਲੋਂ ਆ ਰਿਹਾ ਸੀ। ਤੂਤਾਂ ਦੇ ਕੋਲ ਦੀ ਉਸਦੇ ਘਰ ਨੂੰ ਡੰਡੀ ਜਾਂਦੀ ਸੀ। ਛਾਵੇਂ ਖਲੋਣ ਦਾ ਉਸਦਾ ਰੌਂਅ ਨਹੀਂ ਸੀ ਜਾਪਦਾ। ਉਹ ਆਪਣੇ ਧਿਆਨ ਪਾਸੇ-ਪਾਸੇ ਲੰਘ ਚੱਲਿਆ ਸੀ। ਬਰਾਬਰ ਤੇ ਆਏ ਨੂੰ ਉਹਨੂੰ ਸੱਜਣ ਸਿਘ ਨੇ ਅਵਾਜ਼ ਮਾਰੀ, "ਬਾਬਾ 'ਕਾਲੀਆ, ਉਹ ਆ ਬਈ ਤੈਨੂੰ ਤਾਸ਼ ਖਿਡਾਈਏ।" "ਤਾਸ਼" ਬਾਬਾ ਅਕਾਲੀ ਤੁਰਿਆ ਤੁਰਿਆ ਜਾਂਦਾ ਖਲੋ ਗਿਆ। ਪਤਾ ਨਹੀਂ ਉਸਦੇ ਦਿਲ ਵਿੱਚ ਕੀ ਆਈ। ਉਹ ਮੁੜਕੇ ਤਖਤ ਪੋਸ਼ ਕੋਲ ਆ ਖਲੋਤਾ। ਉਸਦੇ ਗੰਭੀਰ ਚਿਹਰੇ 'ਤੇ ਕੁੱਝ ਅਨੋਖੀਆਂ ਰੇਖਾ ਉੱਘੜ ਆਈਆਂ। ਤਖਤ ਪੋਸ਼ ਉੱਤੇ ਚੁੱਪ ਛਾ ਗਈ। ਸਾਰੇ ਹੈਰਾਨੀ ਨਾਲ ਬਾਬੇ ਅਕਾਲੀ ਦੇ ਮੂੰਹ ਵੱਲ ਵੇਖਣ ਲੱਗ ਪਏ। "ਉਂਝ ਖੇਡਣੀ ਆਉਂਦੀ ਹੈ ਤੁਹਾਨੂੰ ਤਾਸ਼। ਲਿਆ ਕਰ ਉਰਾਂ।" ਬਾਬੇ ਅਕਾਲੀ ਨੇ ਸੱਜਣ ਸਿੰਘ ਦੇ ਹੱਥੋਂ ਤਾਸ਼ ਫੜ ਲਈ। ਇੱਕ ਪਲ ਉਹਨੇ ਸਾਰਿਆਂ ਦੇ ਚਿਹਰਿਆਂ ਵੱਲ ਬੜੀ ਵਿੰਨਵੀਂ ਨਜ਼ਰ ਨਾਲ ਘੂਰਿਆ। ਫਿਰ ਉਹ ਆਪਣੇ ਆਪ ਪੱਤੇ ਫੋਲਕੇ ਤਰਤੀਬਵਾਰ ਕਰਨ ਲੱਗ ਪਿਆ। "ਆਹ ਦੁੱਕੀ ਜੇ ਨਾ" ਉਹਨੇ ਪਾਨ ਦੀ ਦੁੱਕੀ ਹੇਠਾਂ ਸੁੱਟਦਿਆਂ ਕਿਹਾ। ਤਿੰਨਾਂ ਚਹੁੰਆਂ ਬੰਦਿਆਂ ਨੇ ਸਿਰ ਹਿਲਾ ਕੇ ਹਾਮੀ ਭਰੀ। "ਤੇ ਆਹ ਤਿੱਕੀ।" ਬਾਬੇ ਅਕਾਲੀ ਨੇ ਇੱਕ ਹੋਰ ਪੱਤਾ ਪਹਿਲੇ ਉੱਤੇ ਸੁੱਟਿਆ। "ਇਹਦੇ ਉੱਤੇ ਇੱਕ ਟਿਮਕਣਾ ਵੱਧ ਏ। ਜਿਵੇਂ ਫੌਜੀ ਦੀ ਬਾਂਹ ਉੱਤੇ ਦੋ ਦੀ ਥਾਂ ਤਿੰਨ ਫੀਤੀਆਂ ਲੱਗ ਗਈਆਂ ਹੋਣ। ਇੱਕ ਵਾਧੂ ਟਿਮਕਣੇ ਨਾਲ ਦਰਜਾ ਵਧ ਗਿਆ ਤੇ ਇਹਨੇ ਦੁੱਕੀ ਨੂੰ ਕੱਟ ਦਿੱਤਾ, ਸਮਝੇ।" ਆਲੇ ਦੁਆਲੇ ਬੈਠਿਆਂ ਨੇ ਹਾਂ ਵਿੱਚ ਸਿਰ ਹਿਲਾਏ। ਭਾਵੇਂ ਉਨ੍ਹਾਂ ਵਿੱਚੋਂ ਅਜੇ ਕੋਈ ਵੀ ਨਹੀਂ ਸੀ ਸਮਝਿਆ ਕਿ ਬਾਬੇ ਅਕਾਲੀ ਦਾ ਭਾਵ ਕੀ ਏ। "ਤੇ ਆਹ ਚੌਕੀ। ਇਹਨੇ ਤਿੱਕੀ ਨੂੰ ਮਾਰ ਲਿਆ।" ਬਾਬੇ ਅਕਾਲੀ ਨੇ ਪੱਤਾ ਸੁੱਟਕੇ ਇੱਕ ਵਾਰ ਫਿਰ ਸਾਰਿਆਂ ਵੱਲ ਬੜੀ ਪੜਚੋਲਵੀਂ ਨਜ਼ਰ ਨਾਲ ਤੱਕਿਆ। "ਇਸੇ ਤਰ੍ਹਾਂ ਚੌਕੀ ਉੱਤੇ ਪੰਜੀ, ਪੰਜੀ ਉੱਤੇ ਛਿੱਕੀ, ਤੇ ਅੱਗੇ ਸੱਤੀ ਅੱਠੀ ਨਹਿਲਾ ਦਹਿਲਾ।" ਨਾਲੋ ਨਾਲ ਬਾਬਾ ਅਕਾਲੀ ਪੱਤੇ ਸੁੱਟੀ ਜਾ ਰਿਹਾ ਸੀ। "ਆਪ ਤੋਂ ਨੀਵੇਂ ਉੱਤੇ ਦੂਜਾ ਭਾਰੂ ਏ। ਤੇ ਇਨ੍ਹਾਂ ਸਾਰਿਆਂ ਨਹਿਲਿਆਂ ਦਹਿਲਿਆਂ ਦੇ ਸਿਰ ਤੇ ਗੋਲਾ ਚੜ੍ਹਿਆ ਬੈਠਾ ਏ, ਗੁਲਾਮ। ਇੱਕ ਗੁਲਾਮ, ਦੂਜਾ ਗੁਲਾਮ, ਤੀਜਾ ਗੁਲਾਮ, ਚੌਥਾ ਗੁਲਾਮ।" ਉਹਨੇ ਚਹੁੰ ਰੰਗਾਂ ਦੇ ਗੋਲੇ ਹੇਠਾਂ ਸੁੱਟ ਦਿੱਤੇ। "ਇਹ ਚਹੁੰ ਰੰਗਾਂ ਦੇ ਗੁਲਾਮ ਨੇ, ਸਮਝੋ ਚਹੁੰ ਵਰਣਾਂ ਦੇ, ਚਹੁੰ ਮਜਹਬਾਂ ਦੇ ਸਾਰੇ ਹੀ ਗੁਲਾਮ।" ਉਸਨੇ ਸੱਜਾ ਹੱਥ ਫੇਰਕੇ ਸਾਰਿਆਂ ਵੱਲ ਇਸ਼ਾਰਾ ਕਰਦਿਆਂ ਕਿਹਾ। "ਤੇ ਇਹ ਸਾਰੇ ਗੁਲਾਮ ਇੱਕ ਬੇਗਮ ਦਾ ਪਾਣੀ ਭਰਦੇ ਜੇ ਪਏ।" ਨਾਲ ਹੀ ਉਹਨੇ ਪੋਲੇ ਜਿਹੇ ਹੱਥ ਨਾਲ ਗੋਲਿਆਂ ਉੱਤੇ ਪਾਨ ਦੀ ਬੇਗੀ ਧਰ ਦਿੱਤੀ। ਇਹ ਲਾਲ ਰੰਗ ਦੀ ਬੇਗੀ ਸਾਰਿਆਂ ਗੁਲਾਮਾਂ ਅਤੇ ਹੇਠਲੇ ਸਾਰੇ ਨਹਿਲਿਆਂ ਦਹਿਲਿਆਂ ਤੇ ਜੁੱਤੀ ਨਾਲ ਰਾਜ ਕਰਦੀ ਜੇ ਪਈ, ਕਿਉਂਕਿ ਇਹਦੇ ਪਿੱਛੇ ਸੁਨਿਹਰੀ ਤਾਜ ਵਾਲਾ ਬਾਦਸ਼ਾਹ ਬੈਠਾ ਏ। ਦੱਸੋ ਹੁਣ ਕੀ ਕਰੋਗੇ ਤੁਸੀਂ? ਮੇਰੇ ਵੱਲ ਕੀ ਵਿਹੰਦੇ ਜੇ ਪਏ। ਖਾਓ ਜੁਤੀਆਂ ਸਹੋ ਰਗੜੇ। ਪਰ ਇਹਦਾ ਇਲਾਜ ਹੈਗਾ ਜੇ। ਆਹ ਵਿਹੰਦੇ ਓ।" ਉਹਨੇ ਪਾਣ ਦਾ ਯੱਕਾ ਸੱਜੇ ਹੱਥ ਵਿੱਚ ਲੈਕੇ ਸਾਰਿਆ ਵੱਲ ਸਿੱਧਾ ਕਰਕੇ ਪੁੱਛਿਆ, "ਕੀ ਨਾ ਏਂ ਇਹਦਾ?" "ਯੱਕਾ" ਉਮਰਦੀਨ ਦੀ ਮੱਧਮ ਜਿਹੀ ਅਵਾਜ਼ ਆਈ। "ਯੱਕਾ ਨਹੀਂ ਅਸਲ ਵਿਚ ਇਹਦਾ ਨਾ ਏਂ ਏਕਾ। ਇੱਕੋ ਟਿਮਕਣਾ ਏਂ ਨਾ ਇਹਦੇ ਉੱਤੇ, ਏਕਾ। ਤੇ ਸਿਰਫ ਇਹ ਇਹਨਾਂ ਬੇਗਮਾਂ ਤੇ ਬਾਦਸ਼ਾਹਾਂ ਦਾ ਮੂੰਹ ਭੰਨ ਸਕਦਾ ਏ। ਏਕੇ ਤੋਂ ਬਿਨਾਂ ਤੁਸੀਂ ਇਨ੍ਹਾਂ ਨੂੰ ਜਿੱਤ ਨਹੀਂ ਜੇ ਸਕਦੇ, ਹੈਂ। ਤੁਸੀਂ ਬੜੇ ਬਹਾਦਰ ਓ, ਬੜੇ ਸੂਰਮੇਂ ਓ, ...ਤੁਹਾਡੇ ਕੋਲ ਧਰਤੀ ਐ, ਕਪਾਹ ਐ, ਕਣਕ ਐ, ਚਾਂਦੀ ਐ, ਸੋਨਾ ਐ, ਹੀਰੇ-ਮੋਤੀ, ਜਵਾਹਰ ਸਭ ਕੁੱਝ ਐ, ਪਰ ਏਕਾ ਨਹੀਂ ਐ। ਆਹ ਸਿੱਖ ਜੇ, ਉਹ ਮੁਸਲਮਾਨ ਏਂ, ਅਹੁ ਹਿੰਦੂ ਏ, ਅਹੁ ਇਸਾਈ ਆ, ਅਹੁ ਪੰਡਿਤ ਜੇ।ਪਰ ਇਨਸਾਨ ਇੱਕ ਵੀ ਨਹੀਂ। ਦੁੱਕੀਆਂ ਤਿੱਕੀਆਂ ਵਾਂਗ ਸਭ ਵੰਡੇ ਹੋਏ ਓ ਆਪਸ ਵਿੱਚ । ਬਸ ਆਪਸ ਵਿੱਚ ਲੜਣ ਜੋਗੇ ਓ, ਪਰ ਏਕਾ ਹੈ ਨਹੀਂ । ਤਾਸ਼ ਖੇਡਦੇ ਓ, ਰੋਜ਼ ਖੇਡਦੇ ਓ, ਪਰ ਏਕੇ ਦੀ ਤਾਕਤ ਨਹੀਂ ਸਮਝਦੇ। ਆਹ ਜੇ ਤਾਸ਼ ਖੇਡਣ ਦਾ ਅਸਲੀ ਮਨੋਰਥ, ਸਮਝੇ। ਨਹੀਂ ਸਮਝੇ ਤਾਂ ਖਾਓ ਖਸਮਾਂ ਨੂੰ। ਆਹ ਪਈ ਜੇ ਤਾਸ਼।" ਹੱਥ ਵਿੱਚ ਰਹਿੰਦੇ ਪੱਤੇ ਉਹਨੇ ਭੁਆਕੇ ਮਾਰੇ ਤੇ ਆਪ ਘਰ ਨੂੰ ਤੁਰ ਪਿਆ।

(ਸੋਹਣ ਸਿੰਘ ਸੀਤਲ ਦੇ ਨਾਵਲ "ਤੂਤਾਂ ਵਾਲਾ ਖੂਹ" ਵਿੱਚੋਂ)



ਜਲਿਆਂ ਵਾਲੇ ਬਾਗ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)

ਵੱਲੋਂ

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ-2019

10 ਅਗਸਤ 2019 (ਦੂਜਾ ਸ਼ਨੀਵਾਰ) ਨੂੰ ਸਵੇਰੇ 10 ਤੋਂ 12 ਵਜੇ

ਫਾਰਮ ਜਮ੍ਹਾਂ ਕਰਵਾਉਣ ਦੀ **ਅੰਤਿਮ ਮਿਤੀ 15 ਜੁਲਾਈ** ਹੈ।

ਪ੍ਰੀਖਿਆ ਦਾ ਸਮਾਂ 2 ਘੰਟੇ ਦਾ ਹੋਵੇਗਾ ਅਤੇ 60 ਸੰਖੇਪ ਉੱਤਰਾਂ ਵਾਲੇ +40 ਅਬਜੈਕਟਿਵ ਟਾਈਪ (ਕੁੱਲ 100) ਪ੍ਰਸ਼ਨ ਹੋਣਗੇ।

ਚੇਤਨਾ ਪਰਖ ਪ੍ਰੀਖਿਆ ਦੇ ਉਦੇਸ਼

1. ਵਿਦਿਆਰਥੀਆਂ ਨੂੰ ਅੰਧ-ਵਿਸ਼ਵਾਸਾਂ 'ਚੋਂ ਕੱਢ ਕੇ ਉਹਨਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣਾ।
2. ਵਿਦਿਆਰਥੀਆਂ ਨੂੰ ਸ਼ਾਨਾਮੱਤੇ ਇਤਿਹਾਸ ਬਾਰੇ ਜਾਣੂੰ ਕਰਵਾਉਣਾ।
3. ਵਿਦਿਆਰਥੀਆਂ ਨੂੰ ਫਿਲਮੀ ਨਾਇਕਾਂ ਦੀ ਥਾਂ ਸਮਾਜ ਦੇ ਅਸਲ ਨਾਇਕਾਂ ਦੇ ਰੂ-ਬ-ਰੂ ਕਰਵਾਉਣਾ।

ਪੇਪਰ ਦੀ ਰੂਪ ਰੇਖਾ

ਵਿਗਿਆਨਕ ਸਮਝ (ਸਿਲੇਬਸ ਪੁਸਤਕ) 90 ਪ੍ਰਸ਼ਨ

ਚਲੰਤ ਮਸਲੇ ਅਤੇ ਆਮ ਗਿਆਨ (10 ਪ੍ਰਸ਼ਨ) ਕੁੱਲ ਅੰਕ 100

ਪੱਧਰ

ਮਿਡਲ : ਛੇਵੀਂ ਤੋਂ ਅੱਠਵੀਂ ਕਲਾਸ

ਸੈਕੰਡਰੀ : ਨੌਵੀਂ ਤੋਂ ਬਾਰਵੀਂ ਕਲਾਸ

ਪ੍ਰਸਤਾਵਿਤ ਪੜ੍ਹਨ ਸਮੱਗਰੀ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਛਾਪੀ ਗਈ ਵਿਸ਼ੇਸ਼ ਕਿਤਾਬ **ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 2019**

ਇਨਾਮ

ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ। ਇਕਾਈ ਪੱਧਰ 'ਤੇ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ 200 ਰੁਪਏ ਦੀਆਂ ਕਿਤਾਬਾਂ ਦਾ ਸੈੱਟ + ਪੁਜੀਸ਼ਨ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਕਾਈਆਂ ਦੇ ਨਤੀਜਿਆਂ ਨੂੰ ਅਧਾਰ ਬਣਾ ਕੇ ਜੋਨ ਪੱਧਰ 'ਤੇ ਹਰ ਵਰਗ ਵਿੱਚੋਂ ਪਹਿਲੇ ਪੰਜ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਵਜੋਂ 300 ਰੁਪਏ ਮੁੱਲ ਦੀਆਂ ਕਿਤਾਬਾਂ ਦਾ ਸੈੱਟ ਦਿੱਤਾ ਜਾਵੇਗਾ। ਇਕਾਈਆਂ ਦੇ ਨਤੀਜਿਆਂ ਨੂੰ ਅਧਾਰ ਬਣਾ ਕੇ ਸਟੇਟ ਪੱਧਰ 'ਤੇ ਹਰ ਵਰਗ ਵਿੱਚੋਂ ਪਹਿਲੇ ਦਸ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਵਜੋਂ 1000 ਰੁਪਏ ਨਕਦ ਇਨਾਮ, ਇੱਕ ਸਾਲ ਲਈ ਮੈਗਜ਼ੀਨ + ਸਨਮਾਨ ਪੱਤਰ ਦਿੱਤਾ ਜਾਵੇਗਾ। ਮੈਗਜ਼ੀਨ ਵਿੱਚ ਉਹਨਾਂ ਦੀਆਂ ਫੋਟੋਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

ਸ਼ਰਤਾਂ

✲ ਇੱਕ ਸਕੂਲ ਦੇ ਕਿੰਨੇ ਵੀ ਪ੍ਰਤੀਯੋਗੀ ਪ੍ਰੀਖਿਆ ਵਿੱਚ ਭਾਗ ਲੈ ਸਕਦੇ ਹਨ। ✲ ਪ੍ਰਤੀ ਵਿਦਿਆਰਥੀ ਕੋਈ ਪ੍ਰੀਖਿਆ ਫੀਸ ਨਹੀਂ ਹੈ। ✲ ਵਿਦਿਆਰਥੀ ਨੂੰ ਸਿਲੇਬਸ ਪੁਸਤਕ ਖਰੀਦਣ ਲਈ 50 ਰੁਪਏ ਅਦਾ ਕਰਨੇ ਪੈਣਗੇ। ✲ ਐਂਟਰੀ ਫਾਰਮ ਸਕੂਲ ਮੁਖੀ ਤੋਂ ਤਸਦੀਕ ਹੋਣਾ ਚਾਹੀਦਾ ਹੈ ਜਾਂ ਵਿਦਿਆਰਥੀ ਆਪਣੇ ਪੜ੍ਹਦੇ ਹੋਣ ਦਾ ਕੋਈ ਵੀ ਸਬੂਤ ਦੇ ਕੇ ਪ੍ਰੀਖਿਆ ਵਿੱਚ ਭਾਗ ਲੈ ਸਕਦਾ ਹੈ।

ਜਿਲਦ ਨੰ. 18 ਰਜਿ. ਨੰ. PUNPUN/2000/05393 ਅੰਕ : 4

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਡੈਲੀਗੇਟ ਇਜਲਾਸ ਦੀਆਂ ਝਲਕਾਂ



ਪ੍ਰਧਾਨਗੀ ਮੰਡਲ ਅਤੇ ਸੰਬੋਧਨ ਕਰਦੇ ਹੋਏ ਡਾ. ਦੀਪਤੀ



ਇਜਲਾਸ ਵਿੱਚ ਹਾਜ਼ਰ ਡੈਲੀਗੇਟ ਤੇ ਦਰਸ਼ਕ

ਚਾਨਣ ਦਾ ਰਾਹੀ ਬਣਕੇ, ਤਰਕ ਰੌਸ਼ਨੀ ਬਿਖੇਰ ਗਿਆ, ਜਿਉਂਦਾ ਪੈੜਾਂ ਪਾਉਂਦਾ ਸਭਨਾਂ ਨੂੰ ਪ੍ਰੇਰ ਗਿਆ।

ਅੰਮ੍ਰਿਤਸਰ ਜੋਨ ਦੇ ਸੀਨੀਅਰ ਤਰਕਸ਼ੀਲ ਆਗੂ ਲੇਖਕ, ਚਿੰਤਕ ਮੁਖਵਿੰਦਰ ਚੋਹਲਾ ਦੇ ਸਦੀਵੀ ਵਿਛੋੜੇ 'ਤੇ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਨੂੰ ਸਿਜਦਾ



24 ਜੂਨ 2019 ਨੂੰ ਮੁਖਵਿੰਦਰ ਚੋਹਲਾ ਦੇ ਸਤਿਕਾਰ ਸਮਾਗਮ ਵਿੱਚ ਸੰਬੋਧਨ ਕਰਦੇ ਬੁਲਾਰੇ ਤੇ ਹਾਜ਼ਰੀਨ

If undelivered please return to :
Tarksheel
Tarksheel Bhawan, Tarksheel Chowk,
Sanghera By Pass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....